

ਬ੍ਰਹਮ ਦੇਸੇ ਬ੍ਰਹਮ ਸੁਣੇਸੇ ਏਕੁ ਏਕੁ ਵਖਾਣੇਸੇ ॥
ਆਤਮ ਪਸਾਰਾ ਕਰਣਹਾਰਾ ਪੂਰ ਬਿਨਾ ਨਹੀ ਜਾਣੇਸੇ ॥
20/-
ਆਤਮ ਮਾਰਗ
Monthly Atam Marg Magazine
October 2006
Spiritual Samagam in the Loving Memory of His Holiness
Sant Baba Waryam Singh ji Maharaj
28th October to 31st October
at Ratwara Sahib
(Near Chandigarh)

ਸਾਲ ਬਾਰ੍ਹਵਾਂ ਅੰਕ ਸੱਤਵਾਂ, ਮਹੀਨਾ ਅਕਤੂਬਰ 2006
ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ, ਰਤਵਾੜਾ ਸਾਹਿਬ
ਫਾਊਂਡਰ ਚੇਅਰਮੈਨ : ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ
ਚੇਅਰਪਰਸਨ : ਬੀਬੀ ਰਣਜੀਤ ਕੌਰ ਜੀ

FOREIGN (ਵਿਦੇਸ਼) CONTACT NO.

U.S.A. - Baba Satnam Singh ji Atwal
Phone and Fax : 408-263-1844
Canada - Bhai Sarmukh Singh Pannu
Phone - 604-433-0408
Bibi Sukhvinder Kaur Bains
Phone : 403-270-3387
England - Bibi Gurbax Kaur / Jagtar Singh Jagi
Phone : 0121-200-2818
Fax : 0121-200-2879, **Raj Mobile** : 07968734058
Holland - Bhai Amrik Singh ji
Phone : 624-695-753,
Fax : 765-426-805 /765-715-821
Australia - Bhai Jiwan Singh ji
Phone : 03-943-65865, Fax : 03-943-65867

SUBSCRIPTION FOREIGN (ਵਿਦੇਸ਼)

	Annual	Life
U.S.A.	50 US$	500 US$
U.K.	30 £	300 £
Aus.	80 $	800 $
Europ	50 Euro	500 Euro

Postal Address for 'ATAM MARG' Enquiry, Money Order & correspondence
Head Office 'Atam Marg' Gurdwara Ishar Parkash, Ratwara Sahib (Near Chandigarh) P.O. Mullanpur Garibdas, Teh. Kharar,
Distt. Ropar-140901 Pb. India.

Office 'Atam Marg' Ph. No. - 0160-2255002, 2255009
Gurdwara Ishar Parkash Ratwara Sahib - 0160-2255001
For more information please visit us on internet at:-
,Email : atammarg1@yahoo.co.in
Website: www.ratwarasahib.org
www.atammarguk.com

ਪ੍ਰਕਾਸ਼ਕ ਦੇ ਸਭ ਹੱਕ ਰਾਖਵੇਂ ਹਨ।

ਪ੍ਰਿੰਟਰ, ਪਬਲਿਸ਼ਰ ਤੇ ਐਡੀਟਰ ਬਾਬਾ ਹਰਪਾਲ ਸਿੰਘ ਨੇ 'ਆਤਮ ਮਾਰਗ' ਜੈ ਆਫਸੈਟ ਪ੍ਰਿੰਟਰਜ਼, 905 ਇੰਡਸਟਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਮੁੱਖ ਦਫਤਰ 'ਆਤਮ ਮਾਰਗ', ਰਤਵਾੜਾ ਸਾਹਿਬ, ਡਾਕਖਾਨਾ ਮੁਲਾਂਪੁਰ ਗਰੀਬਦਾਸ, ਤਹਿਸੀਲ ਖਰੜ, ਜ਼ਿਲਾ ਰੋਪੜ ਤੋਂ ਪ੍ਰਕਾਸ਼ਿਤ ਕੀਤਾ।

ਤੱਤਕਰਾ

1. ਬਾਰਹਮਾਹਾ 2
2. ਸੰਪਾਦਕੀ 5
3. ਜੀਵਨ ਮਨੋਰਥ 6
4. ਸੰਤ ਬਿਮਲਾ ਸਿੰਘ 18
5. ਅਲੌਕਿਕ ਜੀਵਨ ਕਥਾ 29
6. ਬਰਸੀ ਸਮਾਗਮ ਰਤਵਾੜਾ ਸਾਹਿਬ 33
7. ਸਤਿ ਅਨੁਭਵ ਮਹਾਂਪੁਰਸ਼ਾਂ ਦੇ 39
8. ਕਰਮ ਬੰਧਨ ਤੋਂ ਮੁਕਤੀ 48
9. ਸਤਿ ਬਚਨ ਸਾਧੂ ਕਹਹਿ 50
10. ਯੋਗਾ ਉਪਰ ਲੈਕਚਰ 57

SUBSCRIPTION ਚੰਦਾ - (ਦੇਸ਼)

ਸਾਲਾਨਾ	ਜੀਵਨ	ਕਾਲ ਫੀ ਕਾਪੀ
200/-	2000/-	20/-
220/-	2020/-	(For outstation cheques)

ਸੰਪਰਕ ਨੰ. ਰਤਵਾੜਾ ਸਾਹਿਬ

ਪਰਮ ਸਤਿਕਾਰ ਯੋਗ ਬੀਜੀ 9417214381
'ਆਤਮ ਮਾਰਗ' ਮੈਗਜ਼ੀਨ ਨਾ ਮਿਲਣ ਤੇ ਕਿਸੇ ਵੀ ਟਾਈਮ ਸੰਪਰਕ ਨੰਬਰ 9417214391,80,79
ਅਖੰਡਪਾਠ ਬੁਕਿੰਗ 9417214386
ਸਕੂਲ ਟਰਾਂਸਪੋਰਟ 9417214384
ਆਈ.ਟੀ. ਕਾਲਜ 9417214382
ਆਡੀਓ ਵੀਡੀਓ ਲਾਇਬ੍ਰੇਰੀ 9417214385

ਅੰਮ੍ਰਿਤ ਬਾਣੀ ਸਕਾਈ ਟੀ.ਵੀ. ਸੈਟੇਲਾਈਟ ਚੈਨਲ 926 ਤੇ ਸੰਤ ਮਹਾਰਾਜ ਸੰਤ ਬਾਬਾ ਵਰਿਆਮ ਸਿੰਘ ਜੀ ਰਤਵਾੜਾ ਸਾਹਿਬ ਵਾਲਿਆਂ ਦਾ ਕੀਰਤਨ ਨਿਮਨ ਅਨੁਸਾਰ ਹੈ -

ਐਤਵਾਰ ਸਵੇਰੇ 10.00 ਵਜੇ ਤੋਂ 11.00 ਵਜੇ ਤੱਕ
ਸੋਮਵਾਰ ਸ਼ਾਮ 7.00 ਵਜੇ ਤੋਂ ਸ਼ਾਮ 8.00 ਵਜੇ ਤੱਕ
ਯੂ.ਕੇ. ਸਮੇਂ ਅਨੁਸਾਰ ਸੁਣਿਆ ਜਾ ਸਕਦਾ ਹੈ।
ਬਾਬਾ ਜੀ ਦੇ ਕੀਰਤਨ ਨੂੰ ਪੂਰੇ ਵਿਸ਼ਵ ਵਿਚ www.amritbani.com ਤੋਂ ਸੁਣਿਆ ਜਾ ਸਕਦਾ ਹੈ। ਆਪਣਾ ਸਮਾਂ ਯੂ.ਕੇ. ਸਮੇਂ ਅਨੁਸਾਰ ਨਿਰਧਾਰਤ ਕਰੋ।
ਜਾਰੀ ਕਰਤਾ - ਆਤਮ ਮਾਰਗ ਸਪਿਰਚੂਅਲ ਸਾਇੰਟਿਫਿਕ ਐਜੂਕੇਸ਼ਨਲ ਚੈਰੀਟੇਬਲ ਟਰਸਟ, ਯੂ.ਕੇ.

ਮਹੀਨੇ ਦੀ ਕਥਾ
(ਕਤਿਕਿ)

ਸੰਤ ਬਾਬਾ ਹਰਪਾਲ ਸਿੰਘ ਰਤਵਾੜਾ ਸਾਹਿਬ

ਕਤਿਕਿ ਕਰਮ ਕਮਾਵਣੇ ਦੋਸੁ ਨ ਕਾਹੂ ਜੋਗੁ॥
ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ॥
ਵੇਮੁਖ ਹੋਏ ਰਾਮ ਤੇ ਲਗਨਿ ਜਨਮ ਵਿਜੋਗ॥
ਖਿਨ ਮਹਿ ਕਉੜੇ ਹੋਏ ਗਏ ਜਿਤੜੇ ਮਾਇਆ ਭੋਗ॥
ਵਿਚੁ ਨ ਕੋਈ ਕਰਿ ਸਕੈ ਕਿਸ ਥੈ ਰੋਵਹਿ ਰੋਜ॥
ਕੀਤਾ ਕਿਛੂ ਨ ਹੋਵਈ ਲਿਖਿਆ ਧੁਰਿ ਸੰਜੋਗ॥
ਵਡਭਾਗੀ ਮੇਰਾ ਪ੍ਰਭੁ ਮਿਲੈ ਤਾਂ ਉਤਰਹਿ ਸਭਿ ਬਿਓਗ॥
ਨਾਨਕ ਕਉ ਪ੍ਰਭ ਰਾਖਿ ਲੇਹਿ ਮੇਰੇ ਸਾਹਿਬ ਬੰਦੀ ਮੋਚ॥
ਕਤਿਕ ਹੋਵੈ ਸਾਧਸੰਗੁ ਬਿਨਸਹਿ ਸਭੇ ਸੋਚ॥ *ਅੰਗ - 135*

ਹਰ ਮਹੀਨੇ ਸੰਗਰਾਂਦ ਦੇ ਪਵਿੱਤਰ ਦਿਹਾੜੇ ਉਪਰ ਸੰਗਤਾਂ ਮਹੀਨੇ ਪ੍ਰਥਾਇ ਆਏ ਗੁਰੂ ਮਹਾਰਾਜ ਜੀ ਦੇ ਇਲਾਹੀ ਫੁਰਮਾਨ ਨੂੰ ਆਪਣੇ ਜੀਵਨ ਵਿਚ ਪ੍ਰੈਕਟੀਕਲ ਰੂਪ ਵਿਚ ਕਮਾਉਣ ਦਾ ਯਤਨ ਕਰਦੀਆਂ ਹਨ। ਹਰ ਇਕ ਪ੍ਰਾਣੀ ਦੇ ਅੰਦਰ ਆਪਣਾ ਜੀਵਨ ਸੁਖਸ਼ਾਂਤੀ ਅਤੇ ਖੁਸ਼ੀਆਂ ਨਾਲ ਜਿਊਣ ਦੀ ਲਾਲਸਾ ਲਗੀ ਰਹਿੰਦੀ ਹੈ। ਜੀਵਨ ਜਾਚ ਦੀ ਸੋਝੀ ਗੁਰੂ ਮਹਾਰਾਜ ਜੀ ਦੀ ਗੁਰਬਾਣੀ ਤੋਂ ਹਰ ਇਕ ਮਜਹਬ ਦੇ ਪ੍ਰੇਮੀ ਨੂੰ ਪ੍ਰਾਪਤ ਹੋ ਸਕਦੀ ਹੈ। ਇਸ ਕੱਤਕ ਦੇ ਮਹੀਨੇ ਵਿਚ ਗੁਰੂ ਮਹਾਰਾਜ ਜੀ ਨੇ ਕਰਮ ਫਿਲਾਸਫੀ ਨੂੰ ਬਹੁਤ ਹੀ ਸਪਸ਼ਟ ਕਰਦੇ ਹੋਏ ਹਰ ਪ੍ਰਾਣੀ ਨੂੰ ਕਰਮ ਦਾ ਫਲ ਪ੍ਰਾਪਤ ਹੁੰਦਾ ਹੈ। ਹੋਰ ਵੀ ਰੋਜ ਦੇ ਨਿੱਤ ਕਰਮ ਦੇ ਨਾਲ-ਨਾਲ ਕਾਇਕ ਕਰਮ ਵੀ ਜਰੂਰੀ ਹਨ। ਆਪਣੇ ਪੂਰਵਜਾਂ ਦੇ ਭਲੇ ਲਈ ਨਮਿਤ ਕਰਮ ਵੀ ਕੀਤੇ ਜਾਂਦੇ ਹਨ। ਪ੍ਰਮੁਖ ਤੌਰ ਤੇ ਤਿੰਨ ਕਰਮ ਸੰਚਿਤ, ਪਰਾਲਬਧ ਅਤੇ ਕਿਰਿਆਮਾਨ ਕਰਮ ਹੁੰਦੇ ਹਨ। ਜੀਵ ਦੇ ਅੰਤਸ਼ਕਰਣ ਅੰਦਰ ਬੀਜ ਰੂਪ ਵਿਚ ਤਿੰਨ ਪ੍ਰਕਾਰ ਦੇ ਕਰਮ ਟਿਕੇ ਰਹਿੰਦੇ ਹਨ। ਅੰਤਸ਼ਕਰਣ ਦੇ ਚਾਰ ਭੇਦ ਮਨ, ਬੁੱਧ, ਚਿਤ ਅਤੇ ਅਹੰਭਾਵ ਹਨ। ਅਹੰਭਾਵ ਦੇ ਅਧੀਨ ਅਗਿਆਨ ਅਵਸਥਾ ਵਿਚ ਕੀਤੇ ਕਰਮ ਦਾ ਫਲ ਜਰੂਰ ਹੀ ਭੋਗਣਾ ਪੈਂਦਾ ਹੈ -

ਲੇਖ ਨ ਮਿਟਈ ਹੇ ਸਖੀ ਜੋ ਲਿਖਿਆ ਕਰਤਾਰਿ॥
ਅੰਗ - 927

ਭੋਗੇ ਬਿਨ ਭਾਗੇ ਨਹੀਂ ਕਰਮ ਗਤੀ ਬਲਵਾਨ॥
(ਅਨੁਭਵੀ ਮਹਾਂਪੁਰਸ਼ਾਂ ਦੇ ਬਚਨ)
ਕਤਿਕਿ ਕਰਮ ਕਮਾਵਣੇ ਦੋਸੁ ਨ ਕਾਹੂ ਜੋਗੁ॥
ਅੰਗ - 135

ਇਸ ਲਈ ਇਸ ਮਹੀਨੇ ਦੇ ਓਪਰੋਕਤ ਫੁਰਮਾਨ ਅੰਦਰ ਜਿਹੋ ਜਿਹੇ ਕਰਮ ਕੀਤੇ ਜਾਣਗੇ ਉਸ ਨਾਲ ਕਰਮ ਦਾ ਪ੍ਰਤਿਕਰਮ ਜਰੂਰ ਹੀ ਹੋਵੇਗਾ। ਆਪਣੇ ਕੀਤੇ ਹੋਏ ਕਰਮ ਦਾ ਦੋਸ਼ ਕਿਸੇ ਨੂੰ ਵੀ ਨਹੀਂ ਦਿਤਾ ਜਾ ਸਕਦਾ-

ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ॥
ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ॥
ਅੰਗ - 433

ਜਿਵੇਂ ਕਿ ਇੰਦਰ ਨੇ ਗੌਤਮ ਤਪਾ ਦੀ ਇਸਤਰੀ ਉਪਰ ਲੁਭਾਇਮਾਨ ਹੋ ਕੇ ਕਾਮ ਦੇ ਅਧੀਨ ਕੁਕਰਮ ਕੀਤਾ-

ਗੌਤਮੁ ਤਪਾ ਅਹਿਲਿਆ ਇਸਤ੍ਰੀ ਤਿਸੁ ਦੇਖਿ ਇੰਦ੍ ਲੁਭਾਇਆ॥
ਸਹਸ ਸਰੀਰ ਚਿਹਨ ਭਗ ਹੂਏ ਤਾ ਮਨਿ ਪਛੋਤਾਇਆ॥
ਅੰਗ - 1344

ਇਸ ਕੀਤੇ ਕੁਕਰਮ ਦਾ ਫਲ ਭੁਗਤਦਾ ਹੋਇਆ ਇੰਦਰ ਰੋਂਦਾ ਫਿਰਦਾ ਸੀ -

ਸਹੰਸਰ ਦਾਨ ਦੇ ਇੰਦ੍ਰ ਰੋਆਇਆ॥
ਪਰਸ ਰਾਮੁ ਰੋਵੈ ਘਰਿ ਆਇਆ॥
ਅਜੈ ਸੁ ਰੋਵੈ ਭੀਖਿਆ ਖਾਇ॥
ਐਸੀ ਦਰਗਹ ਮਿਲੈ ਸਜਾਇ॥ *ਅੰਗ - 953*

ਦਰਗਾਹ ਦੇ ਵਿਚ ਵੀ ਸਜਾ ਭੁਗਤਣੀ ਪੈਂਦੀ ਹੈ -

ਆਪੀਨੈ ਭੋਗ ਭਗਿ ਕੈ ਹੋਇ ਭਸਮੜਿ ਭਉਰੁ ਸਿਧਾਇਆ॥
ਵਡਾ ਹੋਆ ਦੁਨੀਦਾਰੁ ਗਲਿ ਸੰਗਲੁ ਘਤਿ ਚਲਾਇਆ॥
ਅਗੈ ਕਰਣੀ ਕੀਰਤਿ ਵਾਚੀਐ ਬਹਿ ਲੇਖਾ ਕਰਿ ਸਮਝਾਇਆ॥ ਥਾਉ ਨ ਹੋਵੀ ਪਉਦੀਈ ਹੁਣਿ ਸੁਣੀਐ

ਕਿਆ ਰੂਆਇਆ॥ ਮਨਿ ਅੰਧੈ ਜਨਮੁ ਗਵਾਇਆ॥

ਕਾਮ ਅਤੇ ਕਰੋਧ ਦਾ ਮੂਲ ਲੋਭ ਹੈ ਕਿਉਂਕਿ ਲੋਭ ਅਧੀਨ ਪਰਾਏ ਤਨ ਅਤੇ ਧਨ ਨੂੰ ਪ੍ਰਾਪਤ ਕਰਨ ਵਾਸਤੇ ਕਾਮਨਾ ਜਾਗਦੀ ਹੈ। ਕਾਮਨਾ ਦੀ ਪੂਰਤੀ ਨਾ ਹੋਣ ਉਪਰੰਤ ਕ੍ਰੋਧ ਆਉਂਦਾ ਹੈ। ਰੂਪ ਅਤੇ ਕਾਮ ਦਾ ਆਪਸੀ ਬਹੁਤ ਹੀ ਗੂੜ੍ਹਾ ਸਬੰਧ ਹੈ ਕਿਉਂਕਿ ਜਦੋਂ ਪਰਾਏ ਰੂਪ ਨੂੰ ਇੰਦਰ ਵਾਗੂੰ ਕੋਈ ਵੀ ਵੇਖਦਾ ਹੈ, ਸਰੀਰ ਉਪਰ ਕਾਮ ਹਾਵੀ ਹੋ ਜਾਂਦਾ ਹੈ –

ਰੂਪੈ ਕਾਮੈ ਦੋਸਤੀ ਭੁਖੈ ਸਾਦੈ ਗੰਢੁ॥
ਲਬੈ ਮਾਲੈ ਘੁਲਿ ਮਿਲਿ ਮਿਚਲਿ ਊਘੈ ਸਉੜਿ ਪਲੰਘੁ॥

ਅੰਗ – 1288

ਇਸ ਲਈ ਸਾਨੂੰ ਪਰਾਏ ਰੂਪ ਦੀ ਜਗ੍ਹਾ ਸਾਧੂ ਸ੍ਵਰੂਪ ਦਾ ਧਿਆਨ ਆਉਣਾ ਚਾਹੀਦਾ ਹੈ, ਇਸ ਦੇ ਆਉਣ ਨਾਲ ਨਾਮ ਚਿਤ ਆਉਂਦਾ ਹੈ–

ਆਵੈ ਸਾਹਿਬੁ ਚਿਤਿ ਤੇਰਿਆ ਭਗਤਾ ਡਿਠਿਆ॥
ਮਨ ਕੀ ਕਟੀਐ ਮੈਲੁ ਸਾਧਸੰਗਿ ਵੁਠਿਆ॥

ਅੰਗ – 520

ਜਿਨ੍ਹਾਂ ਗੁਰਮੁਖਾਂ ਦੇ ਦਰਸ਼ਨ ਦਿਦਾਰਿਆਂ ਦੀ ਅਰਦਾਸ ਰੋਜ ਕੀਤੀ ਜਾਂਦੀ ਹੈ ਅਰਦਾਸ ਸੁਣਨ ਤੋਂ ਬਾਅਦ ਹੀ ਐਸੇ ਮਿੱਤਰ ਮਿਲਦੇ ਹਨ। ਜਿਨ੍ਹਾਂ ਦੇ ਦਰਸ਼ਨ ਕਰਕੇ ਖੋਟੀ ਮਤ ਦੂਰ ਹੋ ਜਾਂਦੀ ਹੈ –

ਜਿਨਾ ਦਿਸੰਦੜਿਆ ਦੁਰਮਤਿ ਵੰਞੈ ਮਿਤ੍ਰ ਅਸਾਡੜੇ ਸੇਈ॥
ਹਉ ਢੂਢੇਦੀ ਜਗੁ ਸਥਾਇਆ ਜਨ ਨਾਨਕ ਵਿਰਲੇ ਕੇਈ॥

ਅੰਗ – 520

ਨਿਮਖ ਮਾਤਰ ਸੁਆਦ ਵਾਸਤੇ ਕਾਮ ਅਧੀਨ ਕੀਤੇ ਕਰਮ ਦਾ ਫਲ ਬਹੁਤ ਹੀ ਦੁਖਦਾਇਕ ਹੈ –

ਨਿਮਖ ਕਾਮ ਸੁਆਦ ਕਾਰਣਿ ਕੋਟਿ ਦਿਨਸ ਦੁਖੁ ਪਾਵਹਿ॥
ਘਰੀ ਮੁਹਤ ਰੰਗ ਮਾਣਹਿ ਫਿਰਿ ਬਹੁਰਿ ਬਹੁਰਿ ਪਛੁਤਾਵਹਿ॥

ਅੰਗ – 403

ਜਿਹੜੇ ਪੁਰਸ਼ ਆਪਣੀ ਅਰਧਅੰਗੀ ਇਸਤਰੀ ਨੂੰ ਛੱਡ ਕੇ ਪਰਾਈ ਨਾਰ ਨਾਲ ਸਬੰਧ ਕਾਇਮ ਕਰਦੇ ਹਨ ਉਨ੍ਹਾਂ ਪ੍ਰਥਾਇ ਇਸ ਕੁਕਰਮ ਦੀ ਸਜਾ ਜਿਵੇਂ ਸਿੰਬਲ ਫਲ ਫੁਲ ਦੇ ਵਿਚ ਤੋਤੇ ਦੇ ਚੁੰਜ ਮਾਰ ਕੇ ਫਸਣ ਵਾਲੀ ਗਲ ਹੁੰਦੀ ਹੈ ਕਿਉਂਕਿ ਸਿੰਬਲ ਫਲ ਵਾਲੀ ਰੂੰ ਤੋਤੇ ਦੇ ਗਲ ਵਿਚ ਫਸ ਜਾਂਦੀ ਹੈ ਅਤੇ ਤੋਤਾ ਤੜਫ ਤੜਫ ਕੇ ਮਰਦਾ ਹੈ –

ਘਰ ਕੀ ਨਾਰਿ ਤਿਆਗੈ ਅੰਧਾ॥
ਪਰ ਨਾਰੀ ਸਿਉ ਘਾਲੈ ਧੰਧਾ॥
ਜੈਸੇ ਸਿੰਬਲੁ ਦੇਖਿ ਸੁਆ ਬਿਗਸਾਨਾ॥
ਅੰਤ ਕੀ ਬਾਰ ਮੂਆ ਲਪਟਾਨਾ॥ *ਅੰਗ – 1165*

ਗੁਰੂ ਬਾਣੀ ਕੁਕਰਮਾਂ ਤੋਂ ਬਚਾਉਣ ਵਾਸਤੇ ਸ਼ੁਭ ਉਪਦੇਸ਼ ਬਖਸ਼ਿਸ਼ ਕਰਦੀ ਹੈ –

ਲੈ ਫਾਹੇ ਰਾਤੀ ਤੁਰਹਿ ਪ੍ਰਭੁ ਜਾਣੈ ਪ੍ਰਾਣੀ॥
ਤਕਹਿ ਨਾਰਿ ਪਰਾਈਆ ਲੁਕਿ ਅਦਰਿ ਠਾਣੀ॥
ਸੰਨ੍ਹੀ ਦੇਨ੍ਹਿ ਵਿਖੰਮ ਥਾਇ ਮਿਠਾ ਮਦੁ ਮਾਣੀ॥
ਕਰਮੀ ਆਪੋ ਆਪਣੀ ਆਪੇ ਪਛੁਤਾਣੀ॥
ਅਜਰਾਈਲੁ ਫਰੇਸਤਾ ਤਿਲ ਪੀੜੇ ਘਾਣੀ॥

ਅੰਗ – 315

ਸਾਨੂੰ ਸਦਾ ਹੀ ਵਿਵੇਕ ਬੁੱਧ ਵਿਚਾਰ ਤੋਂ ਕੰਮ ਲੈਣਾ ਚਾਹੀਦਾ ਹੈ। ਆਪਣੇ ਤੋਂ ਵਡੀ ਉਮਰ ਵਾਲੀਆਂ ਨੂੰ ਮਾਵਾਂ ਸਮਾਨ, ਬਰਾਬਰ ਦੀਆਂ ਨੂੰ ਭੈਣਾ ਸਮਾਨ ਅਤੇ ਛੋਟੀਆਂ ਨੂੰ ਪੁਤਰੀਆਂ ਸਮਾਨ ਜਾਨਣਾ ਚਾਹੀਦਾ ਹੈ –

ਦੇਖ ਪਰਾਈਆਂ ਚੰਗੀਆਂ ਮਾਵਾਂ ਭੈਣਾ ਧੀਆਂ ਜਾਣੈ॥

ਵਾਰ ਭਾਈ ਗੁਰਦਾਸ ਜੀ

ਜੋ ਪਰਾਣੀ ਪਰਾਏ ਧਨ ਅਤੇ ਪਰਾਏ ਤਨ ਤੋਂ ਦੂਰ ਰਹਿੰਦਾ ਹੋਇਆ ਕੁਕਰਮ ਤੋਂ ਬਚਦਾ ਹੈ ਉਸ ਦੇ ਨੇੜੇ ਪ੍ਰਮੇਸ਼ਰ ਦਾ ਵਾਸਾ ਹੁੰਦਾ ਹੈ –

ਪਰ ਧਨ ਪਰ ਦਾਰਾ ਪਰਹਰੀ॥
ਤਾ ਕੈ ਨਿਕਟਿ ਬਸੈ ਨਰਹਰੀ॥

ਅੰਗ – 1163

ਓਪਰੋਕਤ ਸ਼ੁਭ ਉਪਦੇਸ਼ ਨੂੰ ਪੜ ਸੁਣ ਕੇ ਜੇ ਆਪਣੇ ਜੀਵਨ ਦੇ ਵਿਚ ਅਪਣਾ ਕੇ ਅਮਲੀ ਜਾਮਾ ਨਾ ਪਹਿਨਾਇਆ ਤਾਂ ਇਹ ਹਾਲਤ ਹੋ ਜਾਵੇਗੀ –

ਕਾਮੁ ਕ੍ਰੋਧੁ ਕਾਇਆ ਕਉ ਗਾਲੈ॥
ਜਿਉ ਕੰਚਨ ਸੋਹਾਗਾ ਢਾਲੈ॥

ਅੰਗ – 932

ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ॥

ਅੰਗ – 135

ਪਰਮੇਸ਼ਰ ਨੂੰ ਭੁਲ ਕੇ ਸਾਰੇ ਹੀ ਰੋਗ ਜੋਰ ਪਾ ਲੈਂਦੇ ਹਨ।

ਵੇਮੁਖ ਹੋਏ ਰਾਮ ਤੇ ਲਗਨਿ ਜਨਮ ਵਿਜੋਗ॥

ਅੰਗ – 135

ਰਾਮ ਨਾਮ ਨੂੰ ਭੁੱਲ ਕੇ ਜਨਮਾਂ ਜਨਮਾਂ ਦੇ ਲੰਮੇ ਵਿਛੋੜੇ ਪੈਂਦੇ ਹਨ।

ਖਿਨ ਮਹਿ ਕਉੜੇ ਹੋਏ ਗਏ ਜਿਤੜੇ ਮਾਇਆ ਭੋਗ॥

ਅੰਗ - 135

ਜਿਨੇ ਵੀ ਮਾਇਆਵੀ ਭੋਗ ਸੁਖਦਾਈ ਲਗਦੇ ਹਨ ਉਹ ਸਾਰੇ ਹੀ ਇਕ ਪਲ ਦੇ ਵਿਚ ਦੁਖਦਾਈ ਹੋ ਜਾਂਦੇ ਹਨ।

ਵਿਚੁ ਨ ਕੋਈ ਕਰਿ ਸਕੈ ਕਿਸ ਥੈ ਰੋਵਹਿ ਰੋਜ॥

ਅੰਗ - 135

ਉਸ ਦੁਖੀ ਹਾਲਤ ਵਿਚ ਕੋਈ ਵੀ ਐਸਾ ਵਿਚ ਵਿਚੋਲਾ ਨਹੀਂ ਬਣਦਾ ਜਿਹਦੇ ਕੋਲ ਦੁਖ ਨੂੰ ਦੂਰ ਕਰਨ ਲਈ ਰੋਜ ਰੋਇਆ ਜਾਵੇ।

ਕੀਤਾ ਕਿਛੂ ਨ ਹੋਵਈ ਲਿਖਿਆ ਧੁਰਿ ਸੰਜੋਗ॥

ਅੰਗ - 135

ਦੁਖੀ ਜੀਵ ਦੀ ਕੋਈ ਵੀ ਪੇਸ਼ ਨਹੀਂ ਚਲਦੀ ਕਿਉਂਕਿ ਪਿਛਲੇ ਕਰਮਾਂ ਦਾ ਹੀ ਧੁਰ ਸੰਜੋਗ ਲਿਖਿਆ ਹੋਣ ਕਾਰਨ ਬਿਧਨਾ ਬਣਦੀ ਹੈ।

ਵਡਭਾਗੀ ਮੇਰਾ ਪ੍ਰਭੁ ਮਿਲੈ ਤਾਂ ਉਤਰਹਿ ਸਭਿ ਬਿਓਗ॥

ਅੰਗ - 135

ਜੇ ਵੱਡਿਆਂ ਭਾਗਾਂ ਨਾਲ ਪਰਮੇਸ਼ਰ ਮਿਲ ਜਾਵੇ ਤਾਂ ਸਾਰੇ ਹੀ ਵਿਛੋੜੇ ਦੇ ਦੁਖ ਉਤਰ ਭਾਵ ਦੂਰ ਹੋ ਜਾਂਦੇ ਹਨ।

ਨਾਨਕ ਕਉ ਪ੍ਰਭ ਰਾਖਿ ਲੇਹਿ ਮੇਰੇ ਸਾਹਿਬ ਬੰਦੀ ਮੋਚ॥

ਅੰਗ - 135

ਇਸ ਲਈ ਬੇਨਤੀ ਹੈ ਕਿ ਹੇ ਬੰਦੀ ਛੋਡ ਬੰਦ ਖਲਾਸੀ ਕਰਾਉਣ ਵਾਲੇ ਸਾਨੂੰ ਮੋਹ ਮਾਇਆ ਤੋਂ ਬਚਾਅ ਕੇ ਰੱਖ ਲੋ।

ਕਤਿਕ ਹੋਵੈ ਸਾਧਸੰਗੁ ਬਿਨਸਹਿ ਸਭੇ ਸੋਚ॥

ਅੰਗ - 135

ਕਤਿਕ ਮਹੀਨੇ ਦੇ ਵਿਚ ਜੇਕਰ ਸਾਧ ਸੰਗ ਹੋ ਜਾਵੇ ਤਾਂ ਸਾਰੇ ਹੀ ਚਿੰਤਾ ਝੋਰੇ ਫਿਕਰ ਮੁਕ ਜਾਂਦੇ ਹਨ। ਗੁਰਬਾਣੀ ਵਾਰ-ਵਾਰ ਸਤਿਸੰਗ ਵੱਲ ਪ੍ਰੇਰਨਾ ਕਰਦੀ ਹੈ। ਜੋ ਕਿ ਸਾਰੇ ਹੀ ਕਰਮਾਂ ਤੋਂ ਸ੍ਰੇਸ਼ਟ ਕਰਮ ਸਾਧਸੰਗਤ ਹੈ -

ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ॥
ਕਹੁ ਨਾਨਕ ਤਿਸੁ ਭਇਓ ਪਰਾਪਤਿ ਜਿਸੁ ਪੁਰਬ ਲਿਖੇ ਕਾ ਲਹਨਾ॥

ਅੰਗ - 642

ਵੱਡਿਆਂ ਭਾਗਾਂ ਦੇ ਨਾਲ ਹੀ ਜਦੋਂ ਸੰਚਿਤ ਕਰਮ ਫਲ ਦੇਣ ਲਗਦੇ ਹਨ ਤਾਂ ਸਾਧੂ ਮਿਲਦੇ ਹਨ -

ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ ਪੁਰਖੁ ਰਸਿਕ ਬੈਰਾਗੀ॥
ਮਿਟਿਓ ਅੰਧੇਰੁ ਮਿਲਤ ਹਰਿ ਨਾਨਕ ਜਨਮ ਜਨਮ ਕੀ ਸੋਈ ਜਾਗੀ॥

ਅੰਗ - 204

ਸਾਧੂਆਂ ਨੂੰ ਮਿਲ ਕੇ ਜੋ ਸੁਰਤ ਮਾਇਆ ਦੇ ਅਧੀਨ ਸੁਤੀ ਪਈ ਹੈ ਉਹ ਜਾਗ ਜਾਂਦੀ ਹੈ। ਸੁਰਤ ਜਾਗ ਕੇ ਅਗਿਆਨ ਦਾ ਹਨੇਰਾ ਦੂਰ ਹੋ ਕੇ ਗਿਆਨ ਦਾ ਪ੍ਰਕਾਸ਼ ਹੁੰਦਾ ਹੈ। ਗਿਆਨ ਹੋਣ ਦੇ ਨਾਲ ਹੀ ਕਰਮਾ ਦਾ ਨਾਸ਼ ਹੋ ਜਾਂਦਾ ਹੈ -

ਫਲ ਕਾਰਨ ਫੂਲੀ ਬਨਰਾਇ॥
ਫਲੁ ਲਾਗਾ ਤਬ ਫੂਲੁ ਬਿਲਾਇ॥
ਗਿਆਨੈ ਕਾਰਨ ਕਰਮ ਅਭਿਆਸੁ॥
ਗਿਆਨੁ ਭਇਆ ਤਹ ਕਰਮਹ ਨਾਸੁ॥

ਅੰਗ - 1167

ਹਉਮੈ ਵਿਚ ਕੀਤੇ ਹੋਏ ਕਰਮਾਂ ਦਾ ਫਲ ਅਵਸ਼ ਹੀ ਭੋਗਣਾ ਪੈਂਦਾ ਹੈ -

ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ॥
ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ॥

ਅੰਗ - 466

ਮਹਾਂਪੁਰਸ਼ ਕਰਮ ਯੋਗੀ ਵਾਗੂੰ ਸ਼ੁਭ ਕਰਮ ਕਰਦੇ ਹੋਏ ਵੀ ਕਿਸੇ ਵੀ ਫਲ ਦੀ ਇਛਾ ਨਹੀਂ ਰਖਦੇ ਹਨ ਅਤੇ ਕਰਮ ਕਰਦੇ ਹੋਏ ਵੀ ਨਿਹਕਰਮ ਹਨ -

ਕਰਮ ਕਰਤ ਹੋਵੈ ਨਿਹਕਰਮ॥
ਤਿਸੁ ਬੈਸਨੋ ਕਾ ਨਿਰਮਲ ਧਰਮ॥
ਕਾਹੂ ਫਲ ਕੀ ਇਛਾ ਨਹੀ ਬਾਛੈ॥
ਕੇਵਲ ਭਗਤਿ ਕੀਰਤਨ ਸੰਗਿ ਰਾਚੈ॥

ਅੰਗ - 274

ਗੁਰਸਿਖ ਨਿਤ ਅਰਦਾਸ ਵਿਚ ਵੀ ਆਪਣੇ ਗੁਰੂ ਅਗੇ ਜੋਦੜੀ ਕਰਦਾ ਹੈ ਕਿ ਜੋ ਵੀ ਪੜੀ ਸੁਣੀ ਬਾਣੀ ਕੀਤੀ ਹੋਈ ਸੇਵਾ ਸੇਧ ਕੇ ਦਰ ਪ੍ਰਵਾਨ ਕਰ ਲਈ ਜਾਵੇ ਅਤੇ ਨਿਸ਼ਕਾਮ ਕਰਮ ਦੇ ਨਾਲ ਪ੍ਰਭੂ ਮਾਲਕ ਦੀ ਪ੍ਰਾਪਤੀ ਜਾਵੇ।

ਸੇਵਾ ਕਰਤ ਹੋਇ ਨਿਹਕਾਮੀ॥
ਤਿਸ ਕਉ ਹੋਤ ਪਰਾਪਤਿ ਸੁਆਮੀ॥

ਅੰਗ - 286

ਸਾਕਾਮੀ ਸੇਵਕ ਕਾਮਨਾ ਰੱਖ ਕੇ ਕਰਮ ਕਰਦੇ ਹਨ ਅਤੇ ਕੀਤੀ ਹੋਈ ਸੇਵਾ ਦਾ ਫਲ ਚਹੁੰਦੇ ਹਨ। ਗੁਰੂ ਮਹਾਰਾਜ ਸੇਵਾ ਦਾ ਫਲ ਜਰੂਰ ਬਖਸ਼ਿਸ਼ ਕਰਦੇ ਹਨ। ਇਸ ਲਈ ਸਾਨੂੰ ਨਿਹਕਾਮੀ ਸੇਵਕ ਹੋ ਕੇ ਨਿਸ਼ਕਾਮ ਕਰਮ ਕਰਦੇ ਹੋਏ ਪ੍ਰਭੂ ਪ੍ਰਾਪਤੀ ਕਰਨੀ ਚਾਹੀਦੀ ਹੈ।

ਸੰਪਾਦਕੀ

ਸੰਤ ਬਾਬਾ ਹਰਪਾਲ ਸਿੰਘ ਰਤਵਾੜਾ ਸਾਹਿਬ

ਆਤਮ ਮਾਰਗ ਰੂਹਾਨੀ ਮਾਸਿਕ ਪਤ੍ਰਿਕਾ ਦੇ ਪਾਠਕਾਂ ਅਤੇ ਆਤਮ ਮਾਰਗ ਦੇ ਪਾਂਧੀਆਂ ਵਾਸਤੇ 31 ਅਕਤੂਬਰ ਅਸਹਿ ਵਿਛੋੜੇ ਦਾ ਦਿਨ ਹੈ। ਇਸ ਦਿਨ 2001 ਵਿਚ ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਦੇ ਬਾਨੀ ਮਹਾਂਪੁਰਸ਼ ਸੰਤ ਮਹਾਰਾਜ ਸੰਤ ਬਾਬਾ ਵਰਿਆਮ ਸਿੰਘ ਜੀ ਨੇ ਆਪਣੇ ਪੰਜ ਭੂਤਕ ਸਰੀਰਕ ਚੋਲੇ ਦਾ ਪਰਿਤਿਆਗ ਕੀਤਾ ਸੀ। ਹੁਣ ਪੰਜ ਸਾਲ ਪੂਰੇ ਹੋਣ ਤੋਂ ਬਾਅਦ ਵੀ ਆਤਮ ਮਾਰਗ ਦੇ ਪਾਂਧੀ ਜਿਨ੍ਹਾਂ ਨੂੰ ਮਹਾਂਪੁਰਸ਼ਾਂ ਪਾਸੋਂ ਜੀਵਨ ਦਾਨ ਪ੍ਰਾਪਤ ਹੋਇਆ ਹੈ ਆਪਣੇ ਆਪ ਨੂੰ ਸੰਭਾਲਣ ਦੇ ਸਮਰਥ ਨਹੀਂ ਹੋਏ ਹਨ। ਮਹਾਂਪੁਰਸ਼ਾਂ ਦੇ ਸੱਚਖੰਡ ਜਾਣ ਤੋਂ ਬਾਅਦ ਭਾਵੇਂ ਮੌਜੂਦਾ ਸਮੇਂ ਦੇ ਵਿਚ ਪਰਮ ਪੂਜਯ ਸਤਿਕਾਰਯੋਗ ਬੀਜੀ (ਮਹਾਂਪੁਰਸ਼ਾਂ ਦੇ ਜੀਵਨ ਸਾਥੀ) ਅਸੀਸਾਂ ਬਖਸ਼ਿਸ਼ ਕਰਦੇ ਹਨ। ਪਰਮ ਪੂਜਯ ਸਤਿਕਾਰਯੋਗ ਬੀਜੀ ਦਾ ਜੀਵਨ ਸ਼ੁਰੂ ਤੋਂ ਹੀ ਰਾਗ ਦਵੈਸ਼ ਤੋਂ ਨਿਰਲੇਪ ਸੀ। ਆਪਣੇ ਪਿਆਰੇ ਦੇ ਸਰੀਰਕ ਵਿਛੋੜੇ ਤੋਂ ਬਾਅਦ ਵੈਰਾਗ ਵਿਚ ਵਿਚਰਦਿਆਂ ਹੋਇਆਂ ਹੁਣ ਬੀਤਰਾਗ ਅਵਸਥਾ ਦੇ ਮਾਲਕ ਹੋ ਗਏ ਹਨ। ਸੰਤ ਮਹਾਰਾਜ ਜੀ ਵੱਲੋਂ ਆਪਣੇ ਸਰੀਰਕ ਜੀਵਨ ਕਾਲ ਦੇ ਵਿਚ 11 ਸਮਾਗਮ ਅੰਤਰਰਾਸਟਰੀ ਪ੍ਰਸਿੱਧਤਾ ਵਾਲੇ ਰਤਵਾੜਾ ਸਾਹਿਬ ਵਿਖੇ ਬਹੁਤ ਹੀ ਧੂੰਮ-ਧਾਮ ਨਾਲ ਕਰਵਾਏ ਗਏ ਸਨ। ਆਪ ਜੀ ਦੀ ਵਿਲੱਖਣਤਾ ਇਹ ਸੀ ਕਿ ਰਤਵਾੜਾ ਸਾਹਿਬ ਸਮਾਗਮ ਦੀ ਸਟੇਜ ਉਪਰ ਸਾਰੇ ਹੀ ਸੰਪ੍ਰਦਾਵਾਂ ਦੇ ਅਦਵੈਤ ਚਲਣ ਵਾਲੇ ਮਹਾਂਪੁਰਸ਼ਾਂ ਨੂੰ ਇਕੱਠੇ ਕਰ ਦਿੰਦੇ ਸਨ। ਸਬੁੱਧੀ ਜੀਵੀ ਯੂਨੀਵਰਸਿਟੀਆਂ ਦੇ ਡਾਕਟਰ, ਪ੍ਰੋਫੈਸਰ ਅਤੇ ਫਿਲੌਸਫਰਾਂ ਨੂੰ ਸੇਧ ਪ੍ਰਦਾਨ ਕਰਕੇ ਗੁਰਬਾਣੀ ਦੇ ਵੱਖੋ ਵੱਖਰੇ ਵਿਸ਼ਿਆਂ ਉਪਰ ਬੋਲਣ ਲਈ ਸਮਾਗਮ ਸਮੇਂ ਨਿਮੰਤਰਣ ਦਿੰਦੇ ਸਨ।

28 ਅਕਤੂਬਰ ਤੋਂ 31 ਅਕਤੂਬਰ ਤੱਕ ਹੋਣ ਵਾਲਾ ਬਰਸੀ ਸਮਾਗਮ ਪਿਆਰ ਵੈਰਾਗ ਦੇ ਉਤੇ ਹੀ ਅਧਾਰਿਤ ਹੋਵੇਗਾ। ਇਸ ਸਮਾਗਮ ਵਿਚ ਜੋ ਵੀ ਬੁਲਾਰੇ ਕੀਰਤਨ ਕਥਾਕਾਰ ਪਿਆਰ ਵੈਰਾਗ ਨਾਲ ਹੀ ਸ਼ਾਮਲ ਹੋਣਗੇ। ਇਹ ਸਮਾਗਮ ਮਹਾਂਪੁਰਸ਼ਾਂ ਦੀ ਪੰਜਵੀਂ ਬਰਸੀ ਦਾ ਸਮਾਗਮ ਹੈ। ਇਸ ਸਮਾਗਮ ਉਪਰ ਸਾਰੇ ਹੀ ਜਰੂਰ ਪਹੁੰਚਣਗੇ ਜੋ ਮਹਾਂਪੁਰਸ਼ਾਂ ਨੂੰ ਪਿਆਰ ਕਰਦੇ ਹਨ। ਸਾਰੇ ਹੀ ਮਹਾਂਪੁਰਸ਼ਾਂ ਦਾ ਮਤ ਹੈ ਕਿ ਆਪਣੇ ਪਿਆਰੇ ਦੇ ਗੁਰੂ ਅਸਥਾਨ ਤੇ ਰੋਜ ਹੀ ਦਰਸ਼ਨ ਕਰਨ ਜਾਣਾ ਚਾਹੀਦਾ ਹੈ। ਜੇਕਰ ਰੋਜ਼ ਨਹੀਂ ਪਹੁੰਚ ਸਕਦੇ ਹਫਤਾ ਵਾਰੀ ਜਰੂਰ ਦਰਸ਼ਨ ਕਰਨੇ ਚਾਹੀਦੇ ਹਨ। ਤੇਜ ਰਫਤਾਰ ਜਿੰਦਗੀ ਦੇ ਰੁਝੇਵਿਆਂ ਕਾਰਨ ਜੇ ਹਫਤਾਵਾਰੀ ਸਮਾਗਮ ਉਪਰ ਨਹੀਂ ਪਹੁੰਚਿਆ ਜਾ ਸਕਦਾ ਤਾਂ ਮਹੀਨਾ ਵਾਰ ਸੰਗਰਾਂਦ, ਪੂਰਨਮਾਸੀ ਸਮਾਗਮ ਉਪਰ ਜਰੂਰ ਹੀ ਹਾਜਰੀ ਭਰਨ ਦੀ ਕੋਸ਼ਿਸ਼ ਕੀਤੀ ਜਾਵੇ। ਜੇ ਵਾਰ-ਵਾਰ ਵੀ ਕੋਸ਼ਿਸ਼ਾਂ ਕਰਨ ਦੇ ਬਾਵਜੂਦ ਮਹੀਨੇ ਵਾਰੀ ਸਮਾਗਮ ਉਪਰ ਨਹੀਂ ਪਹੁੰਚ ਸਕਦੇ ਤਾਂ ਤਿੰਨ ਮਹੀਨੇ ਜਾਂ ਛਮਾਹੀ ਛੇ ਮਹੀਨੇ ਬਾਅਦ ਪਹੁੰਚਣ ਦਾ ਉਪਰਾਲਾ ਕੀਤਾ ਜਾਵੇ। ਜੇ ਇਹ ਵੀ ਨਹੀਂ ਹੋ ਸਕਦਾ ਤਾਂ ਸਾਲ ਬਾਅਦ ਮਹਾਂਪੁਰਸ਼ਾਂ ਦੇ ਭੰਡਾਰੇ ਬਰਸੀ ਉਰਸ ਸਮਾਗਮ ਉਪਰ ਜਰੂਰ ਹੀ ਪਹੁੰਚਣ ਦੀ ਲੋੜ ਹੈ। ਜੇ ਸਾਲ ਬਾਅਦ ਵੀ ਅਸੀਂ ਗੁਰ ਅਸਥਾਨ ਉਪਰ ਜਾ ਕੇ ਆਪਣੇ ਸ਼ਰਧਾ ਦੇ ਫੁੱਲ ਨਹੀਂ ਭੇਟ ਕਰਦੇ ਤਾਂ ਗੁਰੂ ਪੀਰ ਮੁਰਸ਼ਦ ਵੱਲੋਂ ਮਰੀਦ ਸਦਾ ਵਾਸਤੇ ਹੀ ਵੇਮੁਖ ਹੋ ਜਾਂਦਾ ਹੈ। ਵੇਮੁਖ ਹੋਇਆ ਨੂੰ ਜਨਮਾਂ ਜਨਮਾਂ ਦੇ ਵਿਛੋੜੇ ਪੈ ਜਾਂਦੇ ਹਨ। ਪਿਆਰ ਵਾਲੇ ਪ੍ਰੇਮੀ ਮਹਾਂਪੁਰਸ਼ਾਂ ਦੇ ਪਿਆਰ ਵਿਚ ਵਿਚਰਦਿਆਂ ਵੈਰਾਗ ਅਵਸਥਾ ਦੇ ਹੁੰਦੇ ਹੋਏ ਵੀ ਆਪਣੇ ਪਿਆਰੇ ਗੁਰ ਅਸਥਾਨ ਉਪਰ ਦੇਸ਼ਾਂ ਵਿਦੇਸ਼ਾਂ ਸੱਤ ਸਮੁੰਦਰਾਂ ਪਾਰ ਤੋਂ ਵੀ ਆਪਣੇ ਧੰਦੇ ਧੰਦਾਰਾਂ ਨੂੰ ਪਿਠ ਦੇ ਕੇ ਪਹੁੰਚ ਜਾਂਦੇ ਹਨ।

ਮਹਾਂਪੁਰਸ਼ਾਂ ਦੀ ਸਰੀਰਕ ਗੈਰਹਾਜ਼ਰੀ ਵਿਚ ਪੰਜ ਸਾਲ ਦਾ ਸਮਾਂ ਬਹੁਤ ਹੀ ਅਨੋਖੇ ਤਜਰਬਿਆਂ ਦੇ ਵਿਚ ਬਤੀਤ ਹੋਇਆ ਹੈ। ਰੰਗ ਬਦਲਦੇ ਸਮੇਂ ਨਾਲ ਆਪਣੇ-ਬਗਾਨਿਆਂ ਦੇ ਅੰਤਰ ਦਾ ਪਤਾ ਲੱਗਿਆ ਹੈ। ਜਿਨ੍ਹਾਂ ਦੇ ਅੰਦਰ ਮਹਾਂਪੁਰਸ਼ਾਂ ਦਾ ਪਿਆਰ ਸਮੋਇਆ ਹੈ ਉਹ ਚਹੁੰਦੇ ਹਨ ਕਿ ਉਨ੍ਹਾਂ ਦੁਆਰਾ ਸੰਚਾਲਿਤ ਆਤਮ ਮਾਰਗ ਹਰ ਹੀਲੇ ਵਸੀਲੇ ਆਤਮ ਮਾਰਗ ਪਾਂਧੀਆਂ ਨੂੰ ਸੇਧ ਪ੍ਰਦਾਨ ਕਰੇ ਇਸ ਦੇ ਰਸਤੇ ਵਿਚ ਜੋ ਮਾਇਕ ਔਕੜਾਂ ਆਈਆਂ ਉਨ੍ਹਾਂ ਨੂੰ ਦੂਰ ਕਰਨ ਵਾਸਤੇ ਆਪੋ ਆਪਣੀਆਂ ਕਿਰਤ ਕਮਾਈਆਂ ਰਾਹੀਂ ਸਫਲ ਕਰਦੇ ਹਨ।

ਪਰਉਪਕਾਰੀ ਕਾਰਜ ਜੋ ਮਹਾਂਪੁਰਸ਼ਾਂ ਨੇ ਅਰੰਭੇ ਹਨ ਇਹ ਕਾਰਜ ਇਕੱਲੇ ਕਿਸੇ ਮਨੁੱਖ ਦੇ ਕਰਨ ਅਤੇ ਕਵਾਉਣ ਦੇ ਵਸ ਦੀ ਗੱਲ ਨਹੀਂ ਹੈ ਇਹ ਤਾਂ ਮਹਾਂਪੁਰਸ਼ਾਂ ਦੀ ਪ੍ਰੇਰਨਾਂ ਸ਼ਕਤੀ ਹੀ ਕੰਮ ਕਰਦੀ ਹੈ। ਪ੍ਰੇਰਨਾਂ ਸ਼ਕਤੀ ਦੇ ਅਧੀਨ ਹੀ ਉਹ ਪ੍ਰੇਮੀ ਵੀ ਰਤਵਾੜਾ ਸਾਹਿਬ ਪਹੁੰਚ ਰਹੇ ਹਨ ਜਿਨ੍ਹਾਂ ਨੇ ਮਹਾਂਪੁਰਸ਼ਾਂ ਦੇ ਸਰੀਰ ਦੇ ਦਰਸ਼ਨ ਵੀ ਨਹੀਂ ਕੀਤੇ ਸਨ। ਇਕ ਅਣਡਿਠਾ ਪਿਆਰ ਹੀ ਪਿਆਰੇ ਦੇ ਅਸਥਾਨ ਵੱਲ ਨੂੰ ਹਰ ਇਕ ਪ੍ਰਾਣੀ ਮਾਤਰ ਨੂੰ ਆਉਣ ਲਈ ਪ੍ਰੇਰ ਰਿਹਾ ਹੈ। ਇਸ ਲਈ ਆਤਮ ਮਾਰਗ ਦੇ ਸਮੂੰਹ ਪਾਠਕ ਪਰਿਵਾਰਾਂ ਨੇ ਤਾਂ ਜਰੂਰ ਹੀ ਬਰਸੀ ਸਮਾਗਮ ਵਿਚ ਪਹੁੰਚਣਾ ਹੈ। ਅਦਾਰਾ ਆਤਮ ਮਾਰਗ ਆਸ ਹੀ ਨਹੀਂ ਰੱਖਦਾ ਵਿਸ਼ਵਾਸ਼ ਕਰਦਾ ਹੈ ਕਿ ਜਿਥੇ ਤੁਸੀਂ ਆਉਣਾ ਹੈ ਉਥੇ ਹੋਰਨਾਂ ਨੂੰ ਵੀ ਪ੍ਰੇਰ ਕੇ ਲਿਆਉਣ ਦੀ ਕ੍ਰਿਪਾਲਤਾ ਕਰੋ ਜੀ।

ਜੀਵਨ-ਮਨੋਰਥ

ਸੱਚਖੰਡਵਾਸੀ ਸੰਤ ਬਾਬਾ ਵਰਿਆਮ ਸਿੰਘ ਜੀ ਰਤਵਾੜਾ ਸਾਹਿਬ

(ਲੜੀ ਜੋੜਨ ਲਈ ਦੇਖੋ, ਸਤੰਬਰ ਅੰਕ, ਪੰਨਾ-)

ਉਹਦੇ ਮਨ ਵਿਚ ਸੰਤੋਖ ਨਹੀਂ ਆਉਂਦਾ। ਐਸੇ ਪ੍ਰੇਮੀਆਂ ਨਾਲ ਕੀ ਕਰਿਆ ਜਾਵੇ? ਮਹਾਰਾਜ ਕਹਿੰਦੇ ਦੇਖੋ, ਪ੍ਰੇਮੀਓ! ਸੰਗਤ ਅਸਰ ਕਰਦੀ ਹੈ।

ਕਬੀਰ ਮਨੁ ਪੰਖੀ ਭਇਓ ਉਡਿ ਉਡਿ ਦਹ ਦਿਸ ਜਾਇ॥
ਜੋ ਜੈਸੀ ਸੰਗਤਿ ਮਿਲੈ ਸੋ ਤੈਸੋ ਫਲੁ ਖਾਇ॥

ਅੰਗ - 1369

ਜਿਹੋ ਜਿਹੀ ਸੰਗਤ ਕਰੇਗਾ ਆਦਮੀ, ਉਹੋ ਜਿਹਾ ਫਲ ਪ੍ਰਾਪਤ ਹੋਵੇਗਾ। ਜੂਆ ਖੇਲ੍ਹਣ ਵਾਲਿਆ ਕੋਲ ਬੈਠੇਗਾ, ਜੂਆ ਖੇਲੇਗਾ। ਅਫੀਮ ਖਾਣ ਵਾਲੇ ਕੋਲ ਬੈਠੇਗਾ, ਅਫੀਮ ਖਾਏਗਾ। ਸ਼ਰਾਬ ਪੀਣ ਵਾਲਿਆਂ ਕੋਲ ਬੈਠੇਗਾ, ਸ਼ਰਾਬ ਪੀਣ ਲਗ ਜਾਏਗਾ। ਬੇਈਮਾਨਾਂ ਕੋਲ ਬੈਠ ਗਿਆ, ਬੇਈਮਾਨੀ ਸਿੱਖ ਜਾਏਗਾ। ਜੈਸੀ ਸੰਗਤ ਕਰਦਾ ਹੈ, ਵੈਸਾ ਹੀ ਫਲ ਉਹਨੂੰ ਪ੍ਰਾਪਤ ਹੁੰਦਾ ਹੈ। ਸੋ ਮਹਾਰਾਜ ਕਹਿੰਦੇ ਇਨ੍ਹਾਂ ਦੀ ਸੰਗਤ ਛੱਡ ਦਿਓ ਕਿਉਂਕਿ ਐਸੀ ਸੰਗਤ ਨਰਕਾਂ 'ਚ ਲੈ ਜਾਂਦੀ ਹੈ। ਜੇ ਸੰਗਤ ਕਰਨੀ ਹੈ ਤਾਂ ਸਾਧੂ ਦੀ ਸੰਗਤ ਕਰ। ਇਥੇ ਵੀ ਭਲਾ ਤੇ ਦਰਗਾਹ ਵਿਚ ਜਾ ਕੇ ਵੀ ਤੇਰਾ ਸਮਾਂ ਲੇਖੇ ਵਿਚ ਪਵੇਗਾ। ਮਨਮੁਖ ਦੀ ਜੇ ਸੰਗਤ ਕਰੇਂਗਾ ਤਾਂ ਜਿਵੇਂ ਚੌਲ ਦੀ ਸੰਗਤ ਉਹਨੇ ਛਿਲਕੇ ਨੇ ਕਰੀ, ਹੁਣ ਉਹਦੇ ਉਤੇ ਮਉਲੇ ਪੈਂਦੇ ਨੇ, ਚੌਲ ਅੰਦਰ ਸੁਰਖਸ਼ਿਤ ਰਹਿੰਦਾ ਹੈ। ਉਹ ਟੁੱਟ ਜਾਂਦਾ ਹੈ, ਚੌਲ ਨਿਕਲ ਜਾਂਦਾ ਹੈ। ਸੋ ਇਸ ਤਰ੍ਹਾਂ ਜੋ ਮਾੜੀ ਸੰਗਤ ਹੈ -

ਕਬੀਰ ਸਾਕਤ ਸੰਗੁ ਨ ਕੀਜੀਐ ਦੂਰਹਿ ਜਾਈਐ ਭਾਗਿ॥
ਬਾਸਨੁ ਕਾਰੋ ਪਰਸੀਐ ਤਉ ਕਛੁ ਲਾਗੈ ਦਾਗ॥

ਅੰਗ - 1371

ਪਹਿਲਾਂ-ਪਹਿਲਾਂ ਅੰਮ੍ਰਿਤ ਛਕਾਉਣਾ ਅਸੀਂ, ਪੱਕੇ ਕਰਨਾ। ਕਿਉਂਕਿ ਥੋੜ੍ਹੇ ਹੀ ਸੀਗੇ ਜਦ। ਥੋੜ੍ਹੇ ਦਿਨਾਂ ਬਾਅਦ ਦੇਖਣਾ ਕਿ ਔਹ ਬੰਦਾ ਵੀ ਗਿਰ ਗਿਆ, ਉਹ ਵੀ ਗਿਰ ਗਿਆ। ਇਕ ਆਇਆ ਮੇਰੇ ਕੋਲ, ਮੈਂ ਕਿਹਾ ਕੀ ਗੱਲ ਹੋ ਗਈ, ਤੂੰ ਸ਼ਰਾਬ ਪੀ ਲਈ ਮੈਂ ਸੁਣਿਐਂ? ਕਹਿੰਦਾ ਜੀ, ਮੈਂ ਵਿਆਹ ਚਲਿਆ ਗਿਆ। ਮੈਂ ਰੋਕ ਦਿੰਦਾ ਹੁੰਦਾ, ਕਿ ਵਿਆਹ ਵਰੀਰਾ ਨਾ ਜਾਈਂ, ਪੱਕ ਲੈ ਪਹਿਲਾਂ। ਬਾਣੀ ਪੜ੍ਹਨ ਲਗ ਜਾਹ, ਆਹ ਜਿਹੜਾ ਨਾਮ ਮਿਲਿਆ ਹੈ ਨਾ ਇਹਨੂੰ ਪਕਾ ਲੈ। ਭਰੋਸਾ ਕਰ ਲੈ। ਪਤਾ ਹੀ ਨਹੀਂ ਸੀ ਇਲਾਕਿਆਂ 'ਚ ਕਿ ਗੁਰੂ ਦਾ ਭਜਨ ਕੀ ਹੁੰਦਾ ਹੈ, ਸਿੱਖੀ ਕੀ ਹੁੰਦੀ ਹੈ, ਮੱਥੇ ਟੇਕਣੇ ਨੇ ਚਾਹੇ ਇੱਟਾਂ ਨੂੰ ਟਿਕਾ ਲਓ, ਦਰਖਤਾਂ ਨੂੰ ਟਿਕਾ ਲਓ। ਇਨ੍ਹਾਂ ਨੇ ਮੱਥਾ ਹੀ ਟੇਕਣਾ ਹੈ।

ਸੋ ਕਹਿੰਦਾ ਜੀ ਮੈਨੂੰ ਇਕ ਵਿਆਹ ਵਿਚ ਅੰਮ੍ਰਿਤਧਾਰੀ ਸਿੰਘ ਮਿਲ ਗਿਆ। ਕਹਿਣ ਲੱਗਿਆ, ਮੈਨੂੰ ਬੜੀ ਖੁਸ਼ੀ ਹੋਈ ਕਿ ਅਸੀਂ ਦੋ ਹੋ ਗਏ। ਬੀਬੀਆਂ ਨੇ ਆ ਕੇ ਕਹਿਣਾ ਕਿ ਸਾਡੇ ਪਿੰਡ ਤਾਂ ਕਿਸੇ ਨੇ ਅੰਮ੍ਰਿਤ ਨਹੀਂ ਛਕਿਆ, ਅਸੀਂ ਤਾਂ ਬੜੀਆਂ ਔਖੀਆਂ ਹੋ ਗਈਆਂ, ਸਾਨੂੰ ਤਾਂ ਲੋਕੀ ਤਾਅਨੇ ਦਿੰਦੇ ਨੇ। ਬੇਅੰਤ ਸਾਡੇ ਨਾਉਂ ਤੇ ਕਨਾਉਂ ਰੱਖਣੇ ਸ਼ੁਰੂ ਹੋ ਗਏ। ਮੈਂ ਕਿਹਾ ਥੋੜ੍ਹੇ ਦਿਨ ਤੁਸੀਂ ਸੰਗਤ ਕਰੋ ਇਸ (ਰੋਪੜ) ਇਲਾਕੇ ਵਿਚ ਸਿੱਖੀ ਹੀ ਸਿੱਖੀ ਹੋ ਜਾਏਗੀ। ਹੌਲੀ ਹੌਲੀ ਇਥੇ ਸਾਰੇ ਸਿੱਖੀ ਹੋ ਗਈ।

ਸੋ ਕਹਿਣ ਲੱਗਿਆ ਕਿ, ਮੈਂ ਅੰਮ੍ਰਿਤਧਾਰੀ ਸਿੰਘ ਨੂੰ ਦੇਖ ਕੇ ਬੜਾ ਖੁਸ਼ ਹੋਇਆ। ਆਥਣੇ ਮੈਂ ਉਹਦੇ ਨਾਲ ਹੀ ਹੋ ਲਿਆ। ਗੱਲਾਂ ਕਰਨ ਲੱਗ ਗਿਆ। ਬਾਹਰ ਲੈ ਗਿਆ ਮੈਨੂੰ, ਅੱਗੇ ਹੀ ਅੱਗੇ ਤੁਰੀ ਗਿਆ, ਜਦੋਂ ਅਸੀਂ ਇਕੱਲੇ ਹੋ ਗਏ, ਜਿਥੇ ਕੋਈ ਦੇਖੇ ਨਾ, ਬੋਤਲ ਕੱਢ ਲਈ ਉਹਨੇ ਸ਼ਰਾਬ ਦੀ। ਭਾਂਡਾ ਕੋਲ ਸੀ ਉਹਦੇ ਮੈਨੂੰ ਕਹਿੰਦਾ ਲੈ ਤੂੰ ਪੀ ਲੈ। ਮੈਂ ਕਿਹਾ ਸਾਨੂੰ ਤਾਂ ਬਹੁਤ ਸਖਤੀ ਕਰੀ ਹੋਈ ਹੈ। ਕਹਿੰਦਾ, ਤੂੰ ਤਾਂ ਕੱਲ੍ਹ ਦਾ ਸਿੱਖ ਹੈਂ। ਅਸੀਂ ਤਾਂ ਜਮਾਂਦਰੂ ਸਿੱਖ ਹਾਂ। ਜੇ ਸਾਨੂੰ ਨਹੀਂ ਸਿੱਖੀ ਨੇ ਕੁਛ ਕਿਹਾ, ਤੈਨੂੰ ਕੀ ਕਹਿ ਦਏਗੀ? ਮੈਂ ਕਿਹਾ ਮੈਂ ਤਾਂ ਨਵਾਂ ਨਵਾਂ ਹਾਂ, ਇਹ ਤਾਂ ਪੁਰਾਣਾ ਹੈ ਇਹ ਤਾਂ ਪੱਕਾ ਸਿੱਖ ਹੈ। ਉਹਨੇ ਪੀ ਲਈ ਤੇ ਮੈਂ ਵੀ ਪੀ ਲਈ। ਅੱਗੇ ਆਏ ਤਾਂ ਇਨ੍ਹਾਂ ਪਿੰਡਾਂ 'ਚ ਰਿਵਾਜ ਹੋ ਗਿਆ ਸੀ ਕਿ ਰੋਟੀ ਲੈਣੀ ਹੈ ਅਸੀਂ ਮਾਸ ਦੀ, ਸੁਨੇਹਾ ਭੇਜ ਦਿੰਦੇ ਸੀ। ਉਹ ਪ੍ਰੇਮੀ ਕਹਿਣ ਲੱਗਿਆ ਮੈਨੂੰ ਕਿ ਮਾਸ ਖਾਏਂਗਾ? ਮੈਂ ਕਿਹਾ ਸਾਨੂੰ ਤਾਂ ਕਿਹਾ ਹੈ ਕਿ ਖਾਇਓ ਨਾ, ਕਹਿੰਦਾ ਲੈ ਮਾਸ ਖਾਏ ਬਿਨਾਂ ਸਿੱਖੀ ਕਾਹਦੀ ਹੈ। ਸਿੱਖਾਂ ਦਾ ਕੰਮ ਹੀ ਮਾਸ ਖਾਣਾ ਹੈ। ਸਿੱਖੀ ਤਾਂ ਕਹਿੰਦਾ ਪੂਰੀ ਹੀ ਤਾਂ ਹੁੰਦੀ ਹੈ ਜੇ ਮਾਸ ਖਾਵੇ। ਸਿੱਖ ਕਹਿੰਦਾ, ਸਿੰਘ ਕਹਿੰਦੇ ਨੇ, ਸ਼ੇਰ ਕਹਿੰਦੇ ਨੇ। ਸ਼ੇਰ ਕੀ ਕਰਦਾ ਹੁੰਦਾ ਹੈ। ਖਾਂਦਾ ਹੈ ਨਾ ਮਾਸ?

ਕਹਿੰਦਾ ਹਾਂ।

ਕਹਿੰਦਾ ਘਾਹ ਖਾਂਦਾ ਹੈ ਕਿਤੇ ਸੇਰ? ਕਹਿੰਦਾ ਸ਼ੇਰ ਤਾਂ ਮਾਸ ਹੀ ਖਾਂਦਾ ਹੈਨਾ।

ਸੋ ਮੈਨੂੰ ਉਹਨੇ ਮਾਸ ਖਾਣ ਵੀ ਲਾ ਲਿਆ।

ਐਸੀ ਜੋ ਸੰਗਤ ਹੈ ਗਿਰਾ ਦਿੰਦੀ ਹੈ ਬੰਦੇ ਨੂੰ।

ਕਿਉਂਕਿ ਬਾਹਰੋਂ ਤਾਂ ਸਿੰਘ ਨਜ਼ਰ ਆਉਂਦਾ ਹੈ, ਲੇਕਿਨ ਹੈ ਮਨਮੁਖ, ਮਨ ਦੀ ਗੱਲ ਕਰ ਰਿਹਾ ਹੈ। ਮਨਮੁਖ ਤੋਂ ਵੀ ਅੱਗੇ ਹੈ ਬੇਮੁਖ ਹੈ। ਭੇਖ ਨਾਲ ਨਹੀਂ ਸਿੱਖੀ ਹੋਇਆ ਕਰਦੀ, ਸਿੱਖੀ ਹੁੰਦੀ ਹੈ, ਪਿਆਰ ਦੇ ਨਾਲ ਜਿਹੜਾ ਜੁੜਿਆ ਹੋਵੇ ਗੁਰੂ ਦੇ। ਗੁਰੂ ਦੇ ਬਚਨ ਕਮਾਉਣ ਵਾਲੇ।

ਮਹਾਰਾਜ ਕਹਿੰਦੇ ਫੇਰ ਭਾਈ ਗੁਰਮੁਖੋ! ਸਾਡਾ ਬਚਨ ਯਾਦ ਰੱਖੋ –

ਨਾਨਕ ਮਨਮੁਖਾ ਨਾਲੋ ਤੂਟੀ ਭਲੀ
ਜਿਨ ਮਾਇਆ ਮੋਹ ਪਿਆਰੁ॥ ਅੰਗ – 316

ਕਿਉਂਕਿ ਉਨ੍ਹਾਂ ਦਾ ਪਿਆਰ ਮਾਇਆ ਨਾਲ ਹੈ ਤੇ ਗੁਰਮੁਖ ਦਾ ਪਿਆਰ ਵਾਹਿਗੁਰੂ ਨਾਲ ਹੈ। ਦੋਹਾਂ ਦਾ ਪਿਆਰ ਇਕ ਕਿਵੇਂ ਹੋ ਜਾਏਗਾ? ਸੋ ਮਨਮੁਖ ਨੂੰ ਕੁਛ ਪਤਾ ਨਹੀਂ ਹੈ, ਨਾਮ ਦੀ ਸੋਝੀ ਨਹੀਂ ਹੈ। ਬਾਂਦਰ ਦੇ ਗਲ ਵਿਚ ਕਰੋੜ ਰੁਪਏ ਦਾ ਰਤਨ ਪਾ ਦਿਓ, ਮਾਲਾ ਪਾ ਦਿਓ। ਉਹ ਕੀ ਕਰੇਗਾ, ਹੱਥ ਨਾਲ ਤੋੜ ਕੇ, ਵੱਟਾ ਲੈ ਲੈਂਦਾ ਹੈ ਬਾਂਦਰ, ਭੰਨਣਾ ਸ਼ੁਰੂ ਕਰ ਦਿੰਦਾ ਹੈ। ਭੰਨੀ ਜਾਂਦਾ ਹੈ, ਭੰਨੀ ਜਾਂਦਾ ਹੈ, ਕੋਈ ਚੀਜ਼ ਦੇ ਦਿਓ, ਕੱਪੜਾ ਦੇ ਦਿਓ, ਕਪੜੇ ਪਾੜ ਦਿੰਦਾ ਹੈ। ਕਿਉਂਕਿ ਬਾਂਦਰ ਨੂੰ ਸਮਝ ਨਹੀਂ ਹੈ।

ਸਾਡੀ ਗੱਡੀ ਦਾ ਐਕਸੀਡੈਂਟ ਹੋ ਗਿਆ, ਅਸੀਂ ਰਸਤੇ 'ਚ ਖੜ੍ਹਾ ਦਿਤੀ। ਸੀਟਾਂ ਸਾਬਤ ਸੀ ਉਹਦੀਆਂ। ਬਾਂਦਰਾਂ ਨੇ ਵੜ ਕੇ ਵਿਚ ਸਾਰੀਆਂ ਹੀ ਸੀਟਾਂ ਪਾੜ ਦਿਤੀਆਂ। ਲੀਰ-ਲੀਰ ਕਰ ਦਿਤੀਆਂ। ਕਿਉਂਕਿ ਉਹਨੂੰ ਗਿਆਨ ਨਹੀਂ ਹੈ ਸਾਧਸੰਗਤ ਜੀ। ਏਸੇ ਤਰ੍ਹਾਂ ਕੜਛੀ ਨਹੀਂ ਜਾਣਦੀ, ਛੱਤੀ ਪ੍ਰਕਾਰ ਦੇ ਭੋਜਨਾਂ ਵਿਚ ਫੇਰੀ ਜਾਓ, ਕੜਛੀ ਨੂੰ ਕੋਈ ਸਵਾਦ ਨਹੀਂ ਆਉਂਦਾ। ਕਵਲ ਫੁੱਲ ਹੁੰਦੇ ਨੇ, ਕਵਲਾਂ ਨੂੰ ਦੇਖ-ਦੇਖ ਕੇ ਆਦਮੀ ਦਾ ਮਨ ਪ੍ਰਸੰਨ ਹੁੰਦਾ ਹੈ। ਫੁੱਲ ਐਨਾ ਸੋਹਣਾ ਹੈ ਕਿ ਆਦਮੀ ਦਾ ਜੀਅ ਲਗਦਾ ਹੈ ਉਹਨੂੰ ਦੇਖ ਕੇ। ਲੇਕਿਨ ਡੱਡੂ ਉਥੇ ਹੀ ਰਹਿੰਦਾ ਹੈ, ਕਵਲ ਦੀ ਸੁਗੰਧੀ ਭੌਰਾ ਲੈਂਦਾ ਹੈ, ਡੱਡੂ ਚਿਕੜ ਖਾਂਦਾ ਹੈ, ਜੜ੍ਹਾਂ ਖਾਂਦਾ ਹੈ ਜਾ ਕੇ। ਏਸੇ ਤਰ੍ਹਾਂ ਮਿਰਗ ਦੀ ਨਾਭ ਦੇ ਵਿਚ ਕਸਤੂਰੀ ਹੁੰਦੀ ਹੈ, ਸ਼ੌਕ ਵਾਲੇ ਬੰਦੇ ਇਹਨੂੰ ਲੈ ਆਉਂਦੇ ਨੇ, ਲਿਆ ਕੇ ਬੇਅੰਤ ਸੁਗੰਧੀਆਂ ਬਣਾ ਲੈਂਦੇ ਨੇ, ਹਰੇਕ ਸੁਗੰਧੀ 'ਚ ਪੈਂਦੀ ਹੈ। ਲੇਕਿਨ ਮਿਰਗ ਨੂੰ ਨਹੀਂ ਪਤਾ ਲਗਦਾ। ਉਹ ਹੈਰਾਨ ਹੋਇਆ ਫਿਰੀ ਜਾਂਦਾ ਹੈ। ਜੋ ਦੁੱਧ ਵੇਚਣ ਵਾਲੇ ਪੁਰਸ਼ ਉਹ ਦੁੱਧ ਵੇਚ ਦਿੰਦੇ ਨੇ, ਦੁੱਧ ਪੀਣ ਦੀ ਥਾਂ ਤੇ, ਲਿਆਂਦੇ ਕੀ ਨੇ ਖਲ, ਵੜੇਵੇ ਲੈ ਆਉਂਦੇ ਨੇ। ਏਸੇ ਤਰ੍ਹਾਂ ਮਹਾਰਾਜ ਕਹਿੰਦੇ ਜਿਹੜਾ ਬੇਮੁਖ ਪੁਰਸ਼ ਹੈ, ਉਹ ਜੜ੍ਹ ਤੋਂ ਹੀ ਭੁੱਲਿਆ ਹੋਇਆ ਹੈ, ਮੂਲ ਤੋਂ ਹੀ ਭੁੱਲਿਆ ਹੋਇਆ ਹੈ। ਨਤੀਜਾ ਕੀ ਹੁੰਦਾ ਹੈ ਕਿ ਉਹ ਜਮਾਂ ਦੇ ਜਾ ਕੇ ਡੰਡੇ ਖਾਂਦਾ ਹੈ।

ਕਬੀਰ ਜਮ ਕਾ ਠੇਂਗਾ ਬੁਰਾ ਹੈ
ਓਹੁ ਨਹੀ ਸਹਿਆ ਜਾਇ॥
ਏਕੁ ਜੁ ਸਾਧੂ ਮੁੋਹਿ ਮਿਲਿਓ
ਤਿਨਿ ਲੀਆ ਅੰਚਲਿ ਲਾਇ॥ ਅੰਗ – 1368

ਉਹ ਸਹਿ ਨਹੀਂ ਹੁੰਦਾ। ਏਸ ਤਰ੍ਹਾਂ ਫੁਰਮਾਨ ਹੈ –

ਧਾਰਨਾ – ਦੁੱਖ ਜਮਾਂ ਵਾਲਾ ਸਹਿਣਾ ਹੋ ਜਾਊ ਔਖਾ,
ਬੇਮੁਖ ਹੋ ਕੇ ਭੁੱਲਿਐਂ ਰਾਮ ਨੂੰ।

ਜਿਸ ਤਰ੍ਹਾਂ ਬਾਂਦਰ ਨੂੰ ਚੀਜ਼ ਦੀ ਕੀਮਤ ਦਾ ਨਹੀਂ ਪਤਾ ਹੁੰਦਾ, ਕੜਛੀ ਨੂੰ ਸਵਾਦ ਨਹੀਂ ਆਉਂਦਾ, ਡੱਡੂ ਚਿੱਕੜ ਦੇ ਵਿਚ ਵਾਸ ਰਖਦਾ ਹੈ ਤੇ ਕਮਲ ਨਾਲ ਉਸਦਾ ਕੋਈ ਵਾਸਤਾ ਨਹੀਂ ਹੁੰਦਾ, ਮਿਰਗ ਨੂੰ ਕਸਤੂਰੀ ਦਾ ਨਹੀਂ ਪਤਾ ਹੁੰਦਾ ਨਾਭੀ ਦੇ ਅੰਦਰ; ਏਸੇ ਤਰ੍ਹਾਂ ਜਿਹੜਾ ਬੇਮੁਖ ਪੁਰਸ਼ ਹੈ ਉਹ ਜੜ੍ਹ ਤੋਂ ਹੀ ਭੁੱਲਿਆ ਹੋਇਆ ਹੈ। ਖੁੰਝ ਗਿਆ। ਨਤੀਜਾ ਕੀ ਹੁੰਦਾ ਹੈ, ਜਮਾਂ ਦਾ ਦੁੱਖ ਉਸਨੂੰ ਸਹਿਣਾ ਪੈਂਦਾ ਹੈ ਤੇ ਇਥੇ ਵੀ ਉਸਨੂੰ ਸੁੱਖ ਨਹੀਂ ਹੁੰਦਾ। ਦਰਗਾਹ ਦੇ ਵਿਚ ਜਾ ਕੇ ਵੀ ਉਸਨੂੰ ਸੁੱਖ ਨਹੀਂ ਹੁੰਦਾ। ਐਸਾ ਫੁਰਮਾਨ ਹੈ –

ਧਾਰਨਾ – ਸ਼ਰਮਿੰਦਾ ਹੋਵੇਂਗਾ ਗਾਫਲਾ,
ਵਿਚ ਦਰਗਾਹ ਦੇ ਜਾ ਕੇ।

ਭਾਈ ਗੁਰਦਾਸ ਜੀ ਫੁਰਮਾਨ ਕਰਦੇ ਨੇ ਕਿ ਜੋ ਮਨਮੁਖ ਤੇ ਬੇਮੁਖ ਹੈ, ਆਪ ਤਾਂ ਕੁਛ ਜਾਣਦਾ ਨਹੀਂ, ਲੋਕਾਂ ਨੂੰ ਸਿਖਿਆ ਦਿੰਦਾ ਫਿਰਦਾ ਹੈ ਤੇ ਪ੍ਰਮੇਸ਼ਰ ਰੂਪ ਕੰਤ ਕੋਈ ਗੱਲ ਨਹੀਂ ਉਹਦੀ ਪੁਛਦਾ ਤੇ ਕਹਿੰਦਾ ਮੈਂ ਸੁਹਾਗਣ ਹਾਂ।

ਗਲੀ ਹਉ ਸੋਹਾਗਣਿ ਭੈਣੇ ਕੰਤੁ ਨ ਕਬਹੂੰ ਮੈ ਮਿਲਿਆ॥
ਅੰਗ – 433

ਕੁਲਹਾਂ ਦੇਂਦੇ ਬਾਵਲੇ ਲੈਂਦੇ ਵਡੇ ਨਿਲਜ॥
ਚੂਹਾ ਖਡ ਨ ਮਾਵਈ ਤਿਕਲਿ ਬੰਨੈ ਛਜ॥
ਦੇਨਿ ਦੁਆਈ ਸੇ ਮਰਿ ਜਿਨ ਕਉ ਦੇਨਿ ਸਿ ਜਾਹਿ॥
ਨਾਨਕ ਹੁਕਮੁ ਨ ਜਾਪਈ ਕਿਥੈ ਜਾਇ ਸਮਾਹਿ॥
ਫਸਲਿ ਅਹਾੜੀ ਏਕੁ ਨਾਮੁ ਸਾਵਣੀ ਸਚੁ ਨਾਉ॥
ਮੈ ਮਹਦੂਦੁ ਲਿਖਾਇਆ ਖਸਮੈ ਕੈ ਦਰਿ ਜਾਇ॥
ਦੁਨੀਆ ਕੇ ਦਰ ਕੇਤੜੇ ਕੇਤੇ ਆਵਹਿ ਜਾਂਹਿ॥
ਕੇਤੇ ਮੰਗਹਿ ਮੰਗਤੇ ਕੇਤੇ ਮੰਗਿ ਮੰਗਿ ਜਾਹਿ॥
ਅੰਗ – 1286

ਇਥੇ ਵੀ ਸ਼ਰਮਿੰਦਾ ਤੇ ਦਰਗਾਹ ਵਿਚ ਵੀ ਸ਼ਰਮਿੰਦਾ ਹੁੰਦਾ ਹੈ ਬੇਮੁਖ ਪੁਰਖ। ਐਸਾ ਜੀਵਨ ਦਾ ਨਕਸ਼ਾ, ਬਿਲਕੁਲ ਹੂ-ਬ-ਹੂ ਦੁਨੀਚੰਦ ਨਾਲ ਮਿਲਦਾ ਸੀ। ਉਸ ਦਾ ਸੁਭਾਅ

ਐਸਾ ਕਰੂਰ ਸੀ, ਐਸੀ ਉਹਨੂੰ ਚਿੜ ਸੀ ਕਿ ਕਿਸੇ ਨੇ ਰੱਬ ਦੀ ਗੱਲ ਕਰਨੀ, ਜੇ ਕਿਸੇ ਨੇ ਕਹਿ ਦਿਤਾ ਕਿ ਭਗਵਾਨ ਦੀ ਕ੍ਰਿਪਾ ਹੈ, ਕਿਉਂਕਿ ਨੌਕਰ ਵੀ ਸੀ ਉਹਦੇ, ਚੇਲੇ ਵੀ ਸੀ ਬਹੁਤ ਸਾਰੇ, ਹਾਕਮ ਸੀਗਾ। ਪੁੱਛਦਾ ਹੀ ਰਹਿੰਦਾ ਸੀ, ਜਿਹਨੇ ਤਾਂ ਕਹਿ ਦਿਤਾ ਕਿ ਮਹਾਰਾਜ ਤੇਰੀ ਹੀ ਕ੍ਰਿਪਾ ਹੈ, ਮਾਈ ਬਾਪ ਹੋਂ ਤੁਸੀਂ, ਤੁਹਾਡੇ ਆਸਰੇ ਅਸੀਂ ਜੀਉਂਦੇ ਹਾਂ, ਉਹਦੇ ਉਤੇ ਤਾਂ ਰਹਿੰਦਾ ਸੀ ਖੁਸ਼। ਜੇ ਕਿਸੇ ਨੇ ਕਹਿ ਦੇਣਾ ਕਿ ਭਗਵਾਨ ਦੀ ਕ੍ਰਿਪਾ ਹੈ, ਉਹਦੇ ਮਗਰ ਪੈ ਜਾਂਦਾ ਸੀ, ਹਦ ਦਰਜੇ ਦਾ ਜਿੱਦੀ ਸੀ। ਦੂਸਰਾ ਸੀ ਅਭਿਮਾਨੀ, ਤੀਸਰਾ ਸੀ ਨਾਸਤਕ। ਜੋ ਗੱਲ ਮੂੰਹ 'ਚੋਂ ਕੱਢ ਦਿਤੀ ਉਹਨੂੰ ਪੂਰਾ ਕਰਾਉਣਾ ਚਾਹੁੰਦਾ ਸੀ।

ਨਿਰਦਈ ਐਨਾ ਸੀ ਕਿ ਇਕ ਬਹੁਤ ਗਰੀਬ ਬੀਬੀ ਸੀ, ਉਹ ਕੱਤਣਾ ਕੱਤ ਕੇ ਗੁਜ਼ਾਰਾ ਕਰਿਆ ਕਰਦੀ ਸੀ। ਉਨ੍ਹਾਂ ਦਿਨਾਂ ਦਾ ਇਕ ਰੁਪਿਆ ਨੌ ਮਣ ਛੋਲਿਆਂ ਦੇ ਬਰਾਬਰ ਹੁੰਦਾ ਸੀ ਅੱਜ ਦੇ ਦਿਆਂ, ਯਾਨਿ ਚਾਰ ਕੁਇੰਟਲ ਲਾ ਲਓ। ਚਾਰ ਕੁਇੰਟਲ ਦੇ ਬਰਾਬਰ ਇਕ ਰੁਪਿਆ ਹੁੰਦਾ। ਕਈ ਹਜ਼ਾਰ ਹੋ ਗਿਆ। ਉਸ ਬੀਬੀ ਨੇ ਪੰਜ ਰੁਪਏ ਉਧਾਰੇ ਲੈ ਲਏ ਉਸ ਤੋਂ। ਕੁਛ ਸਮੇਂ ਬਾਅਦ ਉਸ ਬੀਬੀ ਨੇ ਕਿਵੇਂ ਨਾ ਕਿਵੇਂ ਕਰਕੇ ਉਹਨੂੰ ਮੋੜ ਦਿਤੇ। ਉਸ ਨੇ ਮੋੜਿਆ ਹੋਇਆ ਲਿਖਿਆ ਨਹੀਂ ਹੈ ਤੇ ਉਹਦੇ ਮਗਰ ਪੈ ਗਿਆ ਕਿ ਇਹਨੇ ਮੇਰੇ ਪੰਜ ਰੁਪਏ ਨਹੀਂ ਦਿਤੇ।

ਰਜਨੀ ਬੱਚੀ ਕੋਲ ਬੈਠੀ ਸੀ, ਉਹ ਕਹਿਣ ਲੱਗੀ ਕਿ ਪਿਤਾ ਜੀ ਤੂੰ ਏਸ ਗਰੀਬ ਨੂੰ ਕਿਉਂ ਮਾਰਦਾ ਹੈਂ? ਕਹਿੰਦਾ ਤੈਨੂੰ ਇਹੋ ਜਿਹੇ ਖਿਆਲ ਕਿੱਥੋਂ ਆ ਗਏ, ਗਰੀਬ ਤੇ ਅਮੀਰ ਦੇ ਮਾਰਨ ਦੇ? ਖਾਂਦੀ ਕਿੱਥੋਂ ਹੈਂ ਤੂੰ? ਐਨਾ ਤੁਹਾਨੂੰ ਐਸ਼ ਕਰਾਉਂਦਾ ਹਾਂ ਇਨ੍ਹਾਂ ਗੱਲਾਂ ਨਾਲ ਹੀ ਕਰਾਉਂਦਾ ਹਾਂ, ਜੇ ਮੈਂ ਰਿਸ਼ਵਤਾਂ ਨਾ ਲਵਾਂ, ਧੋਖੇ ਨਾ ਦੇਵਾਂ, ਫਰੇਬ ਨਾ ਕਰਾਂ, ਤੁਸੀਂ ਤਾਂ ਭੁੱਖੇ ਮਰ ਜਾਓਂਗੇ ਸਾਰੇ।

ਕਹਿਣ ਲੱਗੀ, ਪਿਤਾ ਜੀ! ਇਨ੍ਹਾਂ ਮਾੜੇ ਕੰਮਾਂ ਦਾ ਲੇਖਾ ਦੇਣਾ ਪੈਂਦਾ ਹੈ। ਔਖਾ ਹੋ ਜਾਣਾ, ਦਰਗਾਹ ਦੇ ਵਿਚ ਲੇਖੇ ਹੋਣੇ ਨੇ।

ਕਹਿਣ ਲੱਗਿਆ, ਕੁੜੀਏ! ਤੈਨੂੰ ਇਹੋ ਜਿਹੀ ਮਤ ਕਿਹਨੇ ਦੇ ਦਿਤੀ। ਕਹਿਣ ਲੱਗੀ ਗੁਰੂ ਦੀ ਬਾਣੀ ਪੜ੍ਹਦੀ ਹਾਂ, ਗੁਰੂ ਰਾਮਦਾਸ ਮਹਾਰਾਜ ਜੀ ਦੀ ਬਾਣੀ ਪੜ੍ਹਦੀ ਹਾਂ, ਮਹਾਂਪੁਰਸ਼ਾਂ ਦੀ ਬਾਣੀ ਪੜ੍ਹਦੀ ਹਾਂ ਤੇ ਚੰਗੇ ਲੋਕ ਜੀਉਂਦੇ ਜਾਗਦੇ ਲੋਕ, ਜਿਨ੍ਹਾਂ ਨੂੰ ਪ੍ਰਵਾਨ ਕੀਤਾ ਗਿਆ ਹੈ, ਉਹ ਮਿਲਦੇ ਨੇ ਤੇ ਮੈਂ ਉਨ੍ਹਾਂ ਦੇ ਬਚਨ ਸੁਣਦੀ ਹਾਂ, ਉਹ ਐਸੇ ਬਚਨ ਕਰਦੇ ਨੇ।

ਧਾਰਨਾ - ਜਿੰਦੇ ਰੋਵੇਂਗੀ ਤੇ ਰੋ ਰੋ ਪਛਤਾਵੇਂਗੀ,
ਫੇਰ ਤੇਰਾ ਕੋਈ ਨਾ ਬਣੇ।

ਆਪੀਨੈ ਭੋਗ ਭੋਗਿ ਕੈ ਹੋਇ ਭਸਮੜਿ ਭਉਰੁ ਸਿਧਾਇਆ॥
ਵਡਾ ਹੋਆ ਦੁਨੀਦਾਰੁ ਗਲਿ ਸੰਗਲੁ ਘਤਿ ਚਲਾਇਆ॥
ਅਗੈ ਕਰਣੀ ਕੀਰਤਿ ਵਾਚੀਐ ਬਹਿ ਲੇਖਾ ਕਰਿ ਸਮਝਾਇਆ॥
ਥਾਉ ਨ ਹੋਵੀ ਪਉਦੀਈ ਹੁਣਿ ਸੁਣੀਐ ਕਿਆ ਰੁਆਇਆ॥
ਮਨਿ ਅੰਧੈ ਜਨਮੁ ਗਵਾਇਆ॥ ਅੰਗ - 464

ਬਹੁ ਪਰਪੰਚ ਕਰਿ ਪਰ ਧਨੁ ਲਿਆਵੈ॥
ਸੁਤ ਦਾਰਾ ਪਹਿ ਆਨਿ ਲੁਟਾਵੈ॥
ਮਨ ਮੇਰੇ ਭੂਲੇ ਕਪਟੁ ਨ ਕੀਜੈ
ਅੰਤਿ ਨਿਬੇਰਾ ਤੇਰੇ ਜੀਅ ਪਹਿ ਲੀਜੈ॥ ਅੰਗ - 656

ਪਿਤਾ ਜੀ! ਦਰਗਾਹ ਹੈ ਉਸ ਦਰਗਾਹ ਦੇ ਵਿਚ ਲੇਖੇ ਪੱਤੇ ਦੇਣੇ ਪੈਂਦੇ ਨੇ। ਇਹ ਗਰੀਬਣੀ ਹੈ, ਪੰਜ ਰੁਪਏ ਇਸਨੇ ਮੇਰੇ ਸਾਮ੍ਹਣੇ ਮੋੜੇ ਨੇ। ਕਹਿੰਦਾ, ਤੂੰ ਕਿਉਂ ਇਹੋ ਜਿਹੀ ਗੱਲ ਕਰਦੀ ਐਂ? ਮੈਂ ਤਾਂ ਲੈਣੇ ਨੇ।

ਇਸੇ ਬੱਚੀ ਨੇ ਆਪਣੇ ਬਚਾਏ ਹੋਏ ਪੈਸਿਆਂ 'ਚੋਂ ਉਸ ਮਾਈ ਨੂੰ ਪੈਸੇ ਦੇ ਦਿਤੇ, ਕਹਿੰਦੀ ਤੂੰ ਐਉਂ ਕਰ ਇਹ ਪੈਸੇ ਇਹਨੂੰ ਦੇ ਦੇ। ਐਸੀ ਨਰਮ ਦਿਲ ਸੀ ਬੀਬੀ ਰਜਨੀ। ਗੁਰੂ ਨੂੰ ਮੰਨਣ ਵਾਲੀ ਸੀ ਬਚਪਨ ਤੋਂ ਹੀ, ਭਰੋਸੇ ਵਾਲੀ ਸੀ। ਵਾਹਿਗੁਰੂ ਨੂੰ ਹਾਜ਼ਰ ਨਾਜ਼ਰ ਜਾਣਦੀ ਸੀ।

ਸੋ ਏਸ ਤਰ੍ਹਾਂ ਦੇ ਨਾਲ ਇਕ ਦਿਨ ਉਸ ਨੇ ਸਹਿਜ-ਸੁਭਾਅ, ਸਾਰੀਆਂ ਹੀ ਭੈਣਾਂ, ਚਾਰ ਭੈਣਾਂ ਇਹਦੀਆਂ ਵਿਆਹੀਆਂ ਹੋਈਆਂ ਸੀ, ਸੱਤ ਸੀ ਇਹ, ਇਹ ਸੱਤਵੇਂ ਥਾਉਂ ਸੀ। ਨੌਕਰ ਚਾਕਰ ਸਾਰੇ ਇਕੱਠੇ ਕਰ ਲਏ। ਕਹਿਣ ਲੱਗਿਆ, ਕਿ ਕਿਉਂ ਬਈ, ਤੂੰ ਕਿਹਦਾ ਦਿੱਤਾ ਖਾਂਦਾ ਹੈਂ। ਕਹਿੰਦਾ ਹਜ਼ੂਰ ਅਸੀਂ ਤੁਹਾਡਾ ਦਿੱਤਾ ਖਾਂਦੇ ਹਾਂ, ਹੋਰ ਕਿਹਦਾ ਖਾਂਦੇ ਹਾਂ।

ਕਹਿੰਦਾ, "ਸ਼ਾਬਾਸ਼!"

ਸਾਰਿਆਂ ਨੂੰ ਪੁੱਛਦਾ ਹੈ ਵਾਰੀ-ਵਾਰੀ। ਅਖੀਰ ਘਰਵਾਲੀ ਦੀ ਵਾਰੀ ਆਈ, ਕਹਿੰਦਾ ਜਿਹੜੇ ਤੂੰ ਵਧੀਆ ਕਪੜੇ ਲੀੜੇ ਪਹਿਨਦੀ ਹੈ, ਖਾਂਦੀ ਹੈ, ਕਿਹਦਾ ਦਿੱਤਾ ਖਾਂਦੀ ਹੈਂ?

ਕਹਿਣ ਲੱਗੀ, ਇਹ ਵੀ ਕੋਈ ਪੁੱਛਣ ਵਾਲੀ ਗੱਲ ਹੈ। ਤੁਹਾਡਾ ਹੀ ਦਿੱਤਾ ਖਾਂਦੇ ਹਾਂ। ਉਸ ਤੋਂ ਬਾਅਦ ਲੜਕੀਆਂ ਨੂੰ ਪੁੱਛਿਆ, ਜਵਾਈ ਵੀ ਆਏ ਹੋਏ ਸੀ, ਉਨ੍ਹਾਂ ਨੂੰ ਪੁੱਛਣ ਲਗ ਗਿਆ ਕਿ ਤੁਸੀਂ ਦੱਸੋ, ਐਨਾ ਮੈਂ ਦਹੇਜ ਦਿਤਾ ਹੈ, ਫੇਰ ਹਰ ਵਕਤ ਪੈਸੇ ਦਿੰਦਾ ਰਹਿੰਦਾ ਹਾਂ, ਕੱਪੜੇ ਭੇਜਦਾ ਰਹਿੰਦਾ ਹਾਂ। ਤੁਸੀਂ ਕਿਹਦਾ ਦਿੱਤਾ ਖਾਂਦੇ ਓਂ?

ਕਹਿੰਦੇ, ਪਿਤਾ ਜੀ! ਅਸੀਂ ਤੁਹਾਡਾ ਦਿਤਾ ਖਾਂਦੇ ਹਾਂ।

ਪੁੱਛਦੇ-ਪੁੱਛਦੇ ਰਜਨੀ ਦੀ ਵਾਰੀ ਆ ਗਈ। ਰਜਨੀ ਸੋਚੀ ਜਾਂਦੀ ਹੈ ਕਿ ਸਾਰੇ ਝੂਠ ਬੋਲਦੇ ਨੇ ਜਾਂ ਅਗਿਆਨੀ ਨੇ, ਜਾਂ ਇਨ੍ਹਾਂ ਨੂੰ ਪਤਾ ਨਹੀਂ ਹੈ। ਤਾਂ ਉਸ ਵੇਲੇ ਇਸਨੂੰ ਪੁੱਛਿਆ, ਕਹਿੰਦੇ, ਤੂੰ ਦੱਸ ਰਜਨੀ ਕੀਹਦਾ ਦਿੱਤਾ ਖਾਂਦੀ ਹੈਂ।

ਚੁੱਪ ਕਰ ਗਈ, ਕੋਈ ਜਵਾਬ ਨਹੀਂ ਦਿੱਤਾ। ਫੇਰ ਪੁਛਿਆ, ਕਹਿੰਦਾ, ਜਵਾਬ ਨਹੀਂ ਦਿੰਦੀ ਤੂੰ।

ਤੇਰੇ ਨਾਲ ਤਾਂ ਮੈਂ ਬਹੁਤਾ ਲਾਡ ਕਰਦਾ ਹਾਂ, ਇਹ ਤਾਂ ਵਿਆਹੀਆਂ ਗਈਆਂ, ਵੱਡੀਆਂ ਨੇ। ਤੂੰ ਮੇਰੀ ਗੱਲ ਦਾ ਜਵਾਬ ਕਿਉਂ ਨਹੀਂ ਦਿੰਦੀ?

ਜਦੋਂ ਗੱਲ ਕਰਦੀ ਹੈਂ ਉਲਟੀ ਕਰਦੀ ਹੈਂ। ਮੈਨੂੰ ਐਉਂ ਲਗਦਾ ਹੈ ਕਿ ਤੇਰੇ ਮਨ ਵਿਚ ਹੁਣ ਵੀ ਕੋਈ ਉਲਟੀ ਗੱਲ ਘੁੰਮ ਰਹੀ ਹੈ। ਮਾਂ ਨੇ ਕਿਹਾ ਬੇਟੀ, ਤੂੰ ਦੱਸ ਦੇ ਕੀਹਦਾ ਦਿਤਾ ਖਾਂਦੀ ਹੈਂ, ਬੋਲਦੀ ਕਿਉਂ ਨਹੀਂ?

ਕਹਿੰਦੀ ਮਾਂ ਜੀ! ਜੇ ਮੈਂ ਸੱਚੀ ਗੱਲ ਕਹਿੰਦੀ ਹਾਂ ਤਾਂ ਭਾਂਬੜ ਮਚ ਜਾਏਗਾ ਇਥੇ। ਝੂਠ ਮੈਂ ਬੋਲ ਨਹੀਂ ਸਕਦੀ।

ਕਹਿਣ ਲੱਗੀ, ਫੇਰ ਦੱਸਦੀ ਕਿਉਂ ਨਹੀਂ?

ਰਜਨੀ ਨੇ ਕਿਹਾ, ਪਿਤਾ ਜੀ ਨੇ ਸੁਣਨਾ ਨਹੀਂ ਹੈ?

ਕਹਿੰਦਾ ਕਿਉਂ ਨਹੀਂ ਸੁਣਨਾ, ਦੱਸ ਤੂੰ ਕਿਹਦਾ ਦਿੱਤਾ ਖਾਂਦੀ ਹੈਂ?

ਕਹਿਣ ਲੱਗੀ ਪਿਤਾ ਜੀ! ਮੈਂ ਵਿਚਾਰ ਨਾਲ ਗੱਲ ਕਰਨੀ ਹੈ ਤੁਹਾਡੇ ਨਾਲ। ਜਦੋਂ ਮੈਂ ਮਾਂ ਦੇ ਪੇਟ ਵਿਚ ਸੀ, ਉਹਦੇ ਕੌਣ ਬਚਾਉਂਦਾ ਸੀ ਮੈਨੂੰ? ਤੁਸੀਂ ਬਚਾਉਂਦੇ ਸੀ? ਕੌਣ ਸੀ ਉਥੇ, ਜੋ ਮੈਨੂੰ ਖਾਣਾ ਪਹੁੰਚਾਉਂਦਾ, ਮੈਨੂੰ ਪਾਲਿਆ ਹੈ ਜਿਸਨੇ? ਤੁਹਾਨੂੰ ਕੌਣ ਦਿੰਦਾ ਹੈ, ਤੁਹਾਨੂੰ ਸੋਹਣਾ ਸਰੀਰ ਕੀਹਨੇ ਦਿੱਤਾ ਹੈ? ਇਹ ਰਾਜ ਭਾਗ ਕੀਹਨੇ ਦਿੱਤਾ ਹੈ।

ਕਹਿੰਦਾ ਤੂੰ ਤਾਂ ਕਮਲੀ ਹੈ, ਰਾਜ ਭਾਗ ਕੀਹਨੇ ਦੇਣਾ ਹੈ, ਮੈਂ ਆਪਣੀ ਅਕਲ ਨਾਲ ਲਿਆ? ਆਪਣੇ ਬਲ ਨਾਲ ਲੈ ਲਿਆ ਸਭ ਕੁਝ, ਮੈਨੂੰ ਦੇਣ ਵਾਲਾ ਕੋਈ ਨਹੀਂ ਹੈ।

ਕਹਿੰਦੀ, ਨਾ ਪਿਤਾ ਜੀ! ਪ੍ਰਮੇਸ਼ਰ ਦਿੰਦਾ ਹੈ, ਜੇ ਅਧਰੰਗ ਕਰ ਦੇਵੇ ਫੇਰ ਤੁਸੀਂ ਕੀ ਕਰੋਂਗੇ?

ਕਹਿੰਦਾ ਮੈਨੂੰ ਅਧਰੰਗ ਕਿਉਂ ਹੋ ਜਾਏਗਾ। ਹੋ ਹੀ ਨਹੀਂ ਸਕਦਾ।

ਕਹਿਣ ਲੱਗੀ, ਨਾ ਉਹਦੇ ਤਾਂ ਬਹੁਤ ਲੰਮੇ ਹੱਥ ਨੇ, ਕੋਈ ਬਿਮਾਰੀ ਲਾ ਦੇਵੇ, ਕੋਈ ਗਲੀਮ ਚੜ੍ਹ ਕੇ ਆ ਜਾਵੇ ਤੇ ਤੁਹਾਨੂੰ ਕੱਢ ਦੇਵੇ ਇਥੋਂ ਫੇਰ?

ਕਹਿੰਦਾ, ਮੈਨੂੰ ਕੌਣ ਕੱਢ ਸਕਦਾ ਹੈ, ਕਿਸੇ ਦੀ ਤਾਕਤ ਹੈ ਜਿਹੜਾ ਮੈਨੂੰ ਕੱਢ ਦੇਵੇ? ਉਲਟੀਆਂ ਗੱਲਾਂ ਕਰਦਾ ਹੈ।

ਕਹਿਣ ਲੱਗੀ, ਪਿਤਾ ਜੀ! ਜੇ ਮੇਰੇ ਤੋਂ ਪੁੱਛਦੇ ਓਂ, ਤਾਂ ਮੇਰਾ ਮਾਲਕ ਦਿੰਦਾ ਹੈ ਮੈਨੂੰ ਖਾਣ ਵਾਸਤੇ, ਜਿਹਨੇ ਮੈਨੂੰ ਪੈਦਾ ਕਰਿਆ ਹੈ। ਮੇਰਾ ਮਾਲਕ ਉਹ ਹੈ, ਜਿਹਨੇ ਮੈਨੂੰ ਅੱਗ ਵਿਚ ਵੀ ਖਾਣ ਨੂੰ ਦਿਤਾ। ਐਸ ਤਰ੍ਹਾਂ ਫੁਰਮਾਨ ਹੈ-

ਧਾਰਨਾ - ਦੇਹ ਆਹਾਰ, ਅਗਨ ਮਹਿ ਰਾਖੈ,
ਐਸਾ ਖਸਮ ਹਮਾਰਾ ਜੀ।

ਕਹਿਣ ਲੱਗੀ, ਜਿਹੜਾ ਸਾਰਿਆਂ ਨੂੰ ਰੋਜ਼ੀ ਦਿੰਦਾ ਹੈ, ਮੈਂ ਉਹਦਾ ਦਿਤਾ ਖਾਂਦੀ ਹਾਂ।

ਰੇ ਚਿਤ ਚੇਤਸਿ ਕੀ ਨ ਦਯਾਲ ਦਮੋਦਰ ਬਿਬਹਿ ਨ ਜਾਨਸਿ ਕੋਈ॥
ਜੇ ਧਾਵਹਿ ਬ੍ਰਹਮੰਡ ਖੰਡ ਕਉ ਕਰਤਾ ਕਰੈ ਸੁ ਹੋਈ॥
ਜਨਨੀ ਕੇਰ ਉਦਰ ਉਦਕ ਮਹਿ ਪਿੰਡੁ ਕੀਆ ਦਸ ਦੁਆਰਾ॥
ਦੇਇ ਅਹਾਰ ਅਗਨਿ ਮਹਿ ਰਾਖੈ ਐਸਾ ਖਸਮੁ ਹਮਾਰਾ॥
ਅੰਗ - 488

ਪਿਤਾ ਜੀ, ਉਹ ਮੇਰਾ ਮਾਲਕ ਦਿੰਦਾ ਹੈ, ਸਾਰਿਆਂ ਨੂੰ ਰੋਜ਼ੀ।

ਕਿਉਂ ਡਰਦਾ ਹੈਂ? ਉਹ ਤਾਂ ਰੋਜ਼ੀ ਦੇਣ ਵਾਲਾ ਹੈ ਸਾਰਿਆਂ ਨੂੰ।

ਨਾਨਕ ਚਿੰਤਾ ਮਤਿ ਕਰਹੁ ਚਿੰਤਾ ਤਿਸ ਹੀ ਹੇਇ॥
ਜਲ ਮਹਿ ਜੰਤ ਉਪਾਇਨੁ ਤਿਨਾ ਭਿ ਰੋਜੀ ਦੇਇ॥
ਓਥੈ ਹਟ ਨ ਚਲਈ ਨਾ ਕੋ ਕਿਰਸ ਕਰੇਇ॥
ਸਉਦਾ ਮੂਲਿ ਨ ਹੋਵਈ ਨਾ ਕੋ ਲਏ ਨ ਦੇਇ॥
ਜੀਆ ਕਾ ਆਹਾਰ ਜੀਆ ਖਾਣਾ ਏਹੁ ਕਰੇਇ॥
ਵਿਚਿ ਉਪਾਏ ਸਾਇਰਾ ਤਿਨਾ ਭਿ ਸਾਰ ਕਰੇਇ॥
ਨਾਨਕ ਚਿੰਤਾ ਮਤ ਕਰਹੁ ਚਿੰਤਾ ਤਿਸ ਹੀ ਹੇਇ॥
ਅੰਗ - 955

ਦੁਨੀਚੰਦ ਲੜਕੀ ਦੀ ਇਹ ਗੱਲ ਸੁਣ ਕੇ ਨਰਾਜ਼ ਹੋ ਗਿਆ। ਕਹਿਣ ਲੱਗਿਆ ਕਿ ਇਹਦੇ ਲਈ ਲੰਗੜਾ ਲੂਲਾ ਬੰਦਾ ਲੱਭੋ, ਮੈਂ ਇਸ ਦੀ ਉਸ ਨਾਲ ਸ਼ਾਦੀ ਕਰਕੇ, ਇਸਨੂੰ ਅੱਜ ਹੀ ਰਾਜ ਵਿਚੋਂ ਕੱਢ ਦੇਣਾ ਹੈ।

ਸਾਰਾ ਸ਼ਹਿਰ ਕੰਬ ਗਿਆ ਕਿ ਇਹ ਜਿੱਦੀ ਬੰਦਾ ਹੈ, ਇਹਨੇ ਹਟਣਾ ਤਾਂ ਹੈ ਨਹੀਂ ਤੇ ਹੁਣ ਹੋਏਗਾ ਕੀ ਤੇ ਕਹਿੰਦਾ ਅੱਜ ਹੀ ਭਾਲ ਕੇ ਲਿਆਓ। ਅੱਜ ਹੀ ਮੈਂ ਇਹਦੇ ਫੇਰੇ ਦੇਣੇ ਨੇ, ਤੇ ਕੱਲ੍ਹ ਨੂੰ ਮੈਂ ਇਹਨੂੰ ਆਪਣੇ ਰਾਜ ਵਿਚੋਂ

ਕੱਢ ਦੇਣਾ ਹੈ।

ਹੁਕਮ ਦੀ ਤਮੀਲ ਕੀਤੀ ਗਈ। ਕਿ ਲੂਲਾ ਬੰਦਾ, ਜਿਸਦੇ ਨਾ ਪੈਰ ਚਲਦੇ ਨੇ, ਨਾ ਹੱਥ ਚਲਦੇ ਨੇ, ਸਾਰੇ ਸਰੀਰ ਦੇ ਵਿਚੋਂ ਦੁਰਗੰਧ ਆ ਰਹੀ ਹੈ, ਕੋਈ ਨੇੜੇ ਨਹੀਂ ਲਗਦਾ। ਕਪੜੇ 'ਚ ਵਲੇਟ ਕੇ ਟੋਕਰੇ 'ਚ ਪਾ ਕੇ, ਚੁਕਾ ਲਿਆਏ। ਲਿਆ ਕੇ ਅੱਗੇ ਰੱਖ ਦਿਤਾ, ਕਹਿਣ ਲੱਗਿਆ, ਰਜਨੀ, ਹੁਣ ਦੱਸ ਤੂੰ ਕੀ ਕਰੇਂਗੀ? ਤੇਰਾ ਰੱਬ ਤੈਨੂੰ ਰੋਟੀ ਕਿਥੋਂ ਦਏਗਾ, ਇਹ ਮੈਂ ਦੇਖਣਾ ਚਾਹੁੰਦਾ ਹਾਂ। ਇਹਦੇ ਨਾਲ ਤੇਰਾ ਮੈਂ ਵਿਆਹ ਕਰ ਦੇਣਾ ਹੈ। ਸੋ ਉਸ ਵੇਲੇ ਸਾਵਧਾਨ ਹੋਈ, ਅੰਤਰ ਧਿਆਨ ਹੋਈ, ਫੇਰੇ ਸ਼ੁਰੂ ਹੋ ਗਏ, ਪੰਡਤ ਬੁਲਾ ਲਿਆ। ਹੁਣ ਇਹਦਾ ਕੋਈ ਚਾਰਾ ਨਹੀਂ ਸੰਸਾਰ ਦੇ ਅੰਦਰ, ਕੋਈ ਬੰਦਾ ਨਹੀਂ ਐਸਾ ਜਿਹੜਾ ਇਹਦੀ ਮਦਦ ਕਰ ਸਕੇ। ਉਸ ਵੇਲੇ ਅੰਤਰ ਧਿਆਨ ਹੋ ਕੇ ਅਰਦਾਸ ਕਰਦੀ ਹੈ –

ਧਾਰਨਾ – ਤੇਰਿਆਂ ਚਰਨਾਂ ਬਾਝੋਂ ਹੋਰ ਆਸਰਾ ਨਾ ਕੋਈ।

ਕਿਸ ਹੀ ਕੋਈ ਕੋਇ ਮੰਞੁ ਨਿਮਾਣੀ ਇਕੁ ਤੂ॥
ਕਿਉ ਨ ਮਰੀਜੈ ਰੋਇ ਜਾ ਲਗੁ ਚਿਤਿ ਨ ਆਵਹੀ॥

ਅੰਗ – 792

ਅਰਦਾਸ ਕਰਦੀ ਹੈ, ਹੇ ਪ੍ਰਭੂ! ਹੁਣ ਮੈਨੂੰ ਬਲ ਦੇਹ। ਮੈਂ ਸੱਚ ਬੋਲਿਆ ਹੈ, ਸੱਚ ਦੇ ਉਤੇ ਟੇਕ ਰੱਖੀ ਹੈ, ਮੇਰੀ ਸਹਾਇਤਾ ਕਰ। ਉਸ ਵੇਲੇ ਪਿਤਾ ਕਹਿਣ ਲੱਗਿਆ, ਰਜਨੀ! ਹੁਣ ਦੱਸ ਕਿ ਕੀਹਦਾ ਦਿੱਤਾ ਖਾਂਦੀ ਹੈਂ?

ਆਹ ਲੂਲਾ ਤੇ ਕੋਹੜੀ ਬੰਦਾ ਤੈਨੂੰ ਕਮਾ ਕੇ ਖਿਲਾਇਆ ਕਰੇਗਾ ਮੈਂ ਇਸ ਦੇ ਨਾਲ ਤੈਨੂੰ ਵਿਆਹ ਦੇਣਾ ਹੈ।

ਕਹਿਣ ਲੱਗੀ, ਪਿਤਾ ਜੀ! ਤੁਸੀਂ ਕੁਛ ਨਹੀਂ ਕਰ ਰਹੇ, ਇਹ ਤਾਂ ਸਾਰਾ ਜਿੰਨਾ ਵੀ ਖੇਲ੍ਹ ਹੋ ਰਿਹਾ ਹੈ, ਇਹ ਮੇਰੇ ਭਾਗਾਂ ਦਾ ਖੇਲ੍ਹ ਹੋ ਰਿਹਾ, ਤੇ ਪ੍ਰਮੇਸ਼ਰ ਦੇ ਹੁਕਮ ਵਿਚ ਹੋ ਰਿਹਾ ਹੈ। ਉਹਦੇ ਹੁਕਮ ਦੇ ਵਿਚ ਹੀ ਸਾਰੀ ਸ੍ਰਿਸ਼ਟੀ ਸਾਜੀ ਗਈ ਹੈ। ਉਹਦੇ ਹੁਕਮ ਦੇ ਵਿਚ ਹੀ ਸਾਰੀ ਸ੍ਰਿਸ਼ਟੀ ਢਾਹ ਹੁੰਦੀ ਹੈ। ਹੁਕਮ ਦੇ ਨਾਲ ਹੀ ਮੇਲ ਮਿਲਾਉਂਦਾ ਹੈ, ਹੁਕਮ ਦੇ ਨਾਲ ਹੀ ਵਿਛੋੜਾ ਕਰਦਾ ਹੈ, ਜੇ ਮੇਰਾ ਸੰਜੋਗ ਇਸਦੇ ਨਾਲ ਹੀ ਲਿਖਿਆ ਹੋਇਆ ਹੈ – ਪ੍ਰਮੇਸ਼ਰ ਨੇ, ਫੇਰ ਮੈਨੂੰ ਮਨਜ਼ੂਰ ਹੈ, ਮੈਨੂੰ ਤੁਹਾਡੇ ਉਤੇ ਕੋਈ ਰੰਜ ਨਹੀਂ। ਮੈਨੂੰ ਕੋਈ ਗੁੱਸਾ ਨਹੀਂ ਤੁਹਾਡੇ ਉਤੇ। ਠੀਕ ਹੈ, ਕਿਉਂਕਿ ਗੁਰੂ ਮਹਾਰਾਜ ਐਸਾ ਫੁਰਮਾਨ ਕਰਦੇ ਨੇ –

ਧਾਰਨਾ – ਹੁਕਮੈ ਸਾਜੈ, ਹੁਕਮੈ ਢਾਹੈ,
ਹੁਕਮੈ ਮੇਲ ਮਿਲਾਇੰਦਾ।
ਹੈ ਭੀ ਸਾਚਾ ਹੋਸੀ ਸੋਈ॥
ਆਪੇ ਸਾਜੇ ਅਵਰੁ ਨ ਕੋਈ॥ ***ਅੰਗ – 1060***

ਪਹਿਲਾਂ ਵੀ ਉਹ ਹੈਗਾ ਤੇ ਹੁਣ ਵੀ ਉਹ ਹੈਗਾ, ਸਾਜਣਾ ਤੇ ਢਾਹ ਦੇਣਾ ਉਹਦਾ ਹੀ ਕੰਮ ਹੈ।

ਸਭਨਾ ਸਾਰ ਕਰੇ ਸੁਖਦਾਤਾ ਆਪੇ ਰਿਜਕੁ ਪਹੁਚਾਇਦਾ॥

ਅੰਗ – 1060

ਇਕ ਛੋਟਾ ਜਿਹਾ ਮੱਛਰ ਵੀ ਉਹਦੇ ਧਿਆਨ ਤੋਂ ਬਾਹਰ ਨਹੀਂ। ਸਾਰਿਆਂ ਦੀ ਸਾਰ ਕਰਦਾ ਹੈ। ਆਪਣੇ ਆਪ ਹੀ ਉਹਨੇ ਪ੍ਰਬੰਧ ਕਰਨਾ ਹੈ ਰਿਜਕ ਪੁਚਾਉਣ ਦਾ।

ਅਗਮ ਅਗੋਚਰੁ ਅਲਖ ਅਪਾਰਾ॥
ਕੋਇ ਨ ਜਾਣੈ ਤੇਰਾ ਪਰਵਾਰਾ॥
ਆਪਣਾ ਆਪੁ ਪਛਾਣਹਿ ਆਪੇ ਗੁਰਮਤੀ ਆਪਿ ਬੁਝਾਇਦਾ॥
ਪਾਤਾਲ ਪੁਰੀਆ ਲੋਅ ਆਕਾਰਾ॥
ਤਿਸੁ ਵਿਚਿ ਵਰਤੈ ਹੁਕਮੁ ਕਰਾਰਾ॥
ਹੁਕਮੇ ਸਾਜੇ ਹੁਕਮੇ ਢਾਹੇ ਹੁਕਮੇ ਮੇਲਿ ਮਿਲਾਇਦਾ॥

ਅੰਗ – 1060

ਕਹਿਣ ਲੱਗੀ, ਪਿਤਾ ਜੀ! ਮੈਂ ਤੁਹਾਨੂੰ ਦੋਸ਼ ਨਹੀਂ ਕੋਈ ਵੀ ਦਿੰਦੀ। ਲੇਕਿਨ ਮੈਂ ਝੂਠ ਨਹੀਂ ਬੋਲ ਸਕਦੀ। ਇਹ ਤਾਂ ਸਭ ਕੁਝ ਹੁਕਮ ਵਿਚ ਹੋ ਰਿਹਾ ਹੈ।

ਸਭੁ ਕਿਛੁ ਹੁਕਮੇ ਆਵਦਾ ਸਭੁ ਕਿਛੁ ਹੁਕਮੇ ਜਾਇ॥
ਜੇ ਕੋ ਮੂਰਖ ਆਪਹੁ ਜਾਣੈ ਅੰਧਾ ਅੰਧੁ ਕਮਾਇ॥

ਅੰਗ – 556

ਕਿੱਡੀ ਵੱਡੀ ਗੱਲ ਮਹਾਰਾਜ ਨੇ ਕਹਿ ਦਿਤੀ। ਕਹਿੰਦੇ ਸਭ ਕੁਛ ਹੁਕਮ ਵਿਚ ਆਉਂਦਾ ਹੈ, ਹੁਕਮ ਵਿਚ ਜਾਂਦਾ ਹੈ, ਜੇ ਕੋਈ ਕਹੇ ਮੈਂ ਕਰਦਾ ਹਾਂ, ਕਹਿੰਦੇ ਉਹ ਤਾਂ ਅੰਨ੍ਹਾ ਪੁਰਸ਼ ਹੈ, ਅੰਨ੍ਹਾ ਪੁਰਸ਼ ਜੋ ਹੈ ਉਹ ਤਾਂ ਅੰਧੇਰ ਕਮਾ ਰਿਹਾ ਹੈ।

ਨਾਨਕ ਹੁਕਮੁ ਕੋ ਗੁਰਮੁਖਿ ਬੁਝੈ
ਜਿਸ ਨੋ ਕਿਰਪਾ ਕਰੇ ਰਜਾਇ॥ ***ਅੰਗ – 556***

ਸੋ ਇਸ ਤਰ੍ਹਾਂ ਫੁਰਮਾਨ ਹੈ –

ਧਾਰਨਾ – ਲੇਖ ਨਾ ਮਿਟਦੇ ਨੇ,
ਪਿਆਰੇ ਲਿਖੇ ਧੁਰ ਦਰਗਾਹੋਂ।
ਲੇਖੁ ਨ ਮਿਟਈ ਹੇ ਸਖੀ ਜੋ ਲਿਖਿਆ ਕਰਤਾਰਿ॥
ਆਪੇ ਕਾਰਣੁ ਜਿਨਿ ਕੀਆ ਕਰਿ ਕਿਰਪਾ ਪਹੁ ਧਾਰਿ॥

ਅੰਗ – 937

ਕਹਿਣ ਲੱਗੀ, ਪਿਤਾ ਜੀ, ਜੇ ਮੇਰੇ ਮਸਤਕ ਵਿਚ ਮੇਰਾ ਸੰਜੋਗ ਇਹੀ ਹੈ ਤਾਂ ਮੈਨੂੰ ਪ੍ਰਵਾਨ ਹੈ, ਇਹ ਮੇਰਾ ਭਗਵਾਨ ਹੈ, ਕਿਉਂਕਿ ਲੇਖ ਟਲਿਆ ਨਹੀਂ ਕਰਦਾ।

ਗੁਰੂ ਗ੍ਰੰਥ ਸਾਹਿਬ ਜੀ ਵਿਚ ਐਸਾ ਜ਼ਿਕਰ ਆਉਂਦਾ ਹੈ ਕਿ ਇਕ ਰਾਜਾ ਜੋ ਅਰਜਨ ਦਾ ਪੋਤਰਾ ਸੀ, ਇਨ੍ਹਾਂ

ਦਾ ਲੜਕਾ ਅਭਿਮਨਿਊ ਤਾਂ ਸ਼ਹੀਦ ਹੋ ਗਿਆ ਸੀ, ਉਹਦਾ ਲੜਕਾ ਪ੍ਰੀਛਤ ਸੀ, ਪ੍ਰੀਛਤ ਦਾ ਲੜਕਾ ਜਨਮੇਜਾ ਸੀ। ਜਨਮੇਜੇ ਦੇ ਕੋਲ ਇਨ੍ਹਾਂ ਦਾ ਦਾਦਾ ਪੜਦਾਦਾ ਵਿਆਸ ਜੀ ਮਿਲਣ ਵਾਸਤੇ ਆਏ। ਉਥੇ ਕਥਾ ਕਰਦੇ ਨੇ, ਇਹਨੇ ਕਿੰਤੂ ਕੀਤੀ। ਕਹਿਣ ਲੱਗਿਆ ਮਹਾਂਪੁਰਸ਼ੋ! ਤੁਸੀਂ ਇਹ ਕਥਾ ਕਰਦੇ ਹੋਂ ਕਿ ਭੀਸ਼ਮ ਪਿਤਾਮਾ ਬਹੁਤ ਵੱਡਾ ਵਿਦਵਾਨ ਸੀ, ਬਹੁਤ ਵੱਡਾ ਯੋਗੀ ਸੀ ਤੇ ਦਰੋਣਾਚਾਰੀਆ ਜਿਹੜਾ ਸੀ ਉਹ ਵੀ ਬੜੇ ਅਸੂਲਾਂ ਦਾ ਬੰਦਾ ਸੀ। ਕ੍ਰਿਸ਼ਨ ਮਹਾਰਾਜ ਵੀ ਤੁਸੀਂ ਕਹਿੰਦੇ ਹੋ ਕਿ ਭਗਵਾਨ ਸੀ ਉਹ, ਦੁਆਪਰ ਯੁੱਗ ਦੇ ਅਵਤਾਰ; ਤੇ ਤੁਸੀਂ ਤਾਂ ਵੇਦ ਵਿਆਸ ਕਹਾਉਂਦੇ ਹੀ ਹੋ, ਤ੍ਰਿਕਾਲ ਦਰਸ਼ੀ ਓਂ, ਤਿੰਨਾਂ ਸਮਿਆਂ ਦੀ ਤੁਹਾਨੂੰ ਸੋਝੀ ਹੈ, ਪਿਛੇ ਜੋ ਬੀਤ ਚੁੱਕਿਆ ਉਹਦਾ ਪਤਾ ਹੈ, ਹੁਣ ਵੀ ਸਮਾਂ ਬੀਤ ਰਿਹਾ ਹੈ ਉਹਦਾ ਵੀ ਪਤਾ ਹੈ, ਜੋ ਅੱਗੇ ਨੂੰ ਆਉਣਾ ਹੈ ਉਹਦਾ ਵੀ ਪਤਾ ਹੈ। ਪਰ ਮੈਂ ਹੱਥ ਜੋੜ ਕੇ ਬੇਨਤੀ ਕਰਦਾ ਹਾਂ ਕਿ ਤੁਸੀਂ ਲੜਾਈ ਕਿਉਂ ਹੋਣ ਦਿਤੀ ਮਹਾਂਭਾਰਤ ਦੀ? 45 ਲੱਖ ਬੰਦਾ 18 ਦਿਨ ਵਿਚ ਮਰ ਗਿਆ। ਬੰਦਾ ਵੀ ਉਹ ਜਿਹੜਾ top ਦਾ ਸੀ, ਜਵਾਨੀ ਸਾਰੀ ਹਿੰਦੋਸਤਾਨ ਦੀ ਉਸਨੇ ਖਤਮ ਕਰ ਦਿਤੀ। ਕੋਈ ਬੰਦਾ ਸਮਝਾਉਣ ਵਾਲਾ ਨਹੀਂ ਸੀ? ਕਹਿਣ ਲੱਗੇ ਜਨਮੇਜਾ! ਉਹ ਗੱਲ ਤਾਂ ਵਖਰੀ ਰਹੀ ਕਿ ਕਿਸੇ ਨੂੰ ਸਮਝਾਇਆ ਕਿ ਨਹੀਂ ਪਰ ਸਾਡੇ ਸਮਝਾਉਣ ਦੇ ਬਾਵਜੂਦ ਗੱਲ ਨੇ ਇਵੇਂ ਜਿਵੇਂ ਹੋਣਾ ਸੀ, ਸੋ ਨਹੀਂ ਟਲ ਸਕਿਆ। ਕ੍ਰਿਸ਼ਨ ਮਹਾਰਾਜ ਨੇ ਬਥੇਰਾ ਸਮਝਾਇਆ। ਬਿਦਰ ਦੇ ਘਰ ਸਫ ਦੇ ਉਤੇ ਆ ਕੇ ਸੁੱਤੇ, ਉਹ ਆਏ ਹੀ ਸੀ ਇਨ੍ਹਾਂ ਨੂੰ ਸਮਝਾਉਣ ਵਾਸਤੇ ਪਰ ਗੱਲ ਸਾਰੇ ਹੀ ਜਾਣਦੇ ਸੀ, ਕੋਈ ਬੰਦਾ ਐਸਾ ਨਹੀਂ ਸੀ ਜਿਹੜਾ ਨਹੀਂ ਜਾਣਦਾ ਸੀ, ਇਹ ਵੀ ਪਤਾ ਸੀ ਕਿ ਬੜਾ ਭਾਰੀ ਵਿਨਾਸ਼ ਹੋਣਾ ਹੈ, ਦੋ ਸ਼ਕਤੀਆਂ ਨੇ ਭਿੜਨਾ ਹੈ ਜੋ ਬਰਾਬਰ ਦੀਆਂ ਨੇ। ਇਥੇ ਤਾਂ ਬਚਣਾ ਹੀ ਕਿਸੇ ਨੇ ਨਹੀਂ ਕਿਉਂਕਿ ਸਾਰਿਆਂ ਕੋਲ ਅਸਤਰ ਸੀਗੇ, ਉਨ੍ਹਾਂ ਕੋਲ ਵੀ ਬੜੇ ਅਸਤਰ ਸੀ, ਇਨ੍ਹਾਂ ਕੋਲ ਵੀ ਬੜੇ ਅਸਤਰ ਸੀ। ਲੇਕਿਨ ਇਹ ਹੋਣਾ ਹੀ ਸੀ, ਸੋ ਹੋ ਗਿਆ।

ਕਹਿੰਦਾ, ਆਹ ਤਾਂ ਗੱਲ ਪਿਛੋਂ ਕਹੀ ਜਾਂਦੀ ਹੈ ਕਿ ਹੋ ਗਿਆ, ਹੋਣਾ ਹੀ ਸੀ। ਜੇ ਆਦਮੀ ਨਾ ਹੋਣ ਦੇਵੇ?

ਕਹਿੰਦੇ, ਤੇਰੇ ਵਿਚ ਤਾਕਤ ਹੈ ਨਾ ਹੋਣ ਦੇਣ ਦੀ?

ਕਹਿੰਦਾ, ਹਾਂ, ਮੈਨੂੰ ਪਤਾ ਹੋਵੇ ਕਿ ਆਹ ਗੱਲ ਹੋਣੀ ਹੈ, ਮੈਂ ਨਹੀਂ ਹੋਣ ਦੇਵੇਂਗਾ।

ਕਹਿੰਦੇ, ਤੇਰੇ ਨਾਲ ਜੋ ਬੀਤੀ ਹੈ ਨਾ ਉਹ ਅਸੀਂ ਦੱਸ ਦਿੰਦੇ ਹਾਂ।

ਕਹਿੰਦਾ, ਦੱਸੋ?

ਲਿਖ ਲੈ ਕਹਿੰਦੇ, ਲਿਖਾਰੀ ਬੁਲਾ ਲੈ, ਕਹਿਣ ਲੱਗੇ ਤੂੰ ਇਕ ਅਪੱਛਰਾ ਲੈ ਕੇ ਆਏਂਗਾ। ਉਸ ਤੋਂ ਵੀ ਪਹਿਲਾਂ ਦਾ ਦੱਸ ਦਿਤਾ ਕਿ ਇਕ ਘੋੜੀ ਖਰੀਦੇਗਾ, ਉਸ ਘੋੜੀ ਤੇ ਚੜ੍ਹ ਕੇ ਤੂੰ ਦੱਖਣ ਦਿਸ਼ਾ ਵਲ ਨੂੰ ਜਾਏਂਗਾ, ਉਥੇ ਤੈਨੂੰ ਇਕ ਬਹੁਤ ਸੁੰਦਰ ਇਸਤਰੀ ਮਿਲੇਗੀ, ਜਿਹਦਾ ਜਾਤ ਵਰਨ ਕੋਈ ਜਾਣਦਾ ਨਹੀਂ ਹੋਏਗਾ। ਉਸਨੂੰ ਤੂੰ ਮਹਿਲਾਂ ਵਿਚ ਲੈ ਆਏਂਗਾ ਤੇ ਉਸ ਦੇ ਇਸ਼ਾਰਿਆਂ ਤੇ ਨਚਣਾ ਸ਼ੁਰੂ ਕਰ ਦੇਵੇਂਗਾ। ਜਿਵੇਂ ਗੁੱਡੀ ਅਸਮਾਨ ਵਿਚ ਤੁਣਕੇ ਨਾਲ ਚਲਦੀ ਹੈ, ਐਉਂ ਚਲੇਂਗਾ ਉਸਦੇ ਇਸ਼ਾਰਿਆਂ ਤੇ ਤੂੰ। ਉਹਦਾ ਕਿਹਾ ਮੰਨੇਂਗਾ। ਤੇਰੀ ਬਦਨਾਮੀ ਹੋ ਜਾਣੀ ਹੈ, ਉਸ ਨੂੰ ਦੂਰ ਕਰਨ ਵਾਸਤੇ ਤੂੰ ਇਕ ਯੱਗ ਕਰੇਂਗਾ। ਉਸ ਯੱਗ ਦੇ ਵਿਚ ਤੂੰ 18 ਗੋਤਾਂ ਦੇ ਬ੍ਰਾਹਮਣਾਂ ਨੂੰ ਬੁਲਾਏਂਗਾ। ਉਨ੍ਹਾਂ ਬੱਚਿਆਂ ਦਾ ਕੋਈ ਕਸੂਰ ਨਹੀਂ ਹੋਏਗਾ, ਉਹ ਆਪਣੀ ਗੱਲ ਤੇ ਹਸਦੇ ਹੋਣਗੇ, ਤੂੰ ਉਨ੍ਹਾਂ ਦਾ ਗੱਲ ਵੱਢ ਦਏਂਗਾ ਤੇ ਤੈਨੂੰ ਕੋਹੜ ਹੋ ਜਾਏਗਾ। ਦੁਖੀ ਹੋਏਂਗਾ, ਕੋਈ ਦਵਾਈ ਨਹੀਂ ਲੱਗਣੀ। ਉਸ ਤੋਂ ਬਾਅਦ ਤੂੰ ਮੇਰੇ ਕੋਲ ਆਏਂਗਾ ਮੈਂ ਤੈਨੂੰ ਭਾਗਵਤ ਦੀ ਕਥਾ, ਵਾਹਿਗੁਰੂ ਦਾ ਜਸ ਸੁਣਾਵਾਂਗਾ। ਉਹਦੇ ਵਿਚ ਜਦੋਂ ਮੈਂ ਸਾਖੀ ਸੁਣਾਵਾਂਗਾ ਕਿ ਭੀਮ ਨੇ ਆਪਣੀ ਸ਼ਕਤੀ ਵਰਤ ਕੇ ਮੰਤਰ ਦੇ ਬਲ ਨਾਲ ਹਾਥੀ ਸਪੇਸ ਵਿਚ ਮਾਰੇ ਜਿਹੜੇ ਹੁਣ ਤਕ ਘੁੰਮਦੇ ਫਿਰਦੇ ਨੇ, ਉਥੇ ਨੂੰ ਅਸ਼ਰਧਕ ਹੋ ਜਾਏਂਗਾ, ਉਥੇ ਤੂੰ ਨਾਂਹ ਕਹੇਂਗਾ, ਨਾਂਹ ਕਹਿਣ ਦੇ ਨਾਲ ਤੇਰੇ ਨੱਕ ਤੇ ਕੋਹੜ ਰਹਿ ਜਾਏਗਾ, ਉਹਦੇ ਨਾਲ ਤੂੰ ਮਰੇਂਗਾ। ਜਾਹ ਲਾ ਲੈ ਜ਼ੋਰ।

ਕਹਿੰਦਾ ਲੈ ਇਹ ਵੀ ਗੱਲ ਹੈ ਕੋਈ, ਮੈਂ ਹੋਣ ਹੀ ਨਹੀਂ ਦੇਣਾ।

ਵਿਆਸ ਜੀ ਨੇ ਕਿਹਾ, ਵਰਤਣੀ ਹੈ ਭਾਵੀ, ਕਿਸੇ ਤੋਂ ਟਲੀ ਨਹੀਂ ਹੈ, ਵੱਡੇ-ਵੱਡੇ ਜ਼ੋਰ ਲਾ ਕੇ ਚਲੇ ਗਏ।

ਰਾਜਾ ਜਨਕ ਬੀਰ-ਯਾਤਰਾ ਕਰਦੇ ਤੁਰੇ ਜਾ ਰਹੇ ਨੇ, ਅੱਗੇ ਕੀ ਦੇਖਦੇ ਨੇ ਇਕ ਔਰਤ ਮਰੀ ਪਈ ਹੈ ਜਵਾਨ, ਉਹਦਾ ਲੜਕਾ ਛੇ ਮਹੀਨੇ ਦਾ, ਕਦੇ ਇਧਰਲਾ ਥਣ ਚੁੰਘਦਾ ਹੈ, ਕਦੇ ਏਧਰਲਾ। ਉਸ ਬੱਚੇ ਨੂੰ ਨਹੀਂ ਕੁਛ ਪਤਾ। ਲੋਕ ਬਹੁਤ ਉਦਾਸ ਖੜ੍ਹੇ ਨੇ। ਰਾਜਾ ਜਨਕ ਵੀ ਵਿਚ ਖੜ੍ਹਾ ਦੇਖ ਰਿਹਾ ਹੈ ਤੇ ਇਕ ਲੜਕੀ ਆਈ, ਉਹਦੇ ਸਿਰ ਦੇ ਉਤੇ ਘੜਾ ਚੁਕਿਆ ਹੋਇਆ ਹੈ ਗਾਗਰ, ਉਹ ਪਹਿਲਾਂ ਖੜ੍ਹੀ ਫੇਰ ਹੱਸੀ ਉਚੀ-ਉਚੀ। ਰਾਜੇ ਜਨਕ ਨੇ ਕਿਹਾ ਕਿ ਇਹ ਕਿਉਂ ਹੱਸਦੀ ਹੈ। ਪਿੱਛੇ ਹੋ ਲਿਆ ਉਹਦੇ, ਪਾਣੀ ਲੈਣ ਜਾ ਰਹੀ ਹੈ। ਕਹਿਣ ਲੱਗਿਆ, ਪੁੱਤਰੀ! ਮੈਂ ਰਾਜਾ ਜਨਕ, ਬੀਰ ਯਾਤਰਾ ਕਰ ਰਿਹਾ ਹਾਂ। ਤੇਰੇ ਹਾਸੇ ਨੇ ਮੇਰੇ

ਮਨ ਵਿਚ ਸੰਦੇਹ ਪੈਦਾ ਕਰ ਦਿਤਾ। ਜਾਂ ਤਾਂ ਤੂੰ ਬਹੁਤ ਕਠੋਰ ਕਿਸਮ ਦੀ ਔਰਤ ਹੈਂ ਕੋਈ, ਜਾਂ ਇਹਦੇ ਵਿਚ ਕੋਈ ਬੜਾ ਭਾਰੀ ਰਹੱਸ ਹੈ, ਇਹ ਮੈਨੂੰ ਦੱਸ?

ਉਹ ਕਹਿਣ ਲੱਗੀ ਕੀ ਲੋੜ ਹੈ, ਪ੍ਰਗਟ ਕਰਨ ਦੀ ਕਿ ਮੋਟੀ ਗੱਲ ਐਨੀ ਹੀ ਹੈ ਕਿ ਰਾਜਨ! ਇਹ ਐਵੇਂ ਜਿਵੇਂ ਇਥੇ ਆਹੀ ਗੱਲ ਹੋਣੀ ਸੀ।

ਕਹਿੰਦੇ, ਇਹ ਕੀ ਜਵਾਬ ਹੋਇਆ?

ਕਹਿੰਦੀ, ਤੂੰ ਮੈਨੂੰ ਬੁਲਾ ਨਾ, ਗੱਲ ਆਹੀ ਹੋਣੀ ਸੀ। ਕਹਿੰਦੀ, ਤੈਨੂੰ ਕਿਉਂ ਨਾ ਬੁਲਾਵਾਂ? ਕਹਿਣ ਲੱਗੀ, ਮੇਰੀ ਹੁਣ ਥੋੜ੍ਹੀ ਦੇਰ ਨੂੰ ਮੌਤ ਆਉਣ ਵਾਲੀ ਹੈ, ਕਾਲ ਆਉਣ ਵਾਲਾ ਹੈ, ਮੈਂ ਇਸ਼ਨਾਨ ਕਰਨਾ ਹੈ, ਤੇ ਗਾਗਰ ਭਰ ਕੇ ਲਿਜਾਣੀ ਹੈ, ਘਰ ਵਾਲੇ ਦਾ ਇਸ਼ਨਾਨ ਕਰਾਉਣਾ ਹੈ, ਤੇ ਉਸ ਤੋਂ ਬਾਅਦ ਮੇਰੀ ਮੌਤ ਹੋ ਜਾਣੀ ਹੈ।

ਕਹਿੰਦਾ ਕਿਵੇਂ ਹੋਣੀ ਹੈ? ਕਹਿੰਦੀ ਉਸਨੇ ਕੋਈ ਚੀਜ਼ ਮੰਗਣੀ ਹੈ, ਮਿੱਠਾ ਵਗੈਰਾ। ਮੈਂ ਲੈਣ ਜਾਣਾ ਹੈ ਤੇ ਮੇਰੇ ਉਤੇ ਛੱਤ ਗਿਰ ਪੈਣੀ ਹੈ ਤੇ ਮੈਂ ਮਰ ਜਾਣਾ ਹੈ। ਕਹਿੰਦਾ ਜੇ ਮੈਂ ਤੈਨੂੰ ਜਾਣ ਹੀ ਨਾ ਦੇਵਾਂ। ਗ੍ਰਿਫਤਾਰ ਕਰ ਲਵਾਂ।

ਰਾਜਨ! ਇਹ ਗੱਲ ਹੈ ਨਹੀਂ, ਤੂੰ ਕਰ ਨਹੀਂ ਸਕਦਾ ਮੈਨੂੰ ਗ੍ਰਿਫਤਾਰ ਕਿਉਂਕਿ ਭਗਵਾਨ ਦੀ ਮਰਜ਼ੀ ਹੋਰ ਤਰ੍ਹਾਂ ਹੈ। ਸਾਲਾਹਾਂ ਕਰਦਾ ਹੀ ਰਹਿ ਜਾਏਂਗਾ, ਪਰ ਕਰ ਨਹੀਂ ਸਕੇਂਗਾ।

ਮਨ ਵਿਚ ਖਿਆਲ ਪੈਦਾ ਹੋ ਗਿਆ ਕਿ ਇਹ ਸੱਚ ਕਹਿੰਦੀ ਹੈ ਕਿ ਝੂਠ ਕਹਿੰਦੀ ਹੈ।

ਬੀਬੀ ਨੇ ਇਸ਼ਨਾਨ ਕਰਿਆ, ਗਾਗਰ ਭਰੀ, ਜਦੋਂ ਫੇਰ ਤੁਰੀ, ਕਹਿਣ ਲੱਗਿਆ ਕਿਸੇ ਹੋਰ ਤੇ ਵੀ ਭਾਵੀ ਵਰਤਣੀ ਹੈ, ਕਹਿੰਦੀ ਰਾਵਣ ਤੇ ਵਰਤਣੀ ਹੈ। ਰਾਵਣ ਦੀ ਲੜਕੀ ਨੇ ਚੰਡਾਲ ਦੇ ਘਰ ਵਿਆਹ ਕਰਾਉਣਾ ਹੈ, ਜਿਹੜਾ ਉਨ੍ਹਾਂ ਦੇ ਘਰ ਦੀ ਸਫਾਈ ਕਰਦਾ ਹੈ। ਜਾਹ, ਉਹਨੂੰ ਕਹਿ ਦੇ ਟਾਲ ਲਵੇ। ਮੇਰੇ ਪਿਛੇ ਨਾ ਪੈ। ਮੈਨੂੰ ਹੁਣ ਭਜਨ ਕਰਨ ਦੇ, ਮੇਰਾ ਟਾਈਮ ਥੋੜ੍ਹਾ ਜਿਹਾ ਰਹਿ ਗਿਆ। ਹੁਣ ਨਾ ਬੁਲਾਈਂ ਮੈਨੂੰ।

ਰਾਜਾ ਪਿਛੇ-ਪਿਛੇ ਹੋ ਲਿਆ, ਲੜਕੀ ਅੱਗੇ-ਅੱਗੇ ਹੋ ਲਈ। ਘਰ ਗਈ ਪਤੀ ਦਾ ਇਸ਼ਨਾਨ ਕਰਾਇਆ। ਦੁੱਧ ਲਿਆਂਦਾ, ਜਦੋਂ ਉਹਨੇ ਕਿਹਾ ਮਿੱਠਾ ਥੋੜ੍ਹਾ ਹੈ ਹੋਰ ਲਿਆ, ਅੰਦਰ ਗਈ ਉਤੇ ਛੱਤ ਗਿਰ ਗਈ, ਮਰ ਗਈ ਵਿਚਾਰੀ।

ਬੜਾ ਅਫਸੋਸ ਹੋਇਆ ਕਿ ਸੱਚ ਇਹ ਤਾਂ ਜਿਹੜੀ ਗੱਲ ਹੋਣੀ ਹੁੰਦੀ ਹੈ ਹੋ ਕੇ ਹੀ ਰਹਿੰਦੀ ਹੈ। ਰਾਵਣ ਦੇ ਪਾਸ ਚਲਿਆ ਗਿਆ, ਰਾਵਣ ਨੇ ਪੁਛਿਆ ਕਿ ਰਾਜਨ! ਕਿਸ ਤਰ੍ਹਾਂ ਦੇ ਨਾਲ ਤੁਸੀਂ ਆਏ ਓਂ। ਕਹਿੰਦੇ ਆਹ ਗੱਲ ਹੋਈ, ਤੇ ਮੈਨੂੰ ਉਸ ਲੜਕੀ ਨੇ ਆਹ ਗੱਲ ਕਹੀ ਹੈ। ਤੇਰੀ ਲੜਕੀ ਨੇ ਤੇਰੇ ਘਰ ਦੇ ਵਿਚ ਜੋ ਚੰਡਾਲ ਜਾਤੀ ਦਾ ਤੇਰਾ ਨੌਕਰ ਹੈ, ਉਹਦੇ ਲੜਕੇ ਨਾਲ ਉਹਨੇ ਵਿਆਹ ਕਰਾਉਣਾ ਹੈ। ਕਹਿੰਦਾ ਇਹ ਹੋ ਹੀ ਨਹੀਂ ਸਕਦਾ। ਮੈਂ ਬ੍ਰਾਹਮਣ ਉੱਚ ਜਾਤੀ ਦਾ ਤੇ ਮੈਂ ਉਹਦੇ ਨਾਲ ਕਿਵੇਂ ਆਪਣੀ ਲੜਕੀ ਦੀ ਸ਼ਾਦੀ ਕਰ ਦੇਵੇਂਗਾ। ਉਸੇ ਵੇਲੇ ਰਾਵਣ ਨੇ ਬ੍ਰਹਮਾ ਦਾ ਅਵਾਹਨ ਕਰਿਆ।

ਪੁਛਿਆ, ਮੇਰੇ ਕਿਹੜੀ ਓਲਾਦ ਆ ਰਹੀ ਹੈ?

ਕਹਿੰਦੇ, ਲੜਕੀ ਆ ਰਹੀ ਹੈ।

ਕਹਿਣ ਲੱਗਿਆ, ਓਹਦੀ ਸ਼ਾਦੀ?

ਕਹਿੰਦੇ, ਸ਼ਾਦੀ ਤਾਂ ਤੇਰੇ ਨੌਕਰ ਦੇ ਲੜਕੇ ਨਾਲ ਹੋਣੀ ਹੈ।

ਕਹਿਣ ਲੱਗਿਆ, ਇਹ ਲੇਖ ਕੱਟ ਦਿਓ।

ਬ੍ਰਹਮਾ ਨੇ ਕਿਹਾ ਕਿ ਮੇਰੇ ਵਿਚ ਤਾਂ ਤਾਕਤ ਨਹੀਂ ਹੈ ਕੱਟਣ ਦੀ, ਇਹ ਤਾਂ ਜਿਹੜਾ ਮਾਲਕ ਹੈ ਉਹ ਹੀ ਕੱਟ ਸਕਦਾ ਹੈ। ਜਾਂ ਤੂੰ ਬਿਹੁ ਮਾਤਾ ਨੂੰ ਕਹਿ ਦੇਈਂ, ਜਦੋਂ ਲਿਖਣ ਆਏਗੀ ਓਦਣ ਗੱਲ ਕਰ ਲਈਂ। ਕਿਉਂਕਿ ਇਹ ਸੰਜੋਗ ਤੇ ਵਿਜੋਗ ਦਾ ਮਸਲਾ ਹੈ। ਇਹ ਸਾਡੇ ਹੱਥ ਵਿਚ ਨਹੀਂ ਹੈ। ਇਹ ਤਾਂ ਧੁਰ ਦੀਆਂ ਹੀ ਗੱਲਾਂ ਨੇ।

ਧਾਰਨਾ - ਸੰਜੋਗ ਵਿਜੋਗ ਧੁਰੋਂ ਹੀ ਹੋਇਆ।

ਕਹਿਣ ਲੱਗੇ, ਰਾਜਨ! ਇਹ ਸੰਜੋਗ ਤੇ ਵਿਜੋਗ ਦੀ ਜੋ ਕਲਮ ਚਲਦੀ ਹੈ।

ਜੈਸੀ ਕਲਮ ਵੁੜੀ ਹੈ ਮਸਤਕਿ ਤੈਸੀ ਜੀਅੜੇ ਪਾਸਿ॥
ਕਹੁ ਨਾਨਕ ਪ੍ਰਾਣੀ
ਪਹਿਲੈ ਪਹਰੈ ਹੁਕਮਿ ਪਇਆ ਗਰਭਾਸਿ॥ ਅੰਗ - 75

ਸਭ ਜੀਵਾਂ ਦੇ ਮੱਥੇ ਦੇ ਵਿਚ ਜੋ ਲਿਖਿਆ ਗਿਆ ਹੈ, ਉਹ ਨਾਲ ਲੈ ਕੇ ਪੈਦਾ ਹੁੰਦੇ ਨੇ। ਮੈਂ ਨਹੀਂ ਲਿਖਦਾ, ਮੈਂ ਪੈਦਾ ਜ਼ਰੂਰ ਕਰਦਾ ਹਾਂ।

ਇਹ ਤਾਂ ਹੁਕਮ ਦੀ ਖੇਡ ਚਲ ਰਹੀ ਹੈ, ਸਾਡੀ ਸਮਝ ਤੋਂ ਉਚੀ ਚੀਜ਼ ਹੈ।

ਅਖੀਰ ਲੜਕੀ ਪੈਦਾ ਹੁੰਦੀ ਹੈ, ਬਿਹੁ ਮਾਤਾ ਆ ਗਈ ਲੇਖ ਲਿਖਣ। ਕਹਿਣ ਲੱਗਿਆ, ਕੀ ਲਿਖਣ ਜਾ ਰਹੀ ਹੈਂ। ਕਹਿੰਦੀ, ਇਹ ਤਾਂ ਮੈਨੂੰ ਪਤਾ ਨਹੀਂ।

ਕਹਿਣ ਲੱਗਿਆ, ਚੰਗਾ ਲਿਖ ਕੇ ਮੈਨੂੰ ਦੱਸੀਂ, ਕਲਮ

ਰੱਖ ਦਿਤੀ ਮੱਥੇ ਤੇ, ਲੇਖ ਲਿਖੇ ਗਏ। ਕਹਿੰਦਾ ਹੁਣ ਦੱਸ, ਪੜ੍ਹ ਆਈ।

ਕਹਿੰਦੀ ਹਾਂ ਪੜ੍ਹ ਆਈ।

ਕਹਿੰਦੀ, ਬੜੀ ਭਾਗਸ਼ਾਲੀ ਲੜਕੀ ਹੋਏਗੀ। ਰਾਜੇ ਨਾਲ ਵਿਆਹ ਕਰਾਏਗੀ।

ਕਹਿਣ ਲੱਗਿਆ, ਕੌਣ ਹੈ ਉਹ ਰਾਜਾ।

ਕਹਿੰਦੀ, ਤੇਰੇ ਘਰ ਦਾ ਚੰਡਾਲ ਦਾ ਲੜਕਾ।

ਕਹਿੰਦਾ, ਮੈਂ ਨਹੀਂ ਇਹ ਗੱਲ ਹੋਣ ਦੇਣੀ।

ਕਹਿੰਦੀ, ਅਸੀਂ ਤਾਂ ਦੱਸ ਦਿਤਾ, ਹੋਣ ਦੇਹ ਨਾ ਹੋਣ ਦੇ।

ਉਸੇ ਵੇਲੇ ਲੜਕੇ ਨੂੰ ਬੁਲਾ ਲਿਆ, ਜਲਾਦਾਂ ਨੂੰ ਕਹਿ ਦਿਤਾ ਕਿ ਇਹਦੇ ਇੰਚ-ਇੰਚ ਦੇ ਟੁਕੜੇ ਕਰਕੇ ਸਮੁੰਦਰ ਵਿਚ ਸੁੱਟ ਦਿਓ, ਮੱਛੀਆਂ ਨੂੰ ਖਿਲਾ ਦਿਓ।

ਵਜ਼ੀਰ ਕਹਿਣ ਲੱਗਿਆ, ਮਹਾਰਾਜ! ਅੱਜ ਤੱਕ ਤਾਂ ਇਹ ਗੱਲ ਹੋਈ ਨਹੀਂ ਹੈ। ਇਹ ਗੱਲ ਤੁਸੀਂ ਨਜ਼ਾਇਜ਼ ਕਰ ਰਹੇ ਹੋਂ। ਸਾਰਾ ਰਾਜ ਵਿਗੜ ਜਾਏਗਾ। ਇਹ ਗੱਲ ਨਾ ਕਰੋ।

ਅਖੀਰ ਫੈਸਲਾ ਹੋਇਆ ਕਿ ਇਹਨੂੰ ਲੜਕੇ ਨੂੰ ਚੁੱਕ ਕੇ ਜੰਗਲ ਵਿਚ ਸੁੱਟ ਦਿਓ। ਨਿਰਜਨ ਬਨ ਵਿਚ ਸੁੱਟ ਆਏ, ਸੰਜੋਗ ਨਾਲ ਉਥੇ ਕੋਈ ਮਹਾਤਮਾ ਆ ਗਏ। ਮਹਾਤਮਾ ਚੁੱਕ ਕੇ ਆਪਣੇ ਆਸ਼ਰਮ ਵਿਚ ਲੈ ਆਏ। ਪਾਲਿਆ, 18 ਸਾਲ ਦਾ ਹੋ ਗਿਆ, ਚੌਦਾਂ ਵਿਦਿਆ ਪੜ੍ਹਾਈਆਂ। ਮਹਾਤਮਾ ਕਹਿਣ ਲੱਗੇ, ਬੇਟਾ! ਤੇਰੀ ਕਿਸਮਤ ਵਿਚ ਰਾਜ ਲਿਖਿਆ ਹੋਇਆ। ਜਹਾਜ਼ ਲੈ ਜਾ ਤੇ ਕਿਸੇ ਟਾਪੂ ਵਿਚ ਜਾਹ।

ਜਹਾਜ਼ ਲੈ ਕੇ ਜਾਂਦੈ, ਇਕ ਟਾਪੂ 'ਚ ਗਿਆ। ਉਥੇ ਦਾ ਰਾਜਾ ਮਰ ਗਿਆ। ਉਥੇ ਦਾ ਰਾਜਾ ਮਰ ਗਿਆ, ਪਰਜਾ ਨੇ ਫੈਸਲਾ ਕਰਿਆ, ਜੋ ਅੱਜ ਪਹਿਲਾਂ ਆਏਗਾ ਦਰਵਾਜ਼ੇ ਦੇ ਅੱਗੇ, ਉਹਨੂੰ ਰਾਜ ਤਖਤ ਤੇ ਬਿਠਾਵਾਂਗਾ। ਸਭ ਤੋਂ ਪਹਿਲਾਂ ਇਹ ਆਇਆ ਤਾਂ ਤਖਤ ਤੇ ਬਿਠਾ ਦਿਤਾ। ਪੜ੍ਹਿਆ ਲਿਖਿਆ ਸੀ, ਬਹੁਤ ਵਧੀਆ ਰਾਜ ਕੀਤਾ। ਦੂਰ-ਦੂਰ ਤਕ ਮਸ਼ਹੂਰੀ ਫੈਲ ਗਈ। ਖਬਰਾਂ ਪਹੁੰਚ ਗਈਆਂ ਕਿ ਇਕ ਰਾਜਕੁਮਾਰ ਐਸਾ ਹੈ ਕਿ ਉਸ ਨੇ ਰਾਜ ਦਾ ਹੁਲੀਆ ਹੀ ਬਦਲ ਦਿਤਾ। ਲੋਕਾਂ ਦੀ ਭੁੱਖ ਦੂਰ ਕਰ ਦਿਤੀ, ਦੁੱਖ ਦੂਰ ਕਰ ਦਿਤੇ, ਰੋਗ ਦੂਰ ਕਰ ਦਿਤੇ, ਮੁਕੱਦਮੇ ਦੂਰ ਕਰ ਦਿਤੇ, ਝਗੜੇ ਝਾਟੇ ਸਭ ਖਤਮ ਕਰ ਦਿਤੇ। ਰਾਜ 'ਚ ਸ਼ਾਂਤੀ ਐਨੀ ਹੋਈ ਹੈ ਕਿ ਬੈਕੁੰਠ ਬਣ ਗਿਆ। ਉਡਦੀ-ਉਡਦੀ ਗੱਲ ਰਾਵਣ ਦੀ ਲੜਕੀ ਕੋਲ ਵੀ ਪਹੁੰਚ ਗਈ। ਮਨ ਵਿਚ ਫੈਸਲਾ ਕਰ ਲਿਆ ਕਿ ਮੈਂ ਜੇ ਵਿਆਹ ਕਰਾਵਾਂਗੀ ਤਾਂ ਇਹਦੇ ਨਾਲ ਕਰਾਵਾਂਗੀ।

ਜਵਾਨ ਹੋ ਗਈ, ਰਾਵਣ ਨੇ ਭੇਜੇ ਬ੍ਰਾਹਮਣ ਵਗੈਰਾ ਕਿ ਜਾਓ ਕੋਈ ਵਰ ਦੇਖੋ। ਨਿਗ੍ਹਾ ਉਹਦੇ ਉਤੇ ਹੀ ਟਿਕੀ ਆ ਕੇ। ਆ ਕੇ ਕਿਹਾ ਕਿ ਰਾਜਨ! ਫਲਾਣੇ ਟਾਪੂ ਦਾ ਜੋ ਰਾਜਕੁਮਾਰ ਉਹ ਸਾਨੂੰ ਲੱਗਿਆ ਹੈ ਕਿ ਤੇਰੀ ਲੜਕੀ ਦੇ ਕਾਬਲ ਹੈ। ਉਹਦੇ ਨਾਲ ਸੰਯੋਗ ਹੋਣਾ ਚਾਹੀਦਾ ਹੈ। ਸੰਯੋਗ ਹੋ ਗਿਆ, ਲੜਕੀ ਨੂੰ ਪੁੱਛਿਆ ਤਾਂ ਲੜਕੀ ਨੇ ਕਿਹਾ ਕਿ ਮੈਂ ਤਾਂ ਪਹਿਲਾਂ ਹੀ ਉਹਨੂੰ ਪਤੀ ਚੁਣ ਲਿਆ ਹੈ।

ਜਦੋਂ ਵਿਆਹ ਹੋ ਗਿਆ, ਸਭ ਕੁਛ ਹੋ ਗਿਆ, ਲਾਵਾਂ ਪੜ੍ਹੀਆਂ ਗਈਆਂ, ਲੜਕੀ ਨੂੰ ਵਿਦਾ ਕਰਨ ਲੱਗਿਆ, ਉਸ ਵੇਲੇ ਰਾਵਣ ਨੇ ਬ੍ਰਹਮਾ ਦਾ ਅਵਾਹਨ ਕਰਕੇ ਪੁਛਿਆ, ਕਿ ਤੂੰ ਕਹਿੰਦਾ ਸੀ ਲੇਖ ਨਹੀਂ ਬਦਲ ਹੁੰਦੇ, ਦੇਖ ਲੈ ਮੈਂ ਬਦਲ ਦਿਤੇ।

ਕਹਿੰਦੇ, ਰਾਜਨ! ਕੋਈ ਨਿਸ਼ਾਨੀ ਰੱਖੀ ਸੀ, ਜਦੋਂ ਜੰਗਲ ਵਿਚ ਸੁੱਟਿਆ ਸੀ।

ਕਹਿੰਦਾ, ਮੈਂ ਚਾਰ ਉਂਗਲੀਆਂ ਪੈਰ ਦੀਆਂ ਕਟਵਾਈਆਂ ਸੀ।

ਕਹਿੰਦੇ, ਜੁਰਾਬ ਖੁਲ੍ਹਾ ਕੇ ਦੇਖ, ਜਦੋਂ ਜੁਰਾਬ ਖੁਲ੍ਹਾ ਕੇ ਦੇਖਿਆ, ਚਾਰੋਂ ਉਂਗਲੀਆਂ ਕੱਟੀਆਂ ਹੋਈਆਂ।

ਕਹਿੰਦੇ, ਬਿਧਨਾ ਹੈ ਪ੍ਰਮੇਸ਼ਰ ਦੀ, ਇਹ ਨਹੀਂ ਟਲ ਸਕਦੀ।

ਸੋ ਇਸ ਤਰ੍ਹਾਂ ਦੇ ਨਾਲ, ਜਨਮੇਜਾ ਕਹਿਣ ਲੱਗਿਆ ਕਿ ਮੈਂ ਬਦਲ ਦੇਵਾਂਗਾ। ਵਿਆਸ ਜੀ ਕਹਿੰਦੇ, ਠੀਕ ਹੈ, ਹੁਣ ਬਦਲ ਲੈ।

ਘੋੜੇ ਖਰੀਦਣ ਤੋਂ ਬੰਦ ਹੋ ਗਿਆ। ਚਾਰ ਸਾਲ ਲੰਘ ਗਏ। ਸੈਨਾਪਤੀ ਨੇ ਕਿਹਾ, ਕਿ ਰਾਜਨ! ਜੇ ਘੋੜੇ ਹੀ ਨਾ ਹੋਏ, ਲੜਾਈ ਕਿਸ ਤੇ ਲੜੋਂਗੇ? ਘੋੜੇ ਖਰੀਦੋ। ਘੋੜੀ ਨਾ ਖਰੀਦੋ।

ਘੋੜੇ ਖਰੀਦ ਲਏ ਗਏ। ਲੇਕਿਨ ਥੋੜ੍ਹੀ ਦੇਰ ਬਾਅਦ ਇਕ ਐਨੀ ਸੁੰਦਰ ਘੋੜੀ ਆ ਗਈ, ਜਿਹੜੀ ਛੱਡਣ ਨੂੰ ਜੀਅ ਨਾ ਕਰੇ। ਰਾਜੇ ਨੇ ਵੀ ਦੇਖੀ। ਫੈਸਲਾ ਇਹ ਹੋਇਆ ਕਿ ਘੋੜੀ ਅਸਤਬਲ 'ਚ ਬੰਨ੍ਹ ਲਓ, ਚੜ੍ਹੋ ਇਹਦੇ ਉਤੇ ਕੋਈ ਨਾ।

ਘੋੜੀ ਖਰੀਦ ਲਈ, ਕਈ ਮਹੀਨੇ 'ਚ ਘੋੜੀ ਮਾੜੀ ਹੁੰਦੀ ਜਾਂਦੀ ਹੈ। ਉਸ ਵੇਲੇ ਸਾਰਿਆਂ ਨੇ ਬੇਨਤੀ ਕਰੀ ਕਿ

ਮਹਾਰਾਜ, ਤੁਸੀਂ ਦੱਖਣ ਦਿਸ਼ਾ ਨਹੀਂ ਨਾ ਜਾਣਾ ਹੈ ਨਾ? ਤਿੰਨ ਦਿਸ਼ਾ ਤਾਂ ਖੁਲ੍ਹੀਆਂ ਨੇ, ਘੋੜੀ ਤੇ ਚੜ੍ਹਿਆ ਕਰੋ, ਤੁਹਾਡੇ ਬਗੈਰ ਕੋਈ ਚੜ੍ਹ ਨਹੀਂ ਸਕਦਾ।

ਇਸੇ ਤਰ੍ਹਾਂ ਹੋਇਆ, ਇਕ ਦਿਨ ਘੋੜੀ ਲੈ ਕੇ ਚਲਿਆ ਗਿਆ। ਇਹਨੂੰ ਦਿਸ਼ਾ ਭਰਮ ਹੋ ਗਿਆ। ਦਿਸ਼ਾ ਭਰਮ ਹੁੰਦਾ ਹੈ ਕਿ ਆਦਮੀ ਭੁੱਲ ਜਾਂਦਾ ਹੈ ਕਿ ਆਦਮੀ ਕਿੱਥੇ ਤੁਰਿਆ ਫਿਰਦਾ ਹੈ। ਜਗ੍ਹਾ ਦੇਖੀ ਹੋਈ ਆਪੇ ਹੀ ਭੁੱਲ ਜਾਂਦਾ ਹੈ।

ਸੋ ਦਿਸ਼ਾ ਭਰਮ ਹੋਇਆ, ਦੱਖਣ ਨੂੰ ਚੱਲ ਪਿਆ। ਅੱਗੇ ਪਾਣੀ ਦੀ ਪਿਆਸ ਲੱਗੀ, ਇਕ ਝੌਂਪੜੀ ਦੇ ਵਿਚ ਚਲਿਆ, ਉਥੇ ਐਨੀ ਸੁੰਦਰ ਲੜਕੀ, ਦੇਖਦੀ ਸਾਰ ਪਿਆਸ ਬੁਝ ਗਈ, ਨਾਲ ਲੈ ਆਇਆ, ਲਿਆ ਕੇ ਵਿਆਹ ਕਰ ਲਿਆ। ਪਰਜਾ ਨੂੰ ਜਦੋਂ ਪਤਾ ਲੱਗਿਆ, ਪਰਜਾ ਨੇ ਵਿਦਰੋਹ ਕਰ ਦਿਤਾ ਕਿ ਇਹਦੀ ਜਾਤ ਦਾ ਨਹੀਂ ਕੁਛ ਪਤਾ, ਕਿਸ ਕੁਲ ਦੀ ਲੜਕੀ ਇਹ ਲੈ ਆਇਆ। ਅਖੀਰ ਇਹ ਫੈਸਲਾ ਹੋਇਆ ਕਿ ਯੱਗ ਕੀਤਾ ਜਾਵੇ ਰਾਜਸੂ ਯੱਗ, ਰਾਜਸੂ ਯੱਗ ਕਰਨ ਦੀਆਂ ਤਿਆਰੀਆਂ ਕਰ ਲਈਆਂ। ਘੋੜਾ ਛੱਡ ਦਿਤਾ ਗਿਆ। ਅਖੀਰ ਯੱਗ ਕੀਤਾ, ਲੇਕਿਨ ਕੋਈ ਬ੍ਰਾਹਮਣ ਇਹਦਾ ਨਿਉਂਦਾ ਨਾ ਮੰਨੇ ਕਿ ਇਹਦੇ ਘਰ ਦੇ ਅੰਦਰ ਜਿਹੜੀ ਰਾਣੀ ਹੈ ਉਹਦੀ ਕੁਲ ਜਾਤ ਦਾ ਨਹੀਂ ਪਤਾ। ਇਹਨੇ ਵਿਦਿਆਰਥੀ ਬੁਲਾ ਲਏ। ਬੁਲਾ ਕੇ ਜਿਸ ਵਕਤ ਪ੍ਰਸ਼ਾਦੇ ਵਗੈਰਾ ਤਿਆਰ ਕਰੇ, ਪਰਜਾ ਬੇਅੰਤ ਆ ਗਈ ਪ੍ਰਸ਼ਾਦੇ ਛਕਣ। ਉਸ ਵੇਲੇ ਲੰਗਰ ਚਲਦਾ ਹੈ, ਤਾਂ ਇਕ ਬੱਚੇ ਨੇ ਕਿਹਾ, ਰਾਣੀਆਂ ਕਿੰਨੀਆਂ ਕੁ ਨੇ ਇਸਦੇ? ਇਕ ਕਹਿਣ ਲੱਗਿਆ, ਰਾਣੀ ਤਾਂ ਇਕ ਹੈ ਕਪੜੇ ਬਦਲ ਕੇ ਆਉਂਦੀ ਹੈ?

ਕਹਿੰਦੇ, ਸਾਨੂੰ ਕਿਵੇਂ ਪਤਾ ਲੱਗੇ?

ਦੂਸਰੇ ਨੇ ਕਿਹਾ, ਹੁਣ ਆਉਣ ਦੇ।

ਜਦੋਂ ਨੇੜੇ ਆਈ, ਉਹਨੇ ਨਹੁੰ ਤੇ ਧਰ ਕੇ ਚੌਲ ਮਾਰਿਆ। ਪੈਰ ਨੂੰ ਲਗ ਗਿਆ।

ਉਹ ਛੇਤੀ 'ਚ ਗਈ ਤੇ ਜਾ ਕੇ ਦੂਜੀ ਸਾੜੀ ਬਦਲ ਲਈ, ਵਸਤਰ ਦੂਸਰੇ ਪਾ ਲਏ ਤੇ ਫੇਰ ਆ ਗਈ। ਦੂਰੋਂ ਹੀ ਬੱਚਿਆਂ ਨੇ ਦੇਖ ਲਿਆ ਕਿ ਉਹਦੇ ਤਾਂ ਪੈਰ ਦੇ ਉਤੇ ਚੌਲ ਦਾ ਦਾਣਾ ਉਵੇਂ ਹੀ ਲੱਗਿਆ ਹੋਇਆ ਹੈ। ਐਨੇ ਨੂੰ ਉਹ ਬੱਚੇ ਹੱਸ ਪਏ ਆ ਗੱਲ ਦੇਖ ਕੇ, ਉਧਰੋਂ ਹਵਾ ਦਾ ਐਡਾ ਵੱਡਾ ਬੁਲਾ ਆਇਆ ਤੇ ਇਹਦੀ ਸਾੜੀ ਉਚੀ ਹੋ ਗਈ। ਹਵਾ 'ਚ ਉਡਣ ਲਗ ਗਈ। ਜਦੋਂ ਜਨਮੇਜੇ ਨੇ ਦੇਖਿਆ ਕਿ ਇਹ ਮੇਰੀ ਰਾਣੀ ਨੂੰ ਦੇਖ ਕੇ ਹੱਸੇ ਨੇ ਤੇ ਕ੍ਰੋਧ ਦੇ ਨਾਲ ਲਾਲਾ ਪੀਲਾ ਹੋ ਗਿਆ। ਉਸੇ ਵੇਲੇ ਚੁੱਕ-ਚੁੱਕ ਕੇ ਕੜਾਹਿਆਂ 'ਚ ਸੁੱਟ ਦਿਤੇ ਬੱਚੇ, ਕਿਸੇ ਦਾ ਸਿਰ ਵੱਢ ਦਿਤਾ, ਕਿਸੇ ਨੂੰ ਭੱਠ ਵਿਚ ਸੁੱਟ ਦਿਤਾ। ਉਸ ਵੇਲੇ ਇਸਨੂੰ ਕੋਹੜ ਹੋ ਗਿਆ। ਮਹਾਰਾਜ ਕਹਿੰਦੇ ਨੇ, ਹੁਣ ਕਰ ਸਕਿਆ ਕੁਛ?

ਰਾਜਾ ਜਨਮੇਜਾ ਦੇ ਮਤੀ ਬਰਜਿ ਬਿਆਸਿ ਪੜਾਇਆ॥
ਤਿਨਿ ਕਰਿ ਜਗ ਅਠਾਰਹ ਘਾਏ ਕਿਰਤੁ ਨ ਚਲੈ ਚਲਾਇਆ॥
ਅੰਗ - 1344

ਰੋਕ ਰੋਕ ਕੇ, ਦੱਸ ਦੱਸ ਕੇ ਪੜ੍ਹਾਇਆ।

ਕਹਿੰਦੇ ਕਿ ਲੇਖ ਮਿਟਾ ਸਕਿਆ ਇਹ? ਅਖੀਰ ਵੇਦ ਵਿਆਸ ਨੂੰ ਬੁਲਾਇਆ। ਵਿਆਸ ਜੀ ਨੇ ਕਿਹਾ ਕਿ ਮੈਂ ਹੁਣ ਭਾਗਵਤ ਦੀ ਕਥਾ ਕਰਨ ਲੱਗਿਆ ਹਾਂ, ਨਾਂਹ ਨਾ ਕਹੀਂ, ਸਾਰੀ ਸੁਣ ਲਈ, ਜਦੋਂ ਭੀਮ ਦਾ ਪ੍ਰਸੰਗ ਆਇਆ, ਅੰਦਰੋਂ ਨਾ ਮੰਨਿਆ। ਨੱਕ ਹਿਲਾ ਦਿਤਾ। ਕਹਿੰਦੇ ਕੀ ਗੱਲ? ਕਹਿੰਦਾ ਮੈਂ ਤੁਹਾਡੇ ਕਹੇ ਤੇ ਤਾਂ ਮੰਨ ਲੈਂਦਾ, ਪਰ ਬੰਦਾ ਕੌਣ ਹੈ ਤਾਕਤਵਰ ਜਿਹੜਾ ਹਾਥੀਆਂ ਨੂੰ ਚੁੱਕ ਕੇ ਸਪੇਸ ਵਿਚ ਭੇਜ ਦੇਵੇ। ਤੇ ਤੁਸੀਂ ਕਹਿੰਦੇ ਓਂ ਹੁਣ ਤੱਕ ਘੁੰਮਦੇ ਫਿਰਦੇ ਨੇ। ਦੀਸਦੇ ਤਾਂ ਹੈਂ ਨਹੀਂ ਘੁੰਮਦੇ। ਕਹਿੰਦੇ ਰਾਜਨ! ਉਪਰ ਨੇ ਸੌ ਮੀਲ ਤੇ। ਕਹਿੰਦੇ, ਲੈ ਤੇਰਾ ਭਰਮ ਦੂਰ ਕਰ ਦਿੰਦੇ ਹਾਂ। ਯੋਗ ਬਲ ਦੇ ਨਾਲ ਸਾਰੇ ਹੀ ਹਾਥੀ ਥੱਲੇ ਸੁੱਟ ਲਏ, ਕਰੰਗ ਹੀ ਕਰੰਗ ਫਿਰਦੇ ਨੇ। ਕਹਿੰਦੇ ਹੁਣ ਦੱਸ? ਕਹਿੰਦਾ ਹਾਂ।

ਕਹਿੰਦੇ, ਹੁਣ ਫੇਰ ਤੇਰੀ ਮੌਤ ਆ ਗਈ। ਉਸ ਦੇ ਨਾਲ ਮਰਿਆ।

ਸੋ ਇਸ ਤਰ੍ਹਾਂ ਮਹਾਰਾਜ ਕਹਿੰਦੇ -

ਲਿਖਿਆ ਮੇਟਿ ਨ ਸਕੀਐ ਜੋ ਧੁਰਿ ਲਿਖਿਆ ਕਰਤਾਰਿ॥
ਅੰਗ - 89

ਸੋ ਕਹਿਣ ਲੱਗੀ ਰਜਨੀ ਕਿ ਪਿਤਾ ਜੀ! ਮੇਰੇ ਲੇਖਾਂ 'ਚ ਇਹੀ ਗੱਲ ਹੈ, ਕਿਉਂਕਿ ਸੰਸਾਰ ਦੇ ਅੰਦਰ ਸਾਰਿਆਂ ਦੇ ਸਿਰ ਤੇ ਲੇਖ ਨੇ। ਇਕ ਵਾਹਿਗੁਰੂ ਹੈ ਜਿਸ ਦੇ ਸਿਰ ਤੇ ਲੇਖ ਨਹੀਂ ਹੈ। ਐਸਾ ਫੁਰਮਾਨ ਹੈ -

ਧਾਰਨਾ - ਸਾਰੇ ਜੀਆਂ ਦੇ ਸਿਰ ਲੇਖ,
ਲੇਖੇ ਬਿਨਾਂ ਕੋਈ ਨਾ।

ਸਰਬ ਜੀਆ ਸਿਰਿ ਲੇਖੁ ਧੁਰਾਹੁ ਬਿਨੁ ਲੇਖੈ ਨਹੀ ਕੋਈ ਜੀਉ॥
ਆਪਿ ਅਲੇਖ ਕੁਦਰਤਿ ਕਰਿ ਦੇਖੈ ਹੁਕਮਿ ਚਲਾਏ ਸੋਈ ਜੀਉ॥
ਅੰਗ - 598

ਸੋ ਕਹਿਣ ਲੱਗੀ, ਪਿਤਾ ਜੀ! ਮੇਰੇ ਲੇਖਾਂ ਵਿਚ, ਜੇ ਇਹੀ ਮੈਨੂੰ ਭਗਵਾਨ ਮਿਲਣਾ ਹੈ ਤਾਂ ਮੈਨੂੰ ਪ੍ਰਵਾਨ ਹੈ।

ਲਾਵਾਂ ਦੇ ਦਿਤੀਆਂ ਗਈਆਂ, ਤੇ ਨਾਲ ਹੁਕਮ ਕਰ ਦਿਤਾ ਪੁਲਿਸ ਨੂੰ ਕਿ ਅੱਜ ਸੂਰਜ ਛਿਪਦੇ-ਛਿਪਦੇ ਤੋਂ ਪਹਿਲਾਂ-ਪਹਿਲਾਂ ਇਹਨੂੰ ਮੇਰੇ ਰਾਜ ਵਿਚੋਂ ਬਾਹਰ ਕੱਢ ਦੇਵੋਂਗਾ। ਫੇਰ ਮੈਂ ਦੇਖਾਂਗਾ ਕਿ ਕੀ ਕਰਦੀ ਹੈ। ਹੁਕਮ ਦੀ ਤਾਮੀਲ ਹੋਈ ਤੇ ਆਪਣੇ ਕੋਹੜੇ ਪਤੀ ਨੂੰ, ਜੋ ਤੁਰ ਨਹੀਂ ਸਕਦਾ, ਉਸਨੂੰ ਟੋਕਰੇ ਵਿਚ ਚੁੱਕੀਂ ਜਾਂਦੀ ਹੈ। ਮਨ ਵਿਚ ਕੋਈ ਗਮੀ ਨਹੀਂ ਹੈ, ਵਾਹਿਗੁਰੂ ਦੇ ਹੁਕਮ ਵਿਚ ਪ੍ਰਸੰਨ ਹੈ, ਅੱਗੇ ਰਾਜ ਤੋਂ ਬਾਹਰ ਕੱਢ ਦਿਤੀ। ਉਸਦਾ ਪਤੀ ਰੋ ਰਿਹਾ ਹੈ, ਕਹਿੰਦਾ ਰਜਨੀ! ਮੈਂ ਕੋਹੜਾ ਤੂੰ ਇਹ ਕੀ ਕੰਮ ਕਰਿਆ। ਕਿੰਨਾ ਮਾੜਾ ਕੰਮ ਕਰਿਆ, ਮੈਂ ਤਾਂ ਧੁਰ ਦਰਗਾਹ ਤੋਂ ਫਿਟਕਾਰਿਆ ਹੋਇਆ ਹਾਂ, ਤੂੰ ਮੈਨੂੰ ਭਗਵਾਨ ਮੰਨ ਕੇ ਟੋਕਰਾ ਚੁੱਕ ਤੁਰ ਪਈ ਤੇ ਰੋਟੀ ਦਾ ਪ੍ਰਬੰਧ, ਤੂੰ ਇਸਤ੍ਰੀ ਧਨ ਹੈਂ, ਤੇਰੀ ਰਾਖੀ ਕੌਣ ਕਰੇਗਾ। ਬੜਾ ਮਾੜਾ ਕੰਮ ਹੋਇਆ। ਤੇਰੇ ਪਿਤਾ ਨੇ ਬਹੁਤ ਮਾੜੀ ਗੱਲ ਕਰੀ। ਤੈਨੂੰ ਬਹੁਤ ਸਜ਼ਾ ਦਿਤੀ। ਸਾਰੇ ਲੋਕ ਇਹੀ ਗੱਲ ਕਹਿੰਦੇ ਨੇ, ਜਿਹੜਾ ਵੀ ਮਿਲਦਾ ਹੈ, ਜਿਹਨੂੰ ਵੀ ਪਤਾ ਲਗਦਾ ਹੈ, ਆਹੀ ਗੱਲ ਕਹਿੰਦੇ ਨੇ।

ਉਹ ਕਹਿਣ ਲੱਗੀ, ਦੇਖੋ ਸਵਾਮੀ! ਦੋਸ਼ ਨਾ ਕਿਸੇ ਨੂੰ ਦਿਓ। ਕਿਸੇ ਨੂੰ ਦੋਸ਼ ਦੇਣ ਦਾ ਫਾਇਦਾ ਨਹੀਂ ਹੈ। ਮੇਰੀ ਜੋ ਪਰਾਲਬਧ ਸੀ, ਜੋ ਮੇਰੇ ਲੇਖ ਸੀ, ਮੈਂ ਤਾਂ ਨਹੀਂ ਕਹਿੰਦੀ ਕਿ ਤੁਸੀਂ ਕੋਹੜੀ ਓਂ। ਤੁਹਾਨੂੰ ਕਿਸੇ ਸਮਾਜ ਨੇ ਫਿਟਕਾਰਿਆ ਹੋਇਆ ਹੈ, ਮੇਰੇ ਤਾਂ ਤੁਸੀਂ ਪਤੀ ਪਰਮੇਸ਼ਰ ਹੋਂ, ਮੇਰੇ ਭਗਵਾਨ ਹੋਂ, ਮੈਂ ਤੁਹਾਨੂੰ ਪਿਆਰ ਕਰਦੀ ਹਾਂ। ਦੋਸ਼ ਨਾ ਕਿਸੇ ਨੂੰ ਦੇਵੋ।

ਧਾਰਨਾ - ਪਿਆਰੇ ਦੋਸ਼ ਨਾ ਕਿਸੇ ਨੂੰ ਦੇਵੀਂ,
ਦੋਸ਼ ਤੇਰੇ ਕਰਮਾਂ ਦਾ।
ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ॥
ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ॥
ਅੰਗ - 433

ਕਹਿਣ ਲੱਗੀ, ਸਵਾਮੀ ਜੀ! ਮੇਰੇ ਪਿਤਾ ਨੂੰ ਕਾਹਦਾ ਦੋਸ਼ ਹੈ, ਉਹ ਤਾਂ ਮੇਰੀ ਜੋ ਹੋਣੀ ਸੀ, ਮੇਰੀ ਵਿਧਨਾ ਸੀ ਉਹਦੇ ਮੁਤਾਬਿਕ ਹੋ ਗਿਆ ਤੇ ਮੈਂ ਬੜੀ ਪ੍ਰਸੰਨ ਹਾਂ ਤੁਸੀਂ ਕਿਉਂ ਫਿਕਰ ਕਰਦੇ ਓਂ। ਰੋਜ਼ੀ ਤਾਂ ਪ੍ਰਮੇਸ਼ਰ ਨੇ ਦੇਣੀ ਹੈ, ਰਾਖੀ ਵੀ ਉਹਨੇ ਕਰਨੀ ਹੈ, ਉਹ ਆਪ ਜ਼ਿੰਮੇਵਾਰ ਹੈ।

ਰੋਗਨ ਤੇ ਅਰ ਸੋਗਨ ਤੇ ਜਲ ਜੋਗਨ ਤੇ ਬਹੁ ਭਾਂਤਿ ਬਚਾਵੈ।
ਸਤ੍ਰ ਅਨੇਕ ਚਲਾਵਤ ਘਾਵ ਤਊ ਤਨ ਏਕ ਨ ਲਾਗਨ ਪਾਵੈ॥
ਰਾਖਤ ਹੈ ਅਪਨੋ ਕਰ ਦੈ ਕਰਿ ਪਾਪ ਸੰਬੂਹ ਨ ਭੇਟਨ ਪਾਵੈ॥
ਔਰ ਕੀ ਬਾਤ ਕਹਾ ਕਹ ਤੋਂ ਸੁ ਪਟ ਪੇਟ ਹੀ ਕੇ ਬੀਚ ਬਚਾਵੈ॥

ਮੇਰੀ ਰਾਖੀ ਦੀ ਚਿੰਤਾ ਕਰਦੇ ਓਂ, ਉਹ ਮੇਰਾ ਪ੍ਰਮੇਸ਼ਰ ਮੇਰੇ ਨਾਲ ਹੈ। ਜਿਧਰ ਮੈਂ ਜਾਂਦੀ ਹਾਂ ਉਹ ਮੇਰੇ ਨਾਲ ਰਹਿੰਦਾ ਹੈ, ਉਹ ਮੇਰੀ ਰਾਖੀ ਕਰੇਗਾ। ਸਿਦਕ ਪੂਰਾ ਹੈ, ਇਕ ਪ੍ਰਤੀਸ਼ਤ ਸਿਦਕ ਨਹੀਂ ਡੋਲਿਆ। ਨਾ ਪ੍ਰਮੇਸ਼ਰ ਤੋਂ ਭਰੋਸਾ ਹਟਿਆ, ਨਾ ਕਿਸੇ ਨੂੰ ਮਾੜਾ ਕਿਹਾ। ਨਾ ਕਿਸੇ ਨੂੰ ਦੋਸ਼ ਦਿਤਾ। ਹੌਲੀ-ਹੌਲੀ ਐਸੀ ਪ੍ਰੇਰਨਾ ਹੋਈ ਕਿ ਮਨ ਵਿਚ ਖਿਆਲ ਆਇਆ, ਪ੍ਰਭੂ ਨੇ ਪਰੇਰ ਕੇ ਰਾਮਦਾਸ ਚੱਕ ਵੱਲ ਨੂੰ ਮੋੜਾ ਮੋੜ ਦਿਤਾ। ਖਿਆਲ ਆ ਗਿਆ ਕਿ ਗੁਰੂ ਘਰ ਚੱਲੀਏ ਹੁਣ। ਉਥੇ ਮੈਂ ਲੰਗਰ ਵਿਚ ਸੇਵਾ ਕਰਾਂਗੀ, ਝਾੜੂ ਦੇਵਾਂਗੀ, ਜਲ ਢੋਵਾਂਗੀ। ਪਹਿਲਾਂ ਇਸਨੂੰ ਪ੍ਰਸ਼ਾਦਾ ਛਕਾਇਆ ਕਰਾਂਗੀ ਤੇ ਫੇਰ ਮੈਂ ਆਪ ਛਕਾਂਗੀ। ਕਿਉਂਕਿ ਉਹ ਆਪ ਪ੍ਰਸ਼ਾਦ ਨਹੀਂ ਸੀ ਛਕ ਸਕਦਾ। ਆਪ ਖਲਾਉਣਾ ਪੈਂਦਾ ਸੀ ਇਹਨੂੰ। ਸੋ ਕੋਈ ਗਿਲਾਨੀ ਨਹੀਂ ਕਰੀ ਹੈ, ਪ੍ਰਮੇਸ਼ਰ ਦਾ ਸਰੂਪ ਸਮਝ ਕੇ ਸਿਰ ਤੇ ਚੁੱਕੀਂ ਆਉਂਦੀ ਹੈ, ਮੰਜ਼ਲ ਦਰ ਮੰਜ਼ਲ ਜਾਂਦੀ-ਜਾਂਦੀ, ਉਸ ਸਰੋਵਰ ਤੇ ਜਿਸਦਾ ਅਜੇ ਟੱਕ ਨਹੀਂ ਸੀ ਲੱਗਿਆ ਤੇ ਪਾਣੀ ਨੀਵਾਂ ਹੋ ਗਿਆ ਸੀ, ਗੁਰੂ ਤੀਸਰੇ ਪਾਤਸ਼ਾਹ ਮਹਾਰਾਜ ਨੇ ਛਪਰੀ ਪੁਟਵਾਈ ਸੀ, ਉਸ ਤੋਂ ਬਾਅਦ ਟਾਈਮ ਨਾ ਮਿਲਿਆ, ਗੁਰੂ ਰਾਮਦਾਸ ਜੀ ਮਹਾਰਾਜ ਨੂੰ ਕਿਹਾ ਕਿ ਤੁਸੀਂ ਪ੍ਰਗਟ ਕਰੋ। ਉਨ੍ਹਾਂ ਨੇ ਜਾ ਕੇ ਸੰਤੋਖਸਰ ਦਾ ਸਰੋਵਰ ਚਿਣਵਾਇਆ। ਲੇਕਿਨ ਅਜੇ ਅੰਮ੍ਰਿਤਸਰ ਦੇ ਸਰੋਵਰ ਦਾ ਕੁਛ ਥਾਉ ਪਤਾ ਨਹੀਂ ਸੀ ਲੱਗਿਆ। ਉਥੇ ਜਾ ਕੇ ਇਹਨੇ ਦੁਖਭੰਜਨੀ ਬੇਰੀ ਦੇ ਕੋਲ ਟੋਕਰਾ ਰੱਖ ਦਿਤਾ ਕਿ ਨਾਲ ਕਿਹਾ ਕਿ ਹੁਣ ਮੈਂ ਜਾਵਾਂ ਤੇ ਕੁਛ ਸੇਵਾ ਕਰਾਂਗੀ ਤੇ ਉਸ ਤੋਂ ਬਾਅਦ ਮੈਂ ਪ੍ਰਸ਼ਾਦਾ ਲੈ ਕੇ ਆਉਂਦੀ ਹਾਂ, ਇਜਾਜ਼ਤ ਲਈ, ਇਜਾਜ਼ਤ ਲੈ ਕੇ ਤੁਰ ਜਾਂਦੀ ਹੈ।

ਇਧਰਲੇ ਪਾਸੇ ਇਹ ਕੀ ਦੇਖਦਾ ਹੈ ਕਿ ਕੁਛ ਕਾਉਂ ਨੇੜੇ ਆਉਂਦੇ ਨੇ ਨਾਹੁੰਦੇ ਨੇ ਤੇ ਹੈਰਾਨ ਹੁੰਦਾ ਕਿ ਇਹ ਟੁੱਭੀ ਮਾਰਦੇ ਨੇ, ਕਾਲੇ ਕਾਉਂ ਚਿੱਟੇ ਹੋ ਕੇ ਕਿਵੇਂ ਨਿਕਲ ਜਾਂਦੇ ਨੇ। ਅੱਖਾਂ ਮਲੀਆਂ ਕਿ ਸ਼ਾਇਦ ਮੈਨੂੰ ਨੀਂਦ ਨਾ ਆਉਂਦੀ ਹੋਵੇ, ਕੋਈ ਸੁਪਨਾ ਨਾ ਹੋਵੇ, ਚੰਗੀ ਤਰ੍ਹਾਂ ਸਾਵਧਾਨ ਹੋਇਆ। ਅੱਖਾਂ ਖੋਲ੍ਹੀਆਂ ਫੇਰ ਦੇਖਿਆ, ਫੇਰ ਕਾਉਂ ਵੜਿਆ, ਫੇਰ ਚਿੱਟਾ ਹੋ ਗਿਆ। ਮਨ 'ਚ ਖਿਆਲ ਆ ਗਿਆ ਕਿ ਇਹ ਜਲ ਕੋਈ ਸ਼ਕਤੀ ਵਾਲਾ ਹੈ। ਨਾਲ ਦੀ ਨਾਲ ਖਿਆਲ ਆ ਗਿਆ ਕਿ ਸ਼ਾਇਦ ਮੇਰੇ ਪਾਪਾਂ ਦਾ ਹੁਣ ਖਾਤਮਾ ਨਾ ਹੋਣਾ ਹੋਵੇ, ਮੇਰੇ ਦੁਖਾਂ ਦਾ ਖਾਤਮਾ ਨਾ ਹੋਣਾ ਹੋਵੇ, ਇਹ ਕੋਈ ਪ੍ਰਮੇਸ਼ਰ ਨੇ ਹੀ ਖੇਲ੍ਹ ਕੀਤੀ ਹੋਵੇ।

ਕਿਉਂਕਿ ਜਿਸ ਵਾਹਿਗੁਰੂ ਦੇ ਉਤੇ ਭਰੋਸਾ ਕੀਤਾ ਜਾਵੇ, ਉਹ ਕੋਈ ਮਾੜਾ ਧੀੜਾ ਤਾਂ ਹੈ ਨਹੀਂ ਸਾਧਸੰਗਤ ਜੀ! ਜੇ ਮਾੜਾ ਹੈ ਤਾਂ ਸਾਡਾ ਵਿਸ਼ਵਾਸ਼ ਕਮਜ਼ੋਰ ਹੈ। ਵਾਹਿਗੁਰੂ ਕਮਜ਼ੋਰ ਨਹੀਂ ਹੈ। ਉਹ ਤਾਂ ਜਿਹੜਾ ਉਹਦਾ ਬਣ ਜਾਂਦਾ ਹੈ, ਉਹਦਾ ਰਾਖਾ ਬਣ ਜਾਂਦਾ ਹੈ। ਮਾਹਾਰਾਜ ਇਸ

ਤਰ੍ਹਾਂ ਫੁਰਮਾਨ ਕਰਦੇ ਨੇ -

ਧਾਰਨਾ - ਆਦਿ ਜੁਗਾਦਿ ਭਗਤਨ ਕਾ ਰਾਖਾ
ਉਸਤਤਿ ਕਰ ਕਰ ਜੀਵਾਂ ਜੀ।

ਆਦਿ ਜੁਗਾਦਿ ਭਗਤਨ ਕਾ ਰਾਖਾ
ਉਸਤਤਿ ਕਰਿ ਕਰਿ ਜੀਵਾ॥
ਨਾਨਕ ਨਾਮੁ ਰਹਾ ਰਸ ਮੀਠਾ
ਅਨਦਿਨੁ ਮਨਿ ਤਨਿ ਪੀਵਾ॥ ਅੰਗ - 778

ਵਾਹਿਗੁਰੂ ਸਮਰਥ, ਆਪਣੇ ਪਿਆਰਿਆਂ ਨੂੰ ਕਦੇ ਦੁੱਖ ਵਿਚ ਨਹੀਂ ਪੈਣ ਦਿੰਦਾ। ਆਦਿ ਜੁਗਾਦਿ ਤੋਂ ਚਾਹੇ ਪ੍ਰਹਿਲਾਦ ਜੀ ਨੇ, ਚਾਹੇ ਨਾਮਦੇਵ ਜੀ ਨੇ, ਚਾਹੇ ਧਰੂ ਹੈ, ਜਿੰਨੇ ਵੀ ਪ੍ਰਮੇਸ਼ਰ ਦੇ ਪਿਆਰ ਕਰਨ ਵਾਲੇ ਅੱਜ ਤਕ ਸੰਸਾਰ 'ਚ ਹੋਏ ਨੇ, ਹੁਣ ਵੀ ਪਿਆਰ ਕਰਦੇ ਨੇ, ਉਨ੍ਹਾਂ ਦਾ ਰਾਖਾ ਬਣ ਜਾਂਦਾ ਹੈ ਵਾਹਿਗੁਰੂ।

ਸੋ ਐਸਾ ਕੌਤਕ ਰਚਾ ਦਿਤਾ, ਮਨ ਵਿਚ ਪ੍ਰੇਰਨਾ ਕਰ ਦਿਤੀ। ਖਿਆਲ ਆਇਆ ਕਿ ਇਹ ਜੇ ਇਸ ਤਰ੍ਹਾਂ ਨਾਲ ਚਿੱਟੇ ਹੋ ਕੇ ਨਿਕਲਦੇ ਨੇ, ਸ਼ਕਤੀ ਵਾਲਾ ਜਲ ਹੈ ਕੋਈ। ਫੇਰ ਖਿਆਲ ਆਇਆ ਕਿ ਕਿਤੇ ਮੈਂ ਡੁੱਬ ਨਾ ਜਾਵਾਂ, ਪਾਣੀ ਡੂੰਘਾ ਨਾ ਹੋਵੇ। ਹਿੰਮਤ ਕੀਤੀ ਕਿ ਮੈਂ ਫੜ ਲੈਂਦਾ ਹਾਂ ਕੋਈ ਚੀਜ਼। ਕੋਲ ਹੀ ਬੇਰੀ ਦਾ ਦਰਖਤ ਸੀ, ਜੜ੍ਹ ਬਾਹਰ ਨਿਕਲੀ ਹੋਈ ਸੀ। ਉਹਦੇ ਵਿਚ ਕਹਿਣ ਲੱਗਿਆ ਕਿ ਮੈਂ ਬਾਂਹ ਪਾ ਲਵਾਂਗਾ। ਜੇ ਮੈਂ ਚੜ੍ਹਾਈ ਕਰ ਗਿਆ ਤਾਂ ਚੰਗਾ ਖਹਿੜਾ ਛੁਟੇਗਾ, ਉਹ ਵਿਚਾਰੀ ਗਰੀਬਣੀ ਤੰਗ ਹੁੰਦੀ ਹੈ, ਕਿਥੇ ਮੈਨੂੰ ਸਾਰੀ ਜ਼ਿੰਦਗੀ ਚੁਕੀਂ ਫਿਰੇਗੀ। ਰੁੜ੍ਹਿਆ, ਰੁੜ੍ਹਦਾ-ਰੁੜ੍ਹਦਾ ਪਾਣੀ ਦੇ ਕੰਢੇ ਚਲਿਆ ਗਿਆ। ਫੇਰ ਝਿਜਕ ਆਈ ਕਿ ਡੁੱਬ ਨਾ ਜਾਵਾਂ ਕਿਉਂਕਿ ਮਰਨ ਤੋਂ ਤਾਂ ਸਾਰੇ ਹੀ ਡਰਦੇ ਨੇ। ਹੌਂਸਲਾ ਕੀਤਾ, ਬਾਂਹ ਫਸਾ ਲਈ ਉਹਦੇ ਵਿਚ, ਤੇ ਪਾਣੀ ਦੇ ਵਿਚ ਚਲਿਆ ਗਿਆ, ਦੇਖਿਆ ਪਾਣੀ ਬਹੁਤਾ ਡੂੰਘਾ ਨਹੀਂ ਹੈ। ਟੁੱਭੀਆਂ ਲਾਉਣ ਲਗ ਗਿਆ, ਲੇਕਿਨ ਹੱਥ ਦੇ ਨਾਲ ਉਹ ਫੜ ਰੱਖੀ। ਉਸ ਤੋਂ ਬਾਅਦ ਚੰਗੀ ਤਰ੍ਹਾਂ ਟੁੱਭੀਆਂ ਲਾਉਂਦਾ ਹੈ, ਹੱਥ ਖੁਲ੍ਹ ਗਏ, ਬਾਂਹ ਖੁਲ੍ਹ ਗਈ। ਮਲਣਾ ਸ਼ੁਰੂ ਕਰ ਦਿਤਾ। ਹੈਰਾਨ ਹੋ ਗਿਆ ਕਿ ਸਰੀਰ ਦੀ ਬਿਮਾਰੀ ਕਿੱਥੇ ਚਲੀ ਗਈ। ਬਿਮਾਰੀ ਤਾਂ ਰਹੀ ਨਹੀਂ ਹੈ। ਬਾਹਰ ਨਿਕਲ ਆਇਆ। ਨੌਜਵਾਨ ਹੈ ਬੜਾ, ਜਿਹੜੇ ਕਪੜੇ ਰੱਖੇ ਹੋਏ ਸੀ ਉਸਨੇ, ਨਵੇਂ ਦੂਜੀ ਵਾਰੀ ਪਹਿਨਾਉਣ ਵਾਸਤੇ, ਪਹਿਲੇ ਪਾੜ ਕੇ ਪਰ੍ਹੇ ਮਾਰੇ ਤੇ ਹੋਰ ਵਧੀਆ ਕਪੜੇ ਪਾ ਲਏ ਤੇ ਬੜੇ ਆਰਾਮ ਦੇ ਨਾਲ ਬੈਠਾ ਹੈ।

ਕਿਉਂਕਿ ਵਾਹਿਗੁਰੂ ਜੀ ਪਿਆਰ ਕਰਦੇ ਨੇ ਸਾਧਸੰਗਤ ਜੀ! ਵਾਹਿਗੁਰੂ ਪਿਆਰ ਹੈ। ਐਵੇਂ ਸੁੰਨ ਮੁੰਨ ਨਹੀਂ ਹੈ ਵਾਹਿਗੁਰੂ।

ਧਾਰਨਾ - ਕਰਦਾ ਪਿਆਰ ਹੈ,
ਭਗਤਾਂ ਨੂੰ ਆਪ ਹਰਿ ਜੀ।

ਆਪਣੀ ਵਡਿਆਈ ਵੀ ਆਪੇ ਹੀ ਦਿਖਾਉਂਦਾ ਹੈ, ਆਪੇ ਹੀ ਭਗਤੀ ਕਰਾਉਂਦਾ ਹੈ।

ਸਰੀਰ ਕੁੰਦਨ ਵਰਗਾ ਹੋ ਗਿਆ, ਬਹੁਤ ਸੋਹਣਾ ਜਵਾਨ ਨਿਕਲ ਆਇਆ। ਖੁਸ਼ ਹੋ ਰਿਹਾ ਹੈ ਕਿ ਰਜਨੀ ਦੇ ਸਿਦਕ ਨੂੰ ਫਲ ਲਗ ਗਿਆ। ਉਧਰੋਂ ਰਜਨੀ ਪ੍ਰਸ਼ਾਦਾ ਲੰਗਰ 'ਚ ਲੈਂਦੀ ਹੈ ਤੇ ਵਰਤਾਵੇ ਜਿਹੜੇ ਹਨ ਉਹ ਕਹਿਣ ਲੱਗੇ, ਬੀਬਾ! ਬੈਠ ਕੇ ਛਕ ਲੈ, ਇਥੇ ਛਕ ਲੈ।

ਉਹ ਕਹਿਣ ਲੱਗੀ ਬਾਬਾ ਜੀ! ਮੈਂ ਪ੍ਰਸ਼ਾਦਾ ਪਹਿਲਾਂ ਨਹੀਂ ਛਕਣਾ, ਮੇਰਾ ਪਤੀ ਜਿਹੜਾ ਹੈ ਉਹ ਪਿੰਗਲਾ ਹੈ, ਉਹ ਆ ਨਹੀਂ ਸਕਦਾ, ਮੈਂ ਉਹਨੂੰ ਖਿਲਾਵਾਂਗੀ ਤਾਂ ਖਾਏਗਾ। ਫੇਰ ਉਹ ਰੋਗੀ ਹੈ, ਸੋ ਇਸ ਕਰਕੇ ਮੈਨੂੰ ਆਗਿਆ ਦੇਵੋ ਕਿ ਮੈਂ ਪ੍ਰਸ਼ਾਦਾ ਜਾ ਕੇ ਲੈ ਆਵਾਂ।

ਸੋ ਆਗਿਆ ਲੈ ਲਈ ਤੇ ਜਦੋਂ ਪ੍ਰਸ਼ਾਦੇ ਲੈ ਕੇ ਉਥੇ ਪਹੁੰਚਦੀ ਹੈ। ਹੈਰਾਨ ਹੋ ਗਈ ਕਿ ਉਹ ਕਿੱਧਰ ਚਲਿਆ ਗਿਆ, ਟੋਕਰਾ ਮੂੰਧਾ ਮਾਰਿਆ ਹੋਇਆ ਹੈ, ਤੇ ਇਹ ਤਾਂ ਨੌਜਵਾਨ ਬੈਠਾ ਹੈ ਇਥੇ। ਦੇਖ ਕੇ ਪੁੱਛਣ ਲੱਗੀ ਕਿ ਮੇਰਾ ਪਤੀ ਕਿੱਥੇ ਹੈ? ਕਹਿਣ ਲੱਗਿਆ, ਮੈਂ ਹੀ ਹਾਂ ਤੇਰਾ ਪਤੀ, ਬੜੀ ਨਰਾਜ਼ ਹੋਈ ਕਿ ਆਹ ਗੱਲ ਨੂੰ ਆਪਣੀ ਜ਼ੁਬਾਨ ਤੋਂ ਕਹਿ ਕਿਵੇਂ ਦਿੱਤੀ। ਮੈਂ ਸਤੀ ਹਾਂ। ਕਹਿਣ ਲੱਗਿਆ ਕਿ ਦੇਖੀਂ ਰਜਨੀ ਕੋਈ ਕੁਬੋਲ ਨਾ ਬੋਲ ਦੇਈਂ। ਸੱਚਮੁੱਚ ਮੈਂ ਤੇਰਾ ਪਤੀ ਹਾਂ, ਤੇਰਾ ਬਚਨ ਆਲ੍ਹਾ ਨਹੀਂ ਜਾਣਾ, ਕੋਈ ਬਚਨ ਨਾ ਮੈਨੂੰ ਕਰ ਦੇਈਂ। ਕਿਉਂਕਿ ਤੂੰ ਉਨ੍ਹਾਂ ਸਤੀਆਂ ਵਰਗੀ ਸਤੀ ਹੈਂ ਜਿਸ ਤਰ੍ਹਾਂ ਦੀ ਸੀਤਾ ਸਤੀ ਹੋਈ। ਤੂੰ ਕਲਜੁਗ ਦੇ ਅੰਦਰ ਸਤੀ ਪ੍ਰਗਟ ਹੋਈ ਹੈਂ, ਤੇਰੇ ਸਿਦਕ ਨੂੰ ਫਲ ਲੱਗਿਆ ਹੈ। ਇਥੇ ਕਾਉਂ ਆਉਂਦੇ ਸੀ, ਟੁੱਭੀ ਲਾਉਂਦੇ ਸੀ ਚਿੱਟੇ ਹੋ ਜਾਂਦੇ ਸੀ। ਮੈਂ ਵੀ ਦੇਖਿਆ ਕਿ ਸ਼ਾਇਦ ਇਥੇ ਕੋਈ ਅਸਰ ਹੈ ਜੜ੍ਹੀਆਂ ਬੂਟੀਆਂ ਦਾ, ਮੈਂ ਇਸ਼ਨਾਨ ਕਰਿਆ ਤੇ ਮੈਂ ਉਸ ਨਾਲ ਐਸਾ ਹੋ ਗਿਆ। ਆਪਾਂ ਫਲਾਣੇ ਥਾਉਂ ਗਏ, ਆਪਾਂ ਫਲਾਣੇ ਥਾਉਂ ਗਏ।

ਕਹਿਣ ਲੱਗੀ, ਇਹ ਗੱਲਾਂ ਤਾਂ ਤੂੰ ਸੁਣ ਲਈਆਂ ਹੋਣੀਆਂ, ਉਸ ਤੋਂ ਪੁੱਛ ਲਈਆਂ ਹੋਣੀਆਂ। ਦੱਸ ਮੇਰਾ ਪਤੀ ਕਿੱਥੇ ਹੈ?

ਝਗੜਾ ਵਧ ਗਿਆ। ਐਨੇ ਨੂੰ ਇਕ ਗੁਰਸਿੱਖ ਲੰਗਰ ਨੂੰ ਲੱਕੜਾਂ ਲਈ ਜਾਂਦਾ ਹੈ। ਝਗੜਾ ਦੇਖ ਕੇ ਖੜ੍ਹਾ ਹੋ ਗਿਆ। ਕਹਿੰਦੇ, ਬੀਬਾ ਕੀ ਗੱਲ ਹੈ? ਸਾਰੀ ਗੱਲ ਦੱਸੀ।

ਕਹਿੰਦੇ, ਚਲੋ, ਸਮਰੱਥ ਸਤਿਗੁਰੂ ਗੁਰੂ ਰਾਮਦਾਸ ਜੀ ਮਹਾਰਾਜ ਹਾਜ਼ਰ ਨਾਜ਼ਰ ਨੇ, ਅਗਮ ਨਿਗਮ ਭੂਤ ਭਵਿਖਤ ਵਰਤਮਾਨ ਸਭ ਕੁਝ ਜਾਣਦੇ ਨੇ। ਉਹ ਨਿਰਣਾ ਕਰਨਗੇ। ਦਰਬਾਰ ਵਿਚ ਹਾਜ਼ਰ ਹੁੰਦੇ ਨੇ, ਦੀਵਾਨ ਲੱਗਿਆ ਹੋਇਆ ਹੈ। ਜਾ ਕੇ ਬੀਬੀ ਤੇ ਪਤੀ ਉਸਦਾ ਦੋਵੇਂ ਬੈਠ ਜਾਂਦੇ ਨੇ। ਸਿੱਖ ਨੇ ਅਰਜ਼ ਕਰੀ ਪਾਤਸ਼ਾਹ! ਆਹ ਮਾਮਲਾ ਹੈ ਤੇ ਇਸਦੀ ਸਾਨੂੰ ਤਾਂ ਸਮਝ ਨਹੀਂ ਆਉਂਦੀ। ਆਪ ਕ੍ਰਿਪਾ ਕਰਕੇ ਨਿਰਣਾ ਕਰੋ। ਮਹਾਰਾਜ ਜੀ ਸਾਰਾ ਬਿਆਨ ਉਹਦਾ ਵੀ ਸੁਣਿਆ ਤੇ ਉਹਦਾ ਵੀ ਸੁਣਿਆ ਤੇ ਅਖੀਰ ਆਪ ਨੇ ਐਸਾ ਫੁਰਮਾਇਆ –

ਧਾਰਨਾ – ਸੁਣ ਲਈ ਅਰਦਾਸ ਜੀ,
ਹੋ ਗਿਆ ਦਇਆਲਾ ਪਿਆਰਾ।
ਅਰਦਾਸਿ ਸੁਣੀ ਦਾਤਾਰਿ ਪ੍ਰਭਿ
ਹੋਇ ਕਿਰਪਾਲ॥
ਰਾਖਿ ਲੀਆ ਅਪਨਾ ਸੇਵਕੋ
ਮੁਖਿ ਨਿੰਦਕੁ ਛਾਰੁ॥
ਤੁਝਹਿ ਨ ਜੋਹੈ ਕੋ ਮੀਤ
ਜਨ ਤੂੰ ਗੁਰ ਕਾ ਦਾਸ॥
ਪਾਰਬ੍ਰਹਮਿ ਤੂ ਰਾਖਿਆ ਦੇ ਅਪਨੇ ਹਾਥ॥
ਜੀਅਨ ਕਾ ਦਾਤਾ ਏਕੁ ਹੈ ਬੀਆ ਨਹੀ ਹੋਰੁ॥
ਨਾਨਕ ਕੀ ਬੇਨੰਤੀਆ ਮੈ ਤੇਰਾ ਜੋਰੁ॥

ਅੰਗ – 818

ਬੇਟਾ! ਤੇਰੇ ਸਿਦਕ ਨੂੰ ਫਲ ਲੱਗਿਆ, ਪਤੀਵਰਤਾ ਧਰਮ ਨੂੰ ਫਲ ਲੱਗਿਆ ਹੈ, ਤੇ ਦੂਸਰਾ ਸੰਸਾਰ ਦੇ ਉਧਾਰ ਵਾਸਤੇ ਇਕ ਮਹਾਨ ਤੀਰਥ ਪ੍ਰਗਟ ਹੋਇਆ ਹੈ। ਇਥੇ ਕਾਉਂ ਨਾਹਤੇ ਨੇ, ਨਹਾ ਕੇ ਚਿੱਟੇ ਹੋਏ ਨੇ, ਇਥੇ ਮਲੀਨ ਬੁੱਧੀ ਬੰਦੇ ਆ ਕੇ ਜਦੋਂ ਅੰਮ੍ਰਿਤ ਸਰੋਵਰ ਦੇ ਵਿਚ ਬਾਣੀ ਦੇ ਨਾਲ ਜੁੜਨਗੇ, ਬਾਣੀ ਨੂੰ ਮੰਨਣਗੇ, ਬਾਣੀ ਨੂੰ ਕਮਾਉਣਗੇ ਉਸ ਵੇਲੇ ਉਹ ਵੀ ਕਾਉਂ ਹੰਸ ਹੋ ਜਾਣਗੇ।

ਅੰਮ੍ਰਿਤਸਰੁ ਸਤਿਗੁਰੁ ਸਤਿਵਾਦੀ
ਜਿਤੁ ਨਾਤੈ ਕਊਆ ਹੰਸੁ ਹੋਹੈ॥
ਨਾਨਕ ਧਨੁ ਧੰਨੁ ਵਡੇ ਵਡਭਾਗੀ
ਜਿਨ ਗੁਰਮਤਿ ਨਾਮ ਰਿਦੈ ਮਲੁ ਧੋਹੈ॥

ਅੰਗ – 493

ਜਿਨ੍ਹੇ ਗੁਰਮਤਿ ਨਾਮ ਦੀ ਕਮਾਈ ਕਰਕੇ, ਬਾਣੀ ਦੀ ਕਮਾਈ ਕਰਕੇ, ਆਪਣੇ ਅੰਦਰਲੀ ਮੈਲ ਲਾਹ ਲਈ, ਕਹਿੰਦੇ ਉਹ ਪਉਣ ਰੂਪੀ ਮਨੁੱਖ ਇਸ ਸਥਾਨ ਤੇ ਆ ਕੇ ਹੰਸ ਬਣਿਆ ਕਰਨਗੇ। ਬੇਅੰਤ ਮਹਾਤਮਾ ਇਥੇ ਰਿਹਾ ਕਰਨਗੇ। ਕਲਜੁਗ ਦੇ ਵਿਚ ਮਹਾਨ ਤੀਰਥ ਪ੍ਰਗਟ ਕਰਨ ਦਾ ਸਾਧਨ ਤੈਨੂੰ ਪ੍ਰਮੇਸ਼ਰ ਨੇ ਬਣਾਇਆ ਹੈ। ਜਿਥੇ ਇਸ ਤੀਰਥ ਦੀ ਵਡੱਤਣ ਹੋਇਆ ਕਰੇਗੀ, ਮਹਿਮਾ ਹੋਇਆ ਕਰੇਗੀ, ਉਥੇ ਨਾਲ ਤੇਰੇ ਸਿਦਕ ਦੀ ਗੱਲ ਚੱਲੇਗੀ।

ਸੋ ਇਸ ਤਰ੍ਹਾਂ ਦਾ ਪਾਰਬ੍ਰਹਮ ਪ੍ਰਮੇਸ਼ਰ ਵਾਹਿਗੁਰੂ, ਉਸ ਨੂੰ ਭੁੱਲ ਜਾਣਾ ਕਿੱਡੀ ਵੱਡੀ ਗੱਲ ਹੈ। ਨਾਲ ਮਹਾਰਾਜ ਨੇ ਬਚਨ ਕੀਤਾ ਕਿ ਬੀਬਾ! ਜਿਹਦੇ ਨਾਲ ਤੇਰੀ ਸ਼ਾਦੀ ਹੋਈ ਹੈ ਇਹ ਤਾਂ ਮਹਾਨ ਵੱਡਾ ਸੇਠ ਹੈ, ਦੇਖੋ ਨਾ ਕਿੰਨਾ ਸੁੰਦਰ ਸੇਠ। ਇਥੇ ਹੀ ਰਹਿਣਾ ਸ਼ੁਰੂ ਕਰ ਦਿਤਾ ਦੋਨਾਂ ਨੇ। ਹੁਕਮ ਦੇ ਨਾਲ, ਵਪਾਰ ਦੇ ਵਿਚ ਕਿ ਨਵਾਂ ਸ਼ਹਿਰ ਵਸ ਰਿਹਾ ਹੈ, ਤੁਸੀਂ ਵੀ ਵਪਾਰ ਕਰੋ। ਐਨਾ ਵੱਡਾ ਵਪਾਰੀ ਹੋਇਆ ਕਿ ਧੂੰਮਾਂ ਪੈ ਗਈਆਂ।

ਓਧਰ ਦੁਨੀਚੰਦ ਦੇ ਉਤੇ ਐਸੀ ਬਿਪਤਾ ਆਈ ਕਿ ਸਭ ਕੁਛ ਹੱਥੋਂ ਜਾਂਦਾ ਰਿਹਾ। ਪੈਸੇ-ਪੈਸੇ ਦਾ ਮੁਹਤਾਜ ਹੋ ਗਿਆ। ਅਖੀਰ ਖਿਆਲ ਆਇਆ ਕਿ ਮੈਂ ਆਪਣੀ ਲੜਕੀ ਦੇ ਨਾਲ ਧੱਕਾ ਕਰਿਆ, ਜ਼ੁਲਮ ਕਰਿਆ, ਮੈਂ ਉਸ ਤੋਂ ਜਾ ਕੇ ਮਾਫੀ ਮੰਗਾਂ। ਰੱਬ ਚੇਤੇ ਆਇਆ। ਦੁੱਖ ਵਿਚ ਯਾਦ ਆਉਂਦਾ ਹੈ ਰੱਬ, ਸੁੱਖ ਵਿਚ ਭੁੱਲ ਜਾਂਦਾ ਹੈ ਉਹ।

ਸੋ ਉਥੇ ਟੋਲ੍ਹਦਾ-ਟੋਲ੍ਹਦਾ ਆਉਂਦਾ ਹੈ, ਪਤਾ ਕਰਿਆ। ਪਤਾ ਲੱਗਿਆ ਕਿ ਉਹ ਤਾਂ ਸ਼ਹਿਰ ਦੇ ਸਭ ਤੋਂ ਵੱਡੇ ਸੇਠ ਨੇ। ਚਲਿਆ ਗਿਆ, ਲੜਕੀ ਨੇ ਪਿਤਾ ਤੋਂ ਵੱਧ ਦਰਜੇ ਪਿਆਰ ਕਰਿਆ, ਕੋਈ ਉਲਾਂਭਾ ਨਹੀਂ ਦਿਤਾ। ਕਹਿੰਦੀ ਕੋਈ ਨਹੀਂ ਪਿਤਾ ਜੀ! ਇਹ ਵੀ ਹੋਣਾ ਹੀ ਸੀ। ਚੰਗਾ ਹੋ ਗਿਆ ਹੁਣ ਤੁਸੀਂ ਪ੍ਰਮੇਸ਼ਰ ਵਲ ਆ ਗਏ। ਕੋਈ ਗੱਲ ਨਹੀਂ ਜੇ ਰਾਜ ਭਾਗ ਜਾਂਦਾ ਰਿਹਾ, ਕੀ ਫਰਕ ਪੈ ਗਿਆ। ਕ੍ਰਿਪਾ ਹੋਈ ਮਹਾਰਾਜ ਦੀ, ਮੁੜ ਕੇ ਫੇਰ ਅਮੀਰੀ ਆ ਗਈ। ਇਹ ਜਾਇਦਾਦ ਵੀ ਤੇ ਉਹ ਜਾਇਦਾਦ ਵੀ ਸਾਰੀ ਰਜਨੀ ਨੂੰ ਦਿਤੀ।

ਸੋ ਇਹ ਪਾਰਬ੍ਰਹਮ ਪ੍ਰਮੇਸ਼ਰ ਨੂੰ ਯਾਦ ਕਰਨ ਦਾ ਫਲ ਤੇ ਸਤੀ ਦੇ ਸਿਦਕ ਦਾ ਫਲ ਆਪਾਂ ਸਾਰਿਆਂ ਨੇ, ਪਿਆਰ ਦੇ ਨਾਲ ਸੁਣਿਆ ਹੈ ਤੇ ਗੁਰਬਾਣੀ ਦੀ ਰੋਸ਼ਨੀ ਦੇ ਵਿਚ ਸਾਰੀ ਵਿਚਾਰ ਕੀਤੀ। ਸੋ ਸਾਧਸੰਗਤ ਜੀ! ਜਿਸ ਕੰਮ ਲਈ ਆਪਾਂ ਸੰਸਾਰ ਤੇ ਆਏ ਹਾਂ ਉਹ ਕੰਮ ਨਾ ਭੁੱਲੋ। ਜਿੰਨੀ ਛੇਤੀ ਪ੍ਰਭੂ ਦੇ ਨਾਲ ਚਿੱਤ ਲਗ ਜਾਵੇ, ਓਨਾ ਹੀ ਚੰਗਾ ਹੈ।

ਅਨੰਦ ਸਾਹਿਬ

ਗੁਰ ਸਤੋਤਰ

ਅਰਦਾਸਿ

« « « « « « «

ਸੰਤ ਬਿਮਲਾ ਸਿੰਘ

ਡਾ. ਭਾਈ ਵੀਰ ਸਿੰਘ ਜੀ

ਪਿਆਰਾਂ ਦਾ ਸਾਂਈ

(ਕੀਰਤਨ ਕੀਹ ਹੈ ।ਇਸਦਾ ਗੁਣ ਤੇ ਅਸਰ। ਵਿਸਮਾਦ ਦਸ਼ਾ। ਆਪੇ ਦਾ ਸੁਖ। ਹਉਮੈ ਰੋਗ। ਬਾਣੀ ਦਾ ਲਾਭ। ਪ੍ਰੇਮ। ਸਿਫਤ ਸਲਾਹ। ਗੁਰੂ ਨਾਨਕ ਕਰਨੀ। ਅਕਲ, ਭਾਵ ਤੇ ਵਲਵਲਾ। ਪ੍ਰੇਮ ਖਿੱਚ)

੧ ਕੀਰਤਨ

ਮਧੁਰ ਮੁਧੁਰ ਧੁਨਿ – ਟਿਕਵੀਂ ਤੇ ਪਿਆਰ ਭਰੀ ਬੈਠਵੀਂ ਲੈ ਵਿਚ ਹੋ ਰਹੀ ਹੈ –

ਅਪੁਨੇ ਠਾਕੁਰ ਕੀ ਹਉ ਚੇਰੀ॥
ਚਰਨ ਗਹੇ ਜਗਜੀਵਨ ਪ੍ਰਭ ਕੇ
ਹਉਮੈ ਮਾਰਿ ਨਿਬੇਰੀ॥੧॥ ਰਹਾਉ॥
ਪੂਰਨ ਪਰਮ ਜੋਤਿ ਪਰਮੇਸਰ ਪ੍ਰੀਤਮ ਪ੍ਰਾਨ ਹਮਾਰੇ॥
ਮੋਹਨ ਮੋਹਿ ਲੀਆ ਮਨੁ ਮੇਰਾ ਸਮਝਸਿ ਸਬਦੁ ਬੀਚਾਰੇ॥
ਮਨਮੁਖ ਹੀਨ ਹੋਛੀ ਮਤਿ ਝੂਠੀ ਮਨਿ ਤਨਿ ਪੀਰ ਸਰੀਰੇ॥
ਜਬ ਕੀ ਰਾਮ ਰੰਗੀਲੈ ਰਾਤੀ ਰਾਮ ਜਪਤ ਮਨ ਧੀਰੇ॥
ਹਉਮੈ ਛੋਡਿ ਭਈ ਬੈਰਾਗਨਿ ਤਬ ਸਾਚੀ ਸੁਰਤਿ ਸਮਾਨੀ॥
ਅਕੁਲ ਨਿਰੰਜਨ ਸਿਉ ਮਨੁ ਮਾਨਿਆ ਬਿਸਰੀ ਲਾਜ ਲੁੋਕਾਨੀ॥੨॥
ਭੂਰ ਭਵਿਖ ਨਾਹੀ ਤੁਮ ਜੈਸੇ ਮੇਰੇ ਪ੍ਰੀਤਮ ਪ੍ਰਾਨ ਅਧਾਰਾ॥
ਹਰਿ ਕੈ ਨਾਮਿ ਰਤੀ ਸੋਹਾਗਨਿ ਨਾਨਕ ਰਾਮ ਭਤਾਰਾ॥

ਇਸ ਸ਼ਬਦ ਦੇ ਕੀਰਤਨ ਮਗਰੋਂ ਰਾਗੀ ਸਿੰਘਾਂ ਨੇ ਆਸਾ ਦੀ ਵਾਰ ਦਾ ਭੋਗ ਪਾ ਦਿੱਤਾ। ਕੀਰਤਨ ਬਹੁਤ ਜੁੜਵਾਂ ਤੇ ਮਨ ਖਿੱਚਵਾਂ ਹੋਇਆ ਸੀ। ਸੰਗਤ ਵਿਸਮਾਦੀ ਰਸ ਵਿਚ ਜੁੜੀ ਬੈਠੀ ਸੀ। ਘਰ ਬਾਹਰ ਦੇ ਫਿਕਰ, ਫਿਕਰਾਂ ਦੇ ਬੋਝ ਤੇ ਅਨਹੋਈਆਂ ਦੀਆਂ ਚਿੰਤਾਂ ਵਿਸਰ ਰਹੀਆਂ ਸਨ। ਇਨਸਾਨ – ਆਪੇ ਦੇ ਰਸ ਨੂੰ ਭੁੱਲ ਬੈਠੇ ਇਨਸਾਨ ਨੂੰ ਮੁੜ ਉਸ ਰਸ ਵਿਚ ਨਿਮਗਨਤਾ ਮਿਲ ਰਹੀ ਸੀ, ਜਿਸਨੂੰ ਕਿ ਇਹ ਭੁਲਾ ਬੈਠਾ ਹੈ, ਮਾਨੋ ਸੁੱਕੇ ਬਾਗ ਹਰੇ ਹੋ ਰਹੇ ਸੇ। ਧੰਨ ਕੀਰਤਨ ਹੈ ਜੋ ਚਿੰਤਾ ਵਿਚੋਂ ਅਚਿੰਤ ਵਿਚ ਲੈ ਜਾਂਦਾ ਹੈ, ਅਚਿੰਤਾ ਵਿਚੋਂ ਰਸ ਵਿਚ ਮਗਨ ਕਰ ਦਿੰਦਾ ਹੈ। ਰਸ ਵਿਚ ਓਪਰੇ ਰਸ ਵਿਚ ਨਹੀਂ ਆਪੇ ਦੇ ਰਸ ਵਿਚ। ਭੋਗ ਪੈ ਕੇ ਕੁਛ ਚਿਰ ਚੁੱਪ ਤੇ ਅਡੋਲਤਾ ਛਾਈ ਰਹੀ, ਫੇਰ ਅਰਦਾਸੀਏ ਸਿੰਘ ਨੇ ਅਰਦਾਸਾ ਸੋਧਿਆ। ਹੁਣ ਸੰਤਾਂ ਨੂੰ ਸੰਗਤ ਵਲੋਂ ਆਗਿਆ ਹੋਈ – ਮਹਾਰਾਜ ਜੀ ਕਥਾ ਕਰੀਏ – ਸ੍ਰੀ ਗੁਰੂ ਜੀ ਦੇ ਅਵਤਾਰ ਦੀ ਕਥਾ।

ਸੰਤ – ਸਤਿਨਾਮ ਸ੍ਰੀ ਵਾਹਿਗੁਰੂ ਧੰਨ ਸ੍ਰੀ ਗੁਰੂ ਨਾਨਕ ਦੇਵ! ਗੁਰੂ ਕੀ ਸਾਧ ਸੰਗਤ ਜੀ! ਰਾਤ ਸੋਦਰ ਦੇ ਦੀਵਾਨ ਮਗਰੋਂ ਅਸੀਂ ਆਪ ਦੇ ਦਿੱਤੇ ਉਤਾਰੇ ਵਾਲੇ ਥਾਉਂ ਤੇ ਟਿਕਣ ਵਾਸਤੇ ਗਏ ਤਾਂ ਇਕ ਗੱਭਰੂ ਸਿੰਘ ਜੀ ਸਾਡੇ ਪਾਸ ਆਏ ਤੇ ਪ੍ਰਸ਼ਨ ਕਰਨ ਲੱਗੇ ਕਿ ਕੀਰਤਨ ਕਿਉਂ ਕਰਦੇ ਹੋ? ਕੀਹ ਪਰਮੇਸੁਰ ਕੁਸ਼ਾਮਤ ਦਾ ਭੁੱਖਾ ਹੈ ਜੋ ਆਪਣੀ ਮਹਿਮਾ ਸੁਣਕੇ ਰੀਝਦਾ ਹੈ? (ਸੰਗਤ ਵਿਚੋਂ ਆਵਾਜ਼ ਆਈ, ਸ੍ਰੀ ਵਾਹਿਗੁਰੂ ਜੀਅ.....ਅ)! ਜੋ ਕੁਛ ਸਤਿਗੁਰ ਨੇ ਇਸ ਘਟ ਪਾਇਆ ਸੀ ਉਸ ਨੌਜਵਾਨ ਨੂੰ ਉਤਰ ਦਿਤਾ ਗਿਆ। ਉਸ ਵਾਰਤਾਲਾਪ ਦੇ ਮੁੱਕਣੇ ਤੇ ਉਹ ਆਖਣ ਲੱਗਾ – ਮੇਰੇ ਵਰਗੇ ਅਨਜਾਣ ਕਈ ਕੱਲ ਸਵੇਰੇ ਦੀਵਾਨ ਵਿਚ ਹੋਣਗੇ ਜੋ 'ਚੰਚਲ ਵਾਕ ਰਚਨਾ' ਨਾਲ ਕੁਰਾਹੇ ਪਾਏ ਗਏ ਹਨ, ਜੇਕਰ ਆਪ ਕਥਾ ਵਿਚ ਇਸ ਵਿਸ਼ੇ ਤੇ ਇਹ ਚਾਨਣਾ ਪਾ ਦਿਓ ਤਾਂ ਅਨੇਕਾਂ ਦਾ, ਮੇਰੇ ਵਾਂਗੂੰ ਭਲਾ ਹੋਵੇਗਾ। ਸੋ ਸਾਧ ਸੰਗਤ ਜੀ! ਜੇ ਆਗਿਆ ਹੋਵੇ ਤਾਂ ਬਿਨੈ ਕਰਾਂ, ਕਿਉਂ ਜੋ ਏਸ ਵਿਚ ਗੁਰ ਨਾਨਕ ਆਦਰਸ਼ ਦੀ ਕੁਝ ਵਿਆਖਿਆ ਆ ਜਾਵੇਗੀ। ਆਪ ਜਾਣਦੇ ਹੀ ਹੋ ਕਿ ਉਨ੍ਹਾਂ ਦਾ ਜੀਵਨ ਉਨ੍ਹਾਂ ਦਾ ਆਦਰਸ਼ ਬੀ ਹੈ। ਆਦਰਸ਼ ਦਾ ਸਾਡੇ ਨੈਣਾਂ ਦੇ ਅੱਗੇ ਦਿਸਦੇ ਰਹਿਣਾ ਉਨ੍ਹਾਂ ਦੇ ਜੀਵਨ ਨੂੰ ਮਨਾਉਂਦੇ ਰਹਿਣਾ ਹੈ। ਸ੍ਰੀ ਗੁਰੂ ਜੀ ਆਪ ਆਪਣੇ ਆਪ ਨੂੰ ਪਿੱਛੇ ਰੱਖਦੇ ਸੇ, ਪਰ ਆਪਣੇ ਇਲਾਹੀ ਆਦਰਸ਼ ਨੂੰ ਸਾਡੇ ਨੈਣਾਂ ਦੇ ਅੱਗੇ ਰੱਖਿਆ ਕਰਦੇ ਸੇ। ਆਦਰਸ਼ ਜੋ ਕੌਮ ਭੁੱਲਦੀ ਹੈ ਗਿਰਾਉ ਉਸੇ ਦਾ ਹੁੰਦਾ ਹੈ। ਕੌਮੀ ਗਿਰਾਉ ਦਾ ਅਰਥ ਹੀ ਇਹ ਹੈ ਕਿ ਆਦਰਸ਼ ਅੱਖਾਂ ਤੋਂ ਉਹਲੇ ਹੋ ਗਿਆ ਹੈ ਯਾ ਕਰ ਦਿਤਾ ਗਿਆ ਹੈ।

ਸੰਗਤ ਵਿਚੋਂ ਆਵਾਜ਼ ਆਈ – ਹਾਂ ਮਹਾਰਾਜ ਜੀ! ਉਸ ਵਾਰਤਾਲਾਪ ਤੋਂ ਹੀ ਕਥਾ ਆਰੰਭ ਕੀਜੀਏ।

ਸੰਤ – ਸਾਧ ਸੰਗਤ, ਗੁਰੂ ਕੀ ਪਿਆਰੀ ਦੁਲਾਰੀ ਸਾਧ ਸੰਗ ਜੀਓ! ਉਚੇ ਆਦਰਸ਼ਾਂ ਨੂੰ, ਸੁਹਣੇ ਸੁਹਣੇ ਅਸੂਲਾਂ ਨੂੰ ਕੋਈ ਹਾਸ ਦਾ ਲਫਜ਼ ਲਾ ਕੇ ਉਡਾ ਦੇਣ ਦਾ ਸਭਿਆਤਾਹੀਨ ਜਤਨ ਪੱਛਮੀ ਲੋਕਾਂ ਦੇ ਐਬਾਂ ਵਿਚੋਂ ਇਕ ਐਬ ਹੈ, ਸੋ ਸਾਡੇ ਸੱਜਣਾਂ ਨੇ ਆਪਣੇ ਉੱਚ ਅਸੂਲਾਂ ਤੋਂ ਅਨਜਾਣ ਰਹਿ ਕੇ ਯਾ ਕਿਸੇ ਪ੍ਰਯੋਜਨ ਨੂੰ ਲੈ ਕੇ ਵਰਤਿਆ ਹੈ। ਇਹ ਸੁਭਾਵ ਠੀਕ ਨਹੀਂ। ਸਾਡੀ ਵਿਦਿਆ ਸਾਡੇ ਫਿਲਸਫੇ ਸਾਡੇ ਪੁਰਾਤਨ ਗ੍ਰੰਥਾਂ ਨੂੰ ਵਾਚ ਵਾਚ ਕੇ ਪੱਛਮ ਵਾਲੇ ਦਾਨਿਆਂ ਨੇ ਕਦਰਾਂ ਪਾਈਆਂ ਤੇ ਗ੍ਰੰਥ ਲਿਖੇ ਹਨ। ਅਸੀਂ ਉਨ੍ਹਾਂ ਦੀ ਵਿਦਿਆ ਪਾ ਕੇ ਉਨ੍ਹਾਂ ਦੇ ਗੁਣ ਤੇ ਆਪਣੀ ਵਿਦਿਆ ਦੇ ਗੁਣ ਇਕੱਠੇ ਕਰਕੇ ਮਾਲਾਮਾਲ

ਨਹੀਂ ਹੁੰਦੇ, ਸਗੋਂ ਅਸੀਂ ਆਪਣਾ ਘਰ ਲੁਟਾਉਣ ਨੂੰ ਉਠ ਟੁਰਦੇ ਹਾਂ ਤੇ ਉਨ੍ਹਾਂ ਦੇ ਅਵਗੁਣ ਗ੍ਰਹਿਣ ਕਰਦੇ ਹਾਂ। ਇਨਸਾਨ ਨੂੰ ਗੁਣ ਗ੍ਰਾਹੀ ਹੋਣਾ ਚਾਹੀਦਾ ਹੈ, ਸਤਿਗੁਰ ਦਾ ਹੁਕਮ ਹੈ 'ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗੁਣ ਚਲੀਐ'॥

ਸਾਧਸੰਗਤ ਗੁਰੂ ਕੇ ਖਾਲਸਾ ਜੀਓ! ਇਹ ਜੋ ਕੀਰਤਨ ਦੀ ਸ਼ੁਭ ਮਰਿਯਾਦਾ ਹੈ, ਇਸ ਦੇ ਪਿਛੇ ਸਾਡੇ ਸਤਿਗੁਰਾਂ ਦਾ ਸੰਪੂਰਣ ਭਾਵ ਤਾਂ ਉਨ੍ਹਾਂ ਨੂੰ ਪਤਾ ਹੈ, ਪਰ ਜੋ ਗੁਰਬਾਣੀ ਤੋਂ ਮੇਰੀ ਸਮਝੇ ਪਿਆ ਹੈ, ਇਉਂ ਹੈ -

ਇਨਸਾਨ ਨੂੰ ਖਾਣ, ਪੀਣ ਤੇ ਪਹਿਨਣ ਦੀ ਲੋੜ ਹੈ। ਇਨਸਾਨ ਨੂੰ ਆਪਣੀ ਔਲਾਦ ਨਾਲ ਪਿਆਰ ਹੈ, ਇਸ ਦੀਆਂ ਲੋੜਾਂ ਇਸ ਦੀ ਹਿੱਕ ਤੇ ਬੈਠਦੀਆਂ ਹਨ। ਇਨ੍ਹਾਂ ਲੋੜਾਂ ਦੇ ਪੂਰਨ ਕਰਨ ਲਈ ਇਹ ਜਤਨਾਂ ਵਿਚ ਲੱਗਾ ਰਹਿੰਦਾ ਹੈ। ਇਨ੍ਹਾਂ ਜਤਨਾਂ ਵਿਚ ਹੀ ਇਸਨੂੰ ਦੂਸਰੇ ਇਨਸਾਨਾਂ ਨਾਲ ਟਾਕਰਿਆਂ ਦੇ ਸਮੇਂ ਆ ਜਾਂਦੇ ਹਨ ਤੇ ਵੈਰ ਵਿਰੋਧ ਚੱਲ ਪੈਂਦੇ ਹਨ। ਇਹ ਵੈਰ ਵਿਰੋਧ ਨਿਰੇ ਸ਼ਖਸੀ ਹੀ ਨਹੀਂ ਰਹਿੰਦੇ ਸਗੋਂ ਕੌਮੀ ਤੇ ਮੁਲਕੀ ਬੀ ਹੋ ਟੁਰਦੇ ਹਨ। ਦੇਸ਼ ਦੇਸ਼ ਨਾਲ, ਕੌਮ ਕੌਮ ਨਾਲ ਬੜੇ ਵੱਡੇ ਪੈਮਾਨੇ ਤੇ ਜੰਗ ਛੇੜ ਲੈਂਦੀ ਹੈ। ਫਿਰ ਹਰ ਦੇਸ਼ ਅੰਦਰ ਵਸੋਂ ਵਧ ਗਈ ਹੈ, ਵੱਡੇ ਵੱਡੇ ਸੰਘਣੇ ਨਗਰ ਵਧ ਗਏ ਹਨ, ਸਿਹਤਾਂ ਠੀਕ ਨਹੀਂ ਰਹੀਆਂ। ਖਰਚ ਵਧ ਗਏ ਹਨ, ਸਾਮਾਨ ਭੋਗਾਂ ਦੇ ਤੇ ਤਰੀਕੇ ਰਹਿਣ ਦੇ ਵਧੇਰੇ ਖਰਚਾਂ ਨਾਲੇ ਹੋ ਗਏ ਹਨ, ਮਨ ਦਾ ਸੁਤੇ ਰੁਖ ਉਦਾਸੀ ਵੱਲ ਹੈ। ਮਾਨੁਖ ਇਸ ਤਰ੍ਹਾਂ ਦੇ ਧੰਦਾਲਾਂ ਵਿਚ ਪਿਆ ਹਰ ਵੇਲੇ ਸੋਚਾਂ ਫਿਕਰਾਂ ਤੇ ਜੋੜਾਂ ਤੋੜਾਂ ਵਿਚ ਰਹਿੰਦਾ ਹੈ - ਕਿਵੇਂ ਗੁਜ਼ਾਰਾ ਕਰਾਂ? ਕਿਵੇਂ ਬਾਲ ਬੱਚੇ ਵਾਸਤੇ ਕਮਾ ਕੇ ਲਿਆਵਾਂ? ਕਿਵੇਂ ਆਸੂਦਾ ਹੋਵਾਂ ਦੂਸਰੇ ਬੜੇ ਸੁਖੀ ਹਨ, ਮੈਂ ਉਤਨਾ ਕਿਉਂ ਨਹੀਂ? ਰੀਸ, ਈਰਖਾ, ਵਾਦ, ਫਸਾਦ ਇਸ ਤਰ੍ਹਾਂ ਗਲੇ ਪੈ ਰਹੇ ਹਨ॥ ਸੱਟਾ ਕੀਹ ਨਿਕਲਿਆ ਹੈ? ਇਨਸਾਨ ਹਰ ਵੇਲੇ ਸੋਚਾਂ ਵਿਚ ਹੈ, ਫਿਕਰਾਂ ਵਿਚ ਹੈ, ਮਨੋਰਾਜ ਚੱਲ ਰਹੇ ਹਨ ਤੇ ਸੰਕਲਪਾਂ ਦੇ ਖੌਲਰ ਪੈ ਰਹੇ ਹਨ। ਥੱਕੇ ਹੋਏ ਸਰੀਰ ਰਾਤ ਨੂੰ ਅੱਕ ਕੇ ਜਦ ਸੌਂਦੇ ਹਨ ਤਾਂ ਸੁਫਨੇ ਵਿਚ ਵੀ ਉਹੀ ਹਰਕਤਾਂ ਕਰਦੇ ਪੂਰੇ ਆਰਾਮ ਵਿਚ ਨਹੀਂ ਜਾਂਦੇ। ਮਨੁੱਖ ਦੇ ਅੰਦਰ ਇਕ ਮਾਦਾ ਸੀ ਸੋਚ ਫਿਕਰ ਤੋਂ ਉਚਾ ਉਠ ਕੇ ਰਸ ਵਿਚ ਜਾਣ ਦਾ। ਕਿਸੇ ਓਪਰੇ ਰਸ ਵਿਚ ਨਹੀਂ ਆਪੇ ਦੇ ਰਸ ਵਿਚ। ਜਿਵੇਂ ਬ੍ਰਿੱਛ ਹੈ, ਉਹ ਦੂਜੇ ਬ੍ਰਿਛ ਦੀ ਲੋੜ ਤੋਂ ਬਿਨਾਂ ਆਪਣੇ ਜੀਵਨ ਦੇ ਆਧਾਰ ਤੇ ਆਪਣੇ ਆਪ ਵਿਚ ਝੂਮਦਾ ਮੌਲਦਾ, ਖਿੜਦਾ ਤੇ ਫਲਦਾ ਹੈ। ਉਹ ਆਪਣੇ ਜੀਵਨ-ਰਸ ਦੇ ਆਧਾਰ ਤੇ ਹੈ - ਦ੍ਰਿਸ਼ਟਾਂਤ ਮਾਤ੍ਰ ਕਹਿ ਰਿਹਾ ਹਾਂ - ਤਿਵੇਂ ਮਾਨੁਖ ਨਹੀਂ ਰਿਹਾ। ਹੁਣ ਮਨੁੱਖ ਆਪੇ ਦੇ ਰਸ ਨੂੰ, ਆਪਣੇ ਜੀਵਨ ਦੇ ਰਸ ਨੂੰ ਜੋ ਆਪੇ ਦੇ ਆਪੇ ਵਿਚ ਆ ਜਾਣ ਦਾ ਹੈ, ਭੁੱਲ ਗਿਆ ਹੈ। ਇਸ ਨੂੰ ਹੁਣ ਬਾਹਰ ਦੇ ਕੁਦਰਤੀ ਸੁੰਦਰਤਾ ਵਾਲੇ 'ਪਦਾਰਥ' ਤੇ 'ਤੇਜ' ਬੀ ਅਸਚਰਜ ਵਿਚ ਪਾ ਕੇ ਆਪਮੇ ਦੇ ਰਸ ਵਿਚ ਨਹੀਂ ਲੈ ਜਾਂਦੇ, ਜਿਵੇਂ ਕਿ ਚੰਦ ਸੂਰਜ ਦੇ ਨਜ਼ਾਰੇ, ਅਗਨੀ ਪ੍ਰਜ੍ਵਲਤ ਸੁੰਦਰਤਾ, ਜਲ ਪ੍ਰਵਾਹਾਂ ਦੇ ਵੇਗ, ਸਾਗਰ ਦੀ ਵਿਸ਼ਾਲਤਾ, ਗਗਨ ਮੰਡਲ ਦੀ ਨੂਰ ਬਹਾਰ, ਚਿਮਨਾਂ ਤੇ ਬਾਗਾਂ ਦੀ ਰੰਗ ਰੂਪ ਤੇ ਸੁਗੰਧਿ ਲੀਲਾ, ਬਨਾਂ ਵਿਚ ਪੈ ਰਹੀ 'ਪ੍ਰਕਾਸ਼' 'ਛਾਯਾ' ਦੀ ਗੰਗਾ ਜਮਨੀ ਤੇ ਅਡੋਲਤਾ ਦਾ ਸੁਹਾਉ। ਇਸ ਸ਼ੈ ਦੀ ਹਾਨੀ ਹੋਣ ਨਾਲ ਮਨ ਨਿਰਬਲ ਤੇ ਰਸਹੀਨ ਹੋ ਜਾਂਦਾ ਹੈ। ਪਰ ਜੋ ਮਨ ਚਿੰਤਾ ਤੋਂ ਅਤੀਤ ਹੈ, ਫਿਕਰ ਨਾਲ ਖਾਧਾ ਨਹੀਂ ਗਿਆ, ਈਰਖਾ ਨਾਲ ਲੂਸਿਆ ਨਹੀਂ ਗਿਆ ਉਹ ਮਨ ਜੇ ਆਪਣੇ ਅੰਦਰੋਂ ਆਪਣੇ ਰਸ ਵਿਚ ਨਹੀਂ ਜਾਂਦਾ ਤਾਂ ਇਨ੍ਹਾਂ ਨਜ਼ਾਰਿਆਂ ਨਾਲ ਹੀ ਉਚਾ ਉਠ ਜਾਂਦਾ ਹੈ ਤੇ ਆਪੇ ਦੇ ਰਸ ਨੂੰ - ਆਪਣੇ ਜੀਵਨ ਰਸ ਨੂੰ - ਆਪੇ ਦੀ ਮਗਨਤਾ ਵਿਚ ਮਾਣ ਲੈਂਦਾ ਹੈ। ਜਿਨ੍ਹਾਂ ਨੂੰ ਏਸ ਰਸ ਦਾ ਪੂਰਨ ਰਸੀਏ ਵਾਂਗੂੰ ਪਤਾ ਸੀ ਉਨ੍ਹਾਂ ਦਾ ਮਨ ਅੰਦਰੋਂ ਆਪੇ 'ਆਪੇ ਦੇ ਰਸ' ਵਿਚ ਰਹਿੰਦਾ ਸੀ। ਫੇਰ ਉਨ੍ਹਾਂ ਨੂੰ ਇਹ ਨਜ਼ਾਰੇ ਵਧੇਰੀ ਮਦਦ ਦਿੰਦੇ ਸੀ। ਦੇਖੋ, ਗੁਰੂ ਨਾਨਕ ਦੇਵ ਜੀ ਨੂੰ, ਇਹ ਨਜ਼ਾਰੇ ਦੇਖ ਕੇ ਕੀਕੂੰ ਇਹ ਰਸ-ਵਿਸਮਾਦ ਦਾ ਰਸ ਆਉਂਦਾ ਹੈ। ਉਸ ਹਰੇ ਭਰੇ ਪ੍ਰਫੁੱਲਤ ਅਤੇ ਆਪੇ ਵਿਚ ਸੁਰਜੀਤ ਮਨ ਨੂੰ ਕਿਵੇਂ ਇਹ ਵਿਸਮਾਦ ਦਾ ਰਸ ਆਉਂਦਾ ਹੈ। ਉਸ ਹਰੇ ਭਰੇ ਪ੍ਰਫੁੱਲਤ ਅਤੇ ਆਪੇ ਵਿਚ ਸੁਰਜੀਤ ਮਨ ਨੂੰ ਕਿਵੇਂ ਇਹ ਵਿਸਮਾਦ ਦਾ ਸੁਆਦ ਹਰ ਸ਼ੈ ਤੋਂ ਮਿਲਦਾ ਹੈ, ਜੋ ਸਾਨੂੰ ਫਿਕਰਾਂ ਮਾਰਿਆਂ ਨੂੰ ਨਹੀਂ ਮਿਲਦਾ। ਆਪ ਫੁਰਮਾਉਂਦੇ ਹਨ -

ਵਿਸਮਾਦੁ ਨਾਦ ਵਿਸਮਾਦੁ ਵੇਦ॥
ਵਿਸਮਾਦੁ ਜੀਅ ਵਿਸਮਾਦੁ ਭੇਦ॥
ਵਿਸਮਾਦੁ ਰੂਪ ਵਿਸਮਾਦੁ ਰੰਗ॥
ਵਿਸਮਾਦੁ ਨਾਗੇ ਫਿਰਹਿ ਜੰਤ॥
ਵਿਸਮਾਦੁ ਪਉਣੁ ਵਿਸਮਾਦੁ ਪਾਣੀ॥
ਵਿਸਮਾਦੁ ਅਗਨੀ ਖੇਡਹਿ ਵਿਡਾਣੀ॥
ਵਿਸਮਾਦੁ ਧਰਤੀ ਵਿਸਮਾਦੁ ਖਾਣੀ॥
ਵਿਸਮਾਦੁ ਸਾਦਿ ਲਗਹਿ ਪਰਾਣੀ॥
ਵਿਸਮਾਦੁ ਸੰਜੋਗੁ ਵਿਸਮਾਦੁ ਵਿਜੋਗੁ॥
ਵਿਸਮਾਦੁ ਭੁਖ ਵਿਸਮਾਦੁ ਭੋਗੁ॥
ਵਿਸਮਾਦੁ ਸਿਫਤਿ ਵਿਸਮਾਦੁ ਸਾਲਾਹ॥
ਵਿਸਮਾਦੁ ਉਝੜ ਵਿਸਮਾਦੁ ਰਾਹ॥
ਵਿਸਮਾਦੁ ਨੇੜੈ ਵਿਸਮਾਦੁ ਦੂਰਿ॥
ਵਿਸਮਾਦੁ ਦੇਖੈ ਹਾਜਰਾ ਹਜੂਰਿ॥
ਵੇਖਿ ਵਿਡਾਣੁ ਰਹਿਆ ਵਿਸਮਾਦੁ॥

ਨਾਨਕ ਬੁਝਣੁ ਪੂਰੈ ਭਾਗਿ॥

ਧਿਆਨ ਕਰਨਾ ਖਾਲਸਾ ਜੀ! ਸ੍ਰੀ ਗੁਰੂ ਨਾਨਕ ਦੇਵ ਜੀ, ਜਿਨ੍ਹਾਂ ਦਾ ਅੱਜ ਅਵਤਾਰ ਦਾ ਦਿਨ ਆਪ ਮਨਾ ਰਹੇ ਹੋ, ਫੁਰਮਾਉਂਦੇ ਹਨ, ਵੇਖਿ ਵਿਡਾਣੁ ਰਹਿਆ ਵਿਸਮਾਦੁ॥ ਨਾਨਕ ਬੁਝਣੁ ਪੂਰੈ ਭਾਗਿ॥

ਧਿਆਨ ਕਰਨਾ ਖਾਲਸਾ ਜੀ! ਸ੍ਰੀ ਗੁਰੂ ਨਾਨਕ ਦੇਵ ਜੀ, ਜਿਨ੍ਹਾਂ ਦਾ ਅੱਜ ਅਵਤਾਰ ਦਾ ਦਿਨ ਆਪ ਮਨਾ ਰਹੇ ਹੋ, ਫੁਰਮਾਉਂਦੇ ਹਨ 'ਵੇਖਿ ਵਿਡਾਣੁ ਰਹਿਆ ਵਿਸਮਾਦੁ॥' ਮੈਂ ਇਹ ਅਚਰਜ ਵੇਖ ਕੇ ਵਿਸਮਾਦ ਹੋ ਰਿਹਾ ਹਾਂ, ਪਰ ਅਸੀਂ ਤਾਂ ਇਨ੍ਹਾਂ ਨਜ਼ਾਰਿਆਂ ਨੂੰ ਵੇਖ ਕੇ ਵਿਡਾਣ ਨਹੀਂ ਸਮਝਦੇ ਅਰ ਵਿਸਮਾਦੁ ਬੀ ਕੋਈ ਨਹੀਂ ਹੁੰਦੇ ਸਾਡਾ ਆਪੇ ਦਾ 'ਮੱਚ' ਮਰ ਚੁੱਕਾ ਹੈ। ਇਨਸਾਨ ਇਕ ਸੋਚ ਮਾਤ੍ਰ ਤੇ ਸੋਚ ਤੋਂ ਅੱਗੇ ਫਿਕਰ ਦੀ ਕਲਾ (ਮਸ਼ੀਨ) ਬਣ ਗਿਆ ਹੈ, ਇਸ ਦਾ ਆਪੇ ਦਾ ਆਪਾ ਮਾਨੋ ਗੁਆਚ ਗਿਆ ਹੈ, ਪਰ ਇਸ ਦੇ ਅੰਦਰ ਆਪੇ ਵਿਚ ਗੁੰਮ ਹੋ ਕੇ ਰਸ ਲੈਣ ਦਾ ਕੁਛ ਭੁਸ ਜੇਹਾ ਅਜੇ ਹੈ, ਜਿਸ ਲਈ ਇਹ ਤਮਾਸ਼ੇ, ਨਾਟ, ਸਿਨੇਮਾ, ਥੀਏਟਰ ਰਚਦਾ ਹੈ, ਨਸ਼ੇ ਸੇਵਨ ਕਰਦਾ ਹੈ ਤੇ ਹੋਰ ਹੀਲੇ ਬਣਾਉਂਦਾ ਹੈ, ਪਰ ਉਹ ਸਾਰੇ ਘੜੀ ਦੀ ਘੜੀ ਪਰਚਾਵਾ ਕਰਕੇ ਮੁੱਕ ਜਾਂਦੇ ਹਨ ਤੇ ਉਨ੍ਹਾਂ ਵਿਚ ਬੀ ਆਪਾ ਤੇ ਸਰੀਰ ਖਰਚ ਹੀ ਹੁੰਦਾ ਹੈ। ਹੁਣ ਜਤਨਾਂ ਜੋਧਨਾਂ ਨਾਲ ਥੱਕੇ ਦਿਮਾਗ ਹੋਰ ਤਰ੍ਹਾਂ ਦੇ ਜਤਨਾਂ ਜੋਧਨਾਂ ਵਾਲੇ ਸਾਮਾਨਾਂ ਵਿਚ ਪਰਚਾਵੇ ਸਮਝਦੇ ਹਨ। ਪਰ ਆਪਾ ਤਾਂ ਜਤਨਾਂ ਜੋਧਨਾਂ ਵਿਚ ਹੀ ਰਹਿੰਦਾ ਹੈ, ਵਟਾਉ ਸਟਾਉ ਹੁੰਦਾ ਹੈ, ਸੋ ਅਸਲੀ ਥਕਾਨ ਕਿਵੇਂ ਹਟੇ? ਅਰਥਾਤ ਜੇ ਸਾਰੇ ਦਿਨ ਦੇ ਕੰਮ ਥਕਾਨ ਤੇ ਅਕਾਨ ਜਤਨ ਸਰੂਪ ਹਨ ਤਾਂ ਤਮਾਸ਼ੇ ਆਦਿ ਬੀ ਅੱਖਾਂ ਦਿਮਾਗ ਨੂੰ ਜਤਨ ਵਿਚ ਹੀ ਲੈ ਜਾਂਦੇ ਹਨ, ਨਿਰਾ ਵਟਾਉ ਸਟਾਉ ਹੁੰਦਾ ਹੈ, ਜਿਸ ਨਾਲ ਕੁਛ ਫਰਕ ਤਾਂ ਪੈਂਦਾ ਹੈ ਪਰ ਸੁਰਤ ਨੂੰ ਪੂਰਾ ਆਰਾਮ ਦਾ ਸਾਮਾਨ ਕੋਈ ਨਹੀਂ, ਸਿਵਾਏ ਨੀਂਦ ਦੇ, ਉਹ ਬੀ ਸੁਪਨਿਆਂ ਭਰੀ ਪੂਰੀ ਅਰਾਮਤਾ ਨਹੀਂ ਹੋਣ ਦਿੰਦੀ, ਸੋ ਉਨ੍ਹਾਂ ਤਮਾਸ਼ਿਆਂ ਸਿਨੇਮਾ ਆਦਿਕਾਂ ਵਿਚ ਇਨਸਾਨ ਆਪਣੀਆਂ ਗਲਤੀਆਂ, ਮੂਰਖਤਾਈਆਂ, ਜਤਨਾਂ ਜੋਧਨਾਂ, ਫਿਕਰਾਂ, ਚਿੰਤਾਸ ਲੜਾਈਆਂ, ਝਗੜਿਆਂ ਦੇ ਸ਼ੂਂਗ ਭਰ ਭਰ ਕੇ ਹੀ ਦੇਖਦਾ ਤੇ ਖੁਸ਼ ਹੁੰਦਾ ਹੈ ਆਪਣੀ ਹੀ ਨਕਲ ਉਤਾਰੀ ਉਤੇ। ਮੇਰਾ ਭਾਵ ਇਹ ਹੈ ਕਿ ਇਨਸਾਨ ਫਿਕਰਾਂ ਵਾਲਾ ਜੰਤੂ ਬਣ ਕੇ ਫਿਕਰ ਸਰੂਪ ਹੋ ਗਿਆ ਹੈ ਤੇ ਆਪੇ ਦੇ ਟਿਕਾਉ ਦਾ ਰਸ ਭੁੱਲ ਗਿਆ ਹੈ। ਸੋਚ ਦੀ ਸਤਿਆ ਜੋ ਇਸਨੂੰ ਮਿਲੀ ਸੀ, ਜੋ ਇਸਨੂੰ ਪਸ਼ੂਆਂ ਤੋਂ ਉਚਿਆਂ ਕਰਦੀ ਸੀ, ਉਹ ਉਤਮ ਵਸਤੂ ਸੀ, ਉਸ ਨਾਲ ਇਸ ਦੀ ਵੀਚਾਰ ਵਧੇ ਤੇ ਇਹ ਵਾਕਫੀ ਵਿਚ ਵਿਸ਼ਾਲ ਹੋ ਕੇ ਉਚ ਜੀਵਨ ਵਿਚ ਜਾ ਕੇ ਸੁਖ ਪਾਵੇ, ਉਹ ਪੱਖ ਘੱਟ ਹੋ ਗਿਆ ਹੈ। ਇਸਦੀ ਹਰ ਵਾਕਫੀ, ਇਸ ਦੀਆਂ ਸਾਰੀਆਂ ਮਾਲੂਮਾਤ ਇਸਨੂੰ ਪਰਸਪਰ ਵਿਰੋਧਾਂ ਵਿਚ ਤੇ ਧੋ ਵਿਚ ਦੇ ਜੰਗਾਂ ਜੁੱਧਾਂ ਵਿਚ ਬਲਵਾਨ ਕਰ ਗਈਆਂ ਹਨ ਤੇ ਇਸਦੇ ਧੋ ਨੂੰ ਹੋਰ ਜਤਨਾਂ ਵਿਚ ਪਾ ਗਈਆਂ ਹਨ। ਇਸ ਦੇ ਹੁਣ ਲੱਗਭੱਗ ਸਾਰੇ ਜਤਨ ਇਸਦੀ ਆਪ ਲੱਭੀ ਸਭਿਅਤਾ ਦੇ ਵਿਸਰਜਨ ਕਰਨ ਵਿਚ ਖਰਚ ਹੋ ਰਹੇ ਦਿੱਸ ਰਹੇ ਹਨ। ਕੋਈ ਘੜੀ ਇਨਸਾਨ ਨੂੰ ਆਪੇ ਦੇ ਸੁਖ ਦੀ ਜੋ ਅਸਲ ਸੁਖ ਹੈ, ਆਵੇ, ਇਹ ਗੱਲ ਗਈ ਆਈ ਹੋ ਗਈ ਹੈ। ਜੈਸਾ ਕਿ ਮੈਂ ਹੁਣੇ ਕਿਹਾ ਹੈ, ਜੋ ਕੁਛ ਦਿਲ ਪਰਚਾਵੇ ਬੀ ਇਸ ਨੇ ਬਣਾਏ ਹਨ ਉਹ ਆਪੇ ਨੂੰ ਆਪੇ ਦੇ ਰਸ ਵਿਚ ਨਹੀਂ ਲੈ ਜਾਂਦੇ, ਪਰ ਹੋਰ ਤਰ੍ਹਾਂ ਦੇ ਜਤਨਾਂ ਵਿਚ ਪਾ ਕੇ ਪਰਚਾਵੇ ਮਾਤ੍ਰ ਤੇ ਮੁੱਕ ਜਾਂਦੇ ਹਨ। ਇਨ੍ਹਾਂ ਦਾ ਫਲ ਆਪੇ ਦਾ ਪੂਰਾ ਥਕਾਨ ਉਤਾਰਵਾਂ ਹੋਵੇ, ਕੁਛ ਉਚਿਆਂ ਕਰਨਾ ਹੋਵੇ, ਨਹੀਂ ਪੈ ਰਿਹਾ, ਸਗੋਂ ਇਨ੍ਹਾਂ ਦਾ ਆਪਣਾ ਇਕ ਥਕਾਨ ਬੀ ਹੁੰਦਾ ਹੈ। ਅਸੀਂ ਇਕ ਪ੍ਰਯਤਨ ਦਾ ਦੂਸਰੇ ਪ੍ਰਯਤਨ ਨਾਲ ਵਟਾਂਦਰਾ ਕਰਦੇ ਹਾਂ। ਇਉਂ ਇਨਸਾਨ ਹਰ ਵੇਲੇ ਜਤਨ ਜੋਧਨ, ਰੀਸ ਈਰਖਾ ਵਾਲੀ, ਝਗੜੇ ਤੇ ਫਸਾਦਾਂ ਵਿਚ ਤੇ ਇਕ ਦੂਏ ਨੂੰ ਜ਼ੇਰ ਕਰਨ ਵਿਚ ਲਗਾ ਲਗਾ, ਆਪੇ ਦੇ ਗੁਣਾਂ - ਪ੍ਰੇਮ, ਮਾਫੀ, ਦਰਗੁਜ਼ਰੀ, ਭਲਿਆਈ, ਵਿਸ਼ਾਲਤਾ, ਉਚਿਆਈ ਵਿਚ ਘਟਦਾ ਹੈ।

ਬਹੁਤ ਪੁਰਾਤਨ ਸਮੇਂ ਵਿਚ ਸਾਡੇ ਵੱਡੇ ਚੰਦ, ਸੂਰ, ਬਿਜਲੀ, ਤਾਰੇ, ਕੁਦਰਤੀ ਨਜ਼ਾਰਿਆਂ ਤੋਂ ਸੁਤੇ ਹੀ ਵਿਸਮਾਦ ਵਿਚ ਜਾ ਕੇ ਆਪੇ ਵਿਚ ਜੁੜਦੇ ਤੇ ਆਪੇ ਦੇ ਰਸ-ਚਾਖੇ ਹੋ ਜਾਂਦੇ ਸੀ। ਫੇਰ ਸਮਾਂ ਪਾ ਕੇ ਅੰਤ੍ਰਈਵੀ ਯੋਗ ਦਾ ਮਾਰਗ ਟੁਰਿਆ ਸੀ ਕਿ ਜੋ ਇਨਸਾਨ ਨੂੰ ਆਪੇ ਵਿਚ ਟਿਕਾਵੇ ਤੇ ਆਪੇ ਨੂੰ ਅੰਦਰੋਂ ਹੀ ਕੁਦਰਤੀ ਉਮਾਹੁ 'ਆਪੇ ਦੇ ਰਸ' ਵਿਚ ਲੈ ਜਾਵੇ। ਇਹ ਤਰੀਕਾ ਪਹਿਲਾਂ ਆਪਣੇ ਮਨੋਰਥ ਵਲ ਰੁਖ ਰਖਦਾ ਸੀ, ਪਰ ਫੇਰ ਕਰਨ ਵਾਲਿਆਂ ਨੂੰ ਭਾਈਚਾਰੇ ਤੋਂ, ਇਨਸਾਨੀ ਸਮਾਗਮ ਤੋਂ ਵੱਖਰੇ ਕਰਕੇ ਏਕਾਂਤ ਵਿਚ ਲੈ ਜਾਣ ਵਲ ਰੁਖ ਲੈ ਗਿਆ। ਉਸ ਤੋਂ ਪਿਛਲੇ ਸਮੇਂ ਵਿਚ ਇਸਦੇ ਨਾਮਾਂ ਹੇਠ ਲੋਕੀਂ ਨਾਟਕਾਂ ਚੇਟਕਾਂ ਵਿਚ ਪੈ ਗਏ ਤੇ ਫਲ ਓਹੇ ਪ੍ਰਯਤਨ ਹੀ ਪ੍ਰਯਤਨ ਜੱਦੋ ਜਿਹਦ ਹੀ ਰਹਿ ਗਿਆ। ਇਸੀ ਤਰ੍ਹਾਂ ਹੋਰ ਕਈ ਤਰੀਕੇ ਜਾਰੀ ਹੋਏ, ਪਰ ਉਨ੍ਹਾਂ ਦੇ ਕਰਨ ਵਾਲਿਆਂ ਨੇ ਅੰਤ ਭਾਈਚਾਰੇ ਤੋਂ ਵਿੱਥ ਕਰਕੇ ਏਕਾਂਤਾਂ ਹੀ ਧਾਰੀਆਂ, ਸਰਬ ਸਾਦਾਰਣ ਉਸ ਫਿਕਰ ਗ੍ਰਸੀ ਹਾਲਤ ਵਿਚ ਹੀ ਰਹੇ, ਸਗੋਂ ਚੰਗੇ ਆਦਮੀਆਂ ਦੇ ਵਿਚੋਂ ਨਿਕਲ ਕੇ ਏਕਾਂਤ ਵਾਸੀ ਹੋ ਜਾਣ ਕਰਕੇ ਜੋ ਲੋਕ ਪਿਛੇ ਰਹਿ ਗਏ ਉਨ੍ਹਾਂ ਦਾ ਹੋਰ ਗਿਰਾਉ ਹੋ ਗਿਆ ਤੇ ਗੁਲਾਮੀਆਂ ਤੱਕ ਨੌਬਤਾਂ ਪੁੱਜ

ਗਈਆਂ। ਸ੍ਰੀ ਗੁਰੂ ਨਾਨਕ ਦੇਵ ਜੀ ਜਦੋਂ ਜਗਤ ਵਿਚ ਆਏ ਤਾਂ ਉਨ੍ਹਾਂ ਨੇ ਇਉਂ ਜਗਤ ਨੂੰ ਦੁਖੀ ਡਿੱਠਾ –

ਬਾਬਾ ਦੇਖੈ ਧਿਆਨੁ ਧਰਿ ਜਲਤੀ ਸਭ ਪ੍ਰਿਥਮੀ ਦਿਸਿ ਆਈ॥

ਇਹ ਤੱਕ ਕੇ ਪਹਿਲੀ ਵੱਡੀ ਗੱਲ ਜੋ ਗੁਰੂ ਬਾਬੇ ਨੇ ਕੀਤੀ, ਇਹ ਸੀ ਕਿ ਜਗਤ ਵਿਚ ਇਨਸਾਨ ਸ਼ਖਸੀ ਉਨਤੀ ਕਰਨ ਦੇ ਨਾਲ ਨਾਲ ਭਾਈਚਾਰੇ ਵਿਚ ਵੱਸ ਕੇ ਭਾਈਚਾਰੇ ਨੂੰ ਆਪਣੀ ਨੇਕੀ ਦਾ ਖਮੀਰ ਲਾ ਕੇ ਸਭ ਨੂੰ ਉਚਾ ਕਰੇ, ਇਸ ਦੀ ਲੋੜ ਤੇ ਜਾਚ ਦੱਸੀ। ਜੋ ਪੁਰਖ ਉਨਤ ਹੁੰਦਾ ਜਾਏ, ਉਹ ਮਲਾਈ ਵਾਂਗੂੰ ਦੁੱਧ ਵਿਚੋਂ ਤਿਰ ਤਿਰ ਕੇ ਅਲੱਗ ਹੋ ਹੋ ਤਰ ਤਰ ਕੇ ਵੱਖਰਾ ਨਾਲ ਹੁੰਦਾ ਜਾਵੇ, ਸਗੋਂ ਹਰੇਕ ਉਨਤ ਹੋਇਆ ਇਨਸਾਨ ਭਾਈਚਾਰੇ ਦੇ ਵਿਚ ਰਹੇ ਤਾਂ ਜੋ ਸਨੇ ਸਨੇ ਉਨੱਤ ਹੋਇਆਂ ਦੇ ਸੰਗ ਨਾਲ ਸਾਰਾ ਸਾਥ, ਸਾਰਾ ਸੰਗ ਉਚਾ ਹੋ ਜਾਵੇ। ਉਨੱਤ ਹੋਣ ਦਾ ਮਾਰਗ ਇਹ ਦੱਸਿਆ ਕਿ ਚਿੰਤਾ, ਫਿਕਰ, ਸੋਚ ਦਿਨ ਰਾਤ ਫੁਰਨਿਆਂ ਦੇ ਰੋੜ੍ਹ ਵਿਚ ਰਹਿ ਕੇ ਜੋ ਆਪਾ ਮਦ ਹੀਨ-ਮੱਚਹੀਨ ਹੋ ਗਿਆ ਹੈ, ਇਸ ਵਿਚ ਜਾਨ ਵਾਪਸ ਆਵੇ – ਇਹ ਸੁਰਜੀਤ ਹੋਵੇ। ਸੋਚ ਤੋਂ ਆਦਮੀ ਵੀਚਾਰ ਦਾ ਕੰਮ ਲਵੇ ਤੇ ਆਪਣਾ ਜੀਵਨ ਸੁਕੀ ਬਤੀਤ ਕਰੇ, ਪਰ ਨਿਰੀ ਫਿਕਰਾਂ ਦੀ ਮਸ਼ੀਨ ਨਾ ਬਣ ਜਾਵੇ ਤੇ ਦੂਸਰਿਆਂ ਲਈ ਕਿਵੇਂ ਬੀ ਦੁਖਦਾਈ ਨਾ ਹੋਵੇ, ਸੁਖਦਾਈ ਹੋਵੇ। ਜਦ ਹਰੇਕ ਵਿਚ ਐਸ ਤਰ੍ਹਾਂ ਦਾ ਭਾਵ ਆ ਜਾਵੇ ਤਾਂ ਸਾਰਾ ਭਾਈਚਾਰਾ ਸੁਧਰ ਗਿਆ, ਸਾਰਾ ਸੁਖੀ ਹੋ ਗਿਆ ਨਹੀਂ ਤਾਂ ਜਿਤਨਾ ਭਾਈਚਾਰਾ ਇਸ ਭਾਵ ਵਾਲਾ ਹੋ ਗਿਆ ਉਤਨਾ ਦੁੱਖ ਘਟ ਗਿਆ। ਇਨਸਾਨ ਦੁੱਖੀ ਕਿਉਂ ਹੈ ਤੇ ਦੁਖ ਦਾਤਾ ਕਿਉਂ ਹੋ ਜਾਂਦਾ ਹੈ? ਇਸ ਨੂੰ ਆਪਣੇ ਪਾਲਣ ਪੋਖਣ ਤੇ ਰਖਿਆ ਤੋਂ ਵਧ ਕੇ ਹੋਰ ਹੋਰ ਲੈਣ ਦੀ ਖੁਦਗਰਜ਼ੀ ਐਸਾ ਬਣਾਉਂਦੀ ਹੈ। ਇਸ ਖੁਦਗਰਜ਼ੀ ਦਾ ਮੂਲ ਅੰਦਰ ਦੀ ਹਉਮੈ ਹੈ। ਹਉਮੈ ਇਨਸਾਨ ਦੀ ਸ਼ਖਸੀਅਤ ਲਈ ਜ਼ਰੂਰੀ ਚੀਜ਼ ਬੀ ਹੈ। ਇਹ ਹੋਵੇ ਤਾਂ ਹੀ ਆਦਮੀ ਜੀਉਂਦਾ ਰਹਿ ਸਕਦਾ ਹੈ। ਆਪਣੀ ਪਾਲਣਾ ਪੋਖਣਾ, ਰਾਖੀ, ਪਰਿਵਾਰ ਦੇਸ਼ ਦੀ ਸੇਵਾ ਇਸ ਬਿਨਾਂ ਨਹੀਂ ਹੋ ਸਕਦੀ। ਪਰ ਇਹੋ ਹੀ ਇਸਦੇ ਅਤੇ ਇਸਦੇ ਸਿਰਜਣਹਾਰ ਦੇ ਵਿਚਾਲੇ ਪਰਦਾ ਹੈ। ਇਸੇ ਨੂੰ ਜਦ ਇਨਸਾਨ ਬਾਹਰਲੀ ਵਰਤੋਂ ਵਿਚ ਲਿਆਉਂਦਾ ਹੈ ਤਾਂ ਇਹ ਸਨੈ ਪਾਲਣਾਂ ਤੋਂ ਅੱਗੇ ਲੰਘ ਕੇ ਸਵਾਰਥਪਰਤਾ ਯਾ ਖੁਦਗਰਜ਼ੀ ਦਾ ਰੂਪ ਧਾਰਦੀ ਹੈ ਤੇ ਜਿਉਂ ਜਿਉਂ ਇਸਦੇ ਮਗਰ ਲੱਗੋ ਇਹ ਵਧਦੀ ਹੈ ਤੇ ਬਹੁਤ ਵਧ ਕੇ ਇਹ ਦੂਸਰਿਆਂ ਨੂੰ ਦੁੱਖ ਦੇਣ ਵਾਲੀ ਦਾਤੀ ਬਣ ਜਾਂਦੀ ਹੈ, ਤਦ ਇਹੋ ਹਉਣੈ ਜੋ ਮੂਲ ਸੀ ਰੰਗ ਰੂਪ ਹੋ ਜਾਂਦੀ ਹੈ। ਇਸ ਕਰਕੇ ਇਸ ਤੋਂ ਛੁਟਕਾਰਾ ਪਾਉਣਾ ਜ਼ਰੂਰੀ ਹੈ ਪਰ ਇਸ ਤੋਂ ਮੂਲੋਂ ਛੁਟਕਾਰਾ ਪਾ ਸਕਣਾ ਹੋ ਨਹੀਂ ਸਕਦਾ, ਫੇਰ ਤਾਂ ਸਰੀਰ ਬੀ ਨਹੀਂ ਰਹਿ ਸਕਦਾ। ਇਸ ਕਰਕੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਫੁਰਮਾਇਆ – 'ਹਉਮੈ ਬੂਝੈ ਤਾ ਦਰੁ ਸੂਝੈ॥' ਸੋ ਪਹਿਲਾਂ ਇਸ ਦੀ ਅਸਾਂ ਸਮਝ ਪੈਦਾ ਕਰਨੀ ਹੈ। ਖਾਲਸਾ ਜੀ! ਜ਼ਰਾ ਧਿਆਨ ਦੇਣਾ! ਜਿਸ ਸ਼ੈ ਤੇ ਅਸੀਂ ਵਸੀਕਾਰ ਪਾਉਣਾ ਚਾਹੀਏ, ਉਸਦਾ ਪਹਿਲੰ ਗਿਆਨ ਹੋਣਾ ਚਾਹੀਏ। ਜੇ ਅਸਾਂ ਹਉਮੈ ਉਤੇ ਕਾਬੂ ਪਾਉਣਾ ਹੈ ਤਾਂ ਪਹਿਲੋਂ ਇਸਨੂੰ ਬੁੱਝਣਾ-ਸਮਝਣਾ-ਲੋੜੀਏ। ਇਸ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਫੁਰਮਾਇਆ – "ਨਾਨਕ ਹੁਕਮੈ ਜੇ ਬੂਝੈ ਤ ਹਉਮੈ ਕਹਾ ਨ ਕੋਇ॥" ਹਉਮੈ ਨੂੰ ਬੁੱਝਣ ਵਾਸਤੇ ਹੁਕਮ ਦਾ ਬੁੱਝਣਾ ਜ਼ਰੂਰੀ ਹੈ। ਹੁਕਮ ਬੁੱਝਣ ਲਈ ਸਤਿਗੁਰ ਨਾਨਕ ਦੇਵ ਜੀ ਨੇ ਫੁਰਮਾਇਆ – "ਤੇਰਾ ਹੁਕਮੁ ਭਲਾ ਤੁਧੁ ਭਾਵੈ॥ ਨਾਨਕ ਤਾਕਉ ਮਿਲੈ ਵਡਾਈ ਸਾਚੇ ਨਾਮਿ ਸਮਾਵੈ॥" ਜੋ ਸੱਚੇ ਨਾਮ ਵਿਚ ਸਮਾਉਂਦਾ ਹੈ, ਉਸਨੂੰ ਹੁਕਮ ਦੀ ਵਡਿਆਈ ਪ੍ਰਾਪਤ ਹੁੰਦੀ ਹੈ, ਉਸ ਹੁਕਮ ਦੀ ਜੋ ਤੈਨੂੰ-ਰੱਬ ਨੂੰ-ਭਾਉਂਦਾ ਹੈ। ਨਾਮ ਦੀ ਪ੍ਰਾਪਤੀ ਗੁਰੂ ਤੋਂ ਹੁੰਦੀ ਹੈ – 'ਹਰਿ ਕਾ ਨਾਮੁ ਨਿਧਾਨੁ ਹੈ ਪੂਰੈ ਗੁਰਿ ਦੀਆ॥ ਨਾਨਕ ਨਾਮੁ ਨ ਵੀਸਰੈ ਮਥਿ ਅੰਮ੍ਰਿਤੁ ਪੀਆ॥

ਪੁਨਾ – ਬਿਨੁ ਗੁਰ ਰਾਮ ਨਾਮੁ ਕਤ ਲਹੀਐ॥ ਤੇ ਨਾਮ ਦੀ ਮਹਿਮਾ ਗੁਰਬਾਣੀ ਦੱਸਦੀ ਹੈ। ਬਾਣੀ ਬਾਬਤ ਗੁਰ ਨਾਨਕ ਦੇਵ ਜੀ ਦਾ ਫੁਰਮਾਨ ਹੈ – ਬਾਣੀ ਬਿਰਲਉ ਬੀਚਾਰਸੀ ਜੇ ਕੋ ਗੁਰਮੁਖਿ ਹੋਇ॥ ਇਹ ਬਾਣੀ ਮਹਾਂਪੁਰਖ ਕੀ ਨਿਜ ਘਰਿ ਵਾਸਾ ਹੋਇ॥ ਸੋ ਗੁਰੂ ਕੀ ਬਾਣੀ ਹਉਮੈ ਦਾ ਦਾਰੂ ਹੋਈ ਤੇ ਇਸ ਵਿਚ ਸਤਜਾ ਹੋਈ ਕਿ ਇਹ ਨਿਜ ਘਰ ਵਿਚ ਵਾਸਾ ਦਿੰਦੀ ਹੈ, ਅਰਥਾਤ ਆਪਣੇ ਆਪੇ ਵਿਚ ਇਸਥਿਤ ਕਰ ਦਿੰਦੀ ਹੈ। ਬਾਣੀ ਤੋਂ ਇਹ ਲਾਭ ਉਠਾਣ ਦੇ ਕਈ ਤਰੀਕੇ ਹਨ – ਬਾਣੀ ਆਪ ਪੜ੍ਹਨੀ ਤੇ ਵੀਚਾਰਨੀ, ਬਾਣੀ ਸੁਣਨੀ ਤੇ ਵੀਚਾਰ ਪ੍ਰਾਪਤ ਕਰਨੀ ਬਾਣੀ ਦਾ ਕੀਰਤਨ ਕਰਨਾ ਤੇ ਬਾਣੀ ਦਾ ਕੀਰਤਨ ਸੁਣਨਾ। ਹੁਣ ਸਾਧਸੰਗਤ ਜੀ ਜ਼ਰਾ ਗਹੁ ਨਾਲ ਸੁਣਨਾ ਕਿ ਬਾਣੀ ਦਾ ਕੀਰਤਨ ਕੀਹ ਵਸਤੂ ਹੈ।

ਆਪ ਰਾਗ ਨੂੰ ਜਾਣਦੇ ਹੋ। ਜਿਸ ਨੂੰ ਸਿਆਣੇ ਸੰਗੀਤ ਵੀ ਆਖਦੇ ਹਨ। ਰਾਗ ਇਕ ਤਾਸੀਰ ਵਾਲੀ ਚੀਜ਼ ਹੈ, ਇਸਦਾ ਇਕ ਅਸਰ ਹੈ ਮਨ ਉਤੇ ਵਲਵਲੇ ਦਾ ਅਸਰ ਪਾਉਣਾ, ਇਸਦਾ ਦੂਜਾ ਅਸਰ ਹੈ ਮਨ ਨੂੰ ਜੋੜਨਾ। ਸੰਗੀਤ ਯਾ ਜਿਸਨੂੰ ਪੱਛਮੀ ਲੋਕ ਮਯੂਜ਼ਿਕ ਕਹਿੰਦੇ ਹਨ, ਮਨ ਤੇ ਹੀ ਅਸਰ ਨਹੀਂ ਰੱਖਦਾ, ਸਗੋਂ ਸਰੀਰ ਤੇ ਵੀ ਤਾਸੀਰ ਰਖਦਾ ਹੈ। ਇਨਸਾਨ ਦੇ ਸਰੀਰ ਦੇ ਪੱਠੇ ਯਾ ਸਨਾਯੂ ਸ਼ੋਣੀ ਉਤੇ ਠੰਢਕ ਸ਼ਾਂਤੀ ਤੇ ਸੁਖਦਾਈ ਅਸਰ

ਸੰਗੀਤ ਪਾਉਂਦਾ ਹੈ। ਪਰ ਸਾਡੇ ਦੇਸ਼ ਵਿਚ ਇਹ ਉਤਮ ਵਸਤੂ ਮਨ ਦੇ ਵਿਕਾਰ ਵਧਾਉਣ ਵਾਸਤੇ ਵਿਕਾਰੀ ਲੋਕਾਂ ਦੇ ਹੱਥ ਵਿਚ ਚਲੀ ਗਈ ਸੀ। ਸ੍ਰੀ ਗੁਰੂ ਜੀ ਨੇ ਇਸ ਸ਼ੈ ਨੂੰ ਮੋੜਾ ਦਿੱਤਾ ਤੇ ਗੁਰਬਾਣੀ ਦਾ ਵਾਹਨ ਬਣਾ ਕੇ ਸੁਖਦਾਈ ਦਾਰੂ ਬਣਾ ਲਿਆ –

ਰਾਗ ਰਤਨ ਪਰੀਆ ਪਰਵਾਰ॥
ਤਿਸੁ ਵਿਚਿ ਉਪਜੈ ਅੰਮ੍ਰਿਤੁ ਸਾਰ॥
ਨਾਨਕ ਕਰਤੇ ਕਾ ਇਹੁ ਧਨੁ ਮਾਲੁ॥
ਜੇ ਕੋ ਬੂਝੈ ਏਹੁ ਬੀਚਾਰੁ॥

ਸੋ ਗੁਰਬਾਣੀ ਦਾ ਰਾਗ ਵਿਚ ਗਾਯਨ ਗੁਰੂ ਘਰ ਵਿਚ ਕੀਰਤਨ ਅਖਵਾਇਆ ਅਰਥਾਤ ਗੁਰੂ ਜੀ ਨੇ ਬਾਣੀ ਤੇ ਰਾਗ ਨੂੰ ਇਕੱਠਿਆਂ ਕੀਤਾ ਅਤੇ ਗੁਰਬਾਣੀ ਦੇ ਕੀਰਤਨ ਨੂੰ ਸਭ ਤੋਂ ਉਚਾ ਦਰਜਾ ਦਿਤਾ।

ਬਾਣੀ ਤੇ ਰਾਗ, ਦੋਹਾਂ ਦਾ ਥਹੁ ਦੱਸ ਕੇ, ਦੁਹਾਂ ਦੇ ਮੇਲ ਤੋਂ ਬਣੇ ਕੀਰਤਨ ਦਾ ਸੰਖੇਪ ਸਰੂਪ ਸੁਣਾ ਕੇ ਮੈਂ ਹੁਣ ਆਪ ਸਾਹਿਬਾਂ ਦੀ ਤੀਸਰੀ ਗੱਲ ਸ੍ਰੀ ਗੁਰੂ ਜੀ ਦੇ ਮਾਰਗ ਦੀ ਦੱਸਦਾ ਹਾਂ। ਮੈਂ ਦੱਸ ਆਇਆ ਹਾਂ ਕਿ ਇਨਸਾਨ ਦਾ ਮਨ ਆਪੇ ਨੂੰ ਤੇ ਆਪੇ ਦੇ ਸੁਖ ਨੂੰ ਭੁੱਲ ਬੈਠਾ ਹੈ, ਉਹ ਹੁਣ ਫਿਕਰਾਂ ਦੇ ਘਰ ਵਿਚ ਵੱਸ ਕੇ ਨਿਤਾਣਪੁਣੇ ਵਿਚ ਤੇ ਦੁਖੀ ਰਹਿਣ ਤੇ ਦੁਖੀ ਕਰਨ ਵਿਚ ਪੈ ਗਿਆ ਹੈ। ਭੋਗਾਂ ਦੇ ਸਾਮਾਨ ਤਾਂ ਉਸ ਨੇ ਚੋਖੇ ਕਰ ਲਏ ਹਨ, ਪਰ ਇਨ੍ਹਾਂ ਨਾਲ ਇਸ ਦੀ ਖੁਦਗਰਜ਼ੀ ਵਧੀ ਹੈ ਤੇ ਸੁਖ ਨਹੀਂ ਵਧਿਆ, ਨਾ ਇਸਦਾ ਆਪਣਾ ਤੇ ਨਾ ਜਗਤ ਦਾ। ਅਰਥਾਤ ਭੋਗ ਰੂਪ ਸੁਖ ਦੇ ਸਾਮਾਨ ਯਾ ਭੋਗਾਂ ਦੇ ਰਸਾਂ ਦੇ ਸਮਾਨ ਵਧੇ ਹਨ, ਪਰ ਸੁਖ, ਸਾਂਤੀ, ਤਸੱਲੀ ਨਹੀਂ ਵਧੀ। ਸਗੋਂ ਵੈਰ ਵਿਰੋਧ ਬਹੁਤ ਵਧੇ ਹਨ। ਮੈਂ ਦੱਸਿਆ ਸੀ ਕਿ ਜੋਗ ਤੇ ਕਰਮ ਆਦਿ ਤਰੀਕੇ ਕਿਸੇ ਹੋਰ ਪਾਸੇ ਵਲ ਪੈ ਗਏ ਸਨ। ਸੋ ਗੁਰੂ ਜੀ – ਗੁਰੂ ਨਾਨਕ ਦੇਵ ਜੀ ਨੇ ਇਹ ਇਕ ਸੌਖਾ ਰਾਹ ਆਪੇ ਦੇ ਆਪੇ ਵਿਚ ਆਉਣ ਦਾ ਖੋਹਲਿਆ। ਇਹ ਸੀ ਵਿਸਮਾਦ। ਆਪਣੇ ਇਸ ਮਾਰਗ ਨੂੰ ਆਪ ਨੇ ਸਿਫਤਿ ਸਾਲਾਹ ਕਰਕੇ ਦੱਸਿਆ ਤੇ ਫੁਰਮਾਇਆ – ਜਿਸਨੋ ਬਖਸੇ ਸਿਫਤਿ ਸਾਲਾਹ॥ ਨਾਨਕ ਪਾਤਿਸਾਹੀ ਪਾਤਿਸਾਹੁ॥' ਫੇਰ ਆਪ ਨੇ ਫੁਰਮਾਇਆ – 'ਸਿਫਤਿ ਸਲਾਹੁਣ ਸਹਜ ਅਨੰਦ। ਅਰਥਾਤ ਸਿਫਿਤ ਤੇ ਸਲਾਹੁਤ ਕਰਨ ਨਾਲ ਆਪਣੇ ਆਪ ਦਾ ਸੁਭਾਵਕ ਆਨੰਦ ਪ੍ਰਾਪਤ ਹੁੰਦਾ ਹੈ ਜੋ ਆਤਮਾ ਦਾ ਆਪਣਾ ਰਸ ਹੈ। ਆਤਮਾ ਹੈ ਸੁੰਦਰਤ, ਪਰਮਾਤਮਾ ਹੈ ਸੁੰਦਰਤਾ। ਇਕ ਹੈ ਹੀਰਾ ਕਣੀ ਦੂਜਾ ਹੈ ਹੀਰਾ। ਦੁਹਾਂ ਦੀ ਬੋਲੀ ਹੈ ਸੁੰਦਰਤਾ, ਬੋਲੀ ਵਾਲੀ ਸੁੰਦਰਤਾ, ਬੋਲੀ ਵਾਲੀ ਸੁੰਦਰਤਾ ਹੈ ਸਿਫਤ ਸਲਾਹ, ਸਿਫਤ ਸਲਾਹ ਹੈ ਪ੍ਰੇਮ, ਪ੍ਰੇਮ ਹੈ ਆਨੰਦ। ਸੋ ਮੋਟੀ ਤਰ੍ਹਾਂ ਸਮਝੋ ਕਿ ਪਹਿਲੋਂ ਪਰਮ ਸੁੰਦਰ ਵਾਹਿਗੁਰੂ ਦੀ ਸਿਫਤ ਸਲਾਹ ਕਰਨ ਨਾਲ ਮਨ ਦੀਆਂ ਖਿੰਡਾਉ ਤੇ ਮੰਦ ਵਾਸ਼ਨਾ ਦੀਆਂ ਸਾਰੀਆਂ ਮੈਲਾਂ ਦੂਰ ਹੁੰਦੀਆਂ ਹਨ ਤੇ ਆਪਾ ਚਮਕ ਉਠਦਾ ਹੈ। ਸੋ ਸਿਫਤ ਸਲਾਹ ਨਾਲ ਸਾਨੂੰ ਦੋ ਗੱਲਾਂ ਲੱਭੀਆਂ, ਮਨ ਦੀ ਮੈਲ ਲਹਿਣੀ ਨਿਜ ਸੁੰਦਰਤਾ ਦਾ ਚਮਕ ਪੈਣਾ ਤੇ ਨਿਜ ਦੇ ਸਹਜ ਸੁਖ ਦੀ ਪ੍ਰਾਪਤੀ, ਫੇਰ ਇਸ ਤੋਂ ਅੱਗੇ ਵਾਹਿਗੁਰੂ ਜੀ ਨਾਲ ਨੇਹੁ ਲੱਗਣਾ ਵੀ ਸਿਫਤ ਸਲਾਹ ਨਾਲ ਹੀ ਆਪ ਨੇ ਦੱਸਿਆ – ਸਿਫਤੀ ਗੰਢੁ ਪਵੈ ਦਰਬਾਰਿ। ਜਦੋਂ ਆਪ ਨੇ ਭਰਥਰੀ ਨੂੰ, ਜੋ ਵੱਡਾ ਜੋਗੀ ਸੀ, ਉਪਦੇਸ਼ ਦਿਤਾ ਤਾਂ ਮੂਲ ਗੱਲ ਇਹ ਸਮਝਾਈ – 'ਸਿਫਤੀ ਰਤਾ ਸਦ ਬੈਰਾਗੀ ਜੂਐ ਜਨਮੁ ਨ ਹਾਰੈ।' ਇਸੇ ਵਾਸਤੇ ਸ੍ਰੀ ਗੁਰੂ ਜੀ ਨੇ ਜੀਵ ਨੂੰ 'ਜਾਪ ਤੇ ਸਿਮਰਨ' ਵੀ ਵਾਹਿਗੁਰੂ ਪਦ ਦਾ ਸਿਖਾਲਿਆ। ਵਾਹ ਨਾਮ ਅਚਰਜ ਦਾ ਹੈ, ਸੁੰਦਰਤਾ ਨੂੰ ਵੇਖ ਕੇ ਅਚਰਜ ਹੋ ਮੂੰਹੋਂ ਵਾਹ ਨਿਕਲਦੀ ਹੈ। ਕਿਸੇ ਦੇ ਗੁਣ ਵੇਖ ਕੇ ਸਲਾਹੁਤ ਵੇਲੇ ਵਾਹ ਵਾਹ ਆਖੀਦੀ ਹੈ, ਇਸੇ ਤਰ੍ਹਾਂ ਵੀਚਾਰ ਲਓ, ਸਾਧਸੰਗਤ ਜੀ! ਵਾਹ ਵਾਹ ਕਹਿੰਦਿਆਂ ਮਨ ਸਿਫਤ ਸਲਾਹ ਵਿਚ ਚਲਾ ਜਾਂਦਾ ਹੈ, ਸਿਫਤ ਸਲਾਹ ਵਿਸਮਾਦ ਵਿਚ ਲੈ ਜਾਂਦੀ ਹੈ, ਵਿਸਮਾਦ ਆਪੇ ਦਾ ਰਸ ਖੋਹਲ ਦਿੰਦਾ ਹੈ। ਸੋ ਇਸ ਤਰੀਕੇ ਹੋ ਰਹੇ ਨਾਲ ਗੁਰੂ ਨੇ ਸੁਮਤਿ ਦਿਤੀ ਕਿ ਹੇ ਫਿਕਰਾਂ, ਸੋਚਾਂ ਤੇ ਜਤਨਾਂ ਵਿਚ ਰਹਿ ਰਹਿ ਕੇ ਨਿਤਾਣੇ ਬੰਦੇ! ਤੂੰ ਕਿਸੇ ਵੇਲੇ ਆਪੇ ਵਿਚ ਵੀ ਆਇਆ ਕਰੇ, ਮਨ ਰੇ ਥਿਰੁ ਰਹੁ ਮਤੁ ਕਤ ਜਾਹੀ ਜੀਉ॥ ਤੇ ਸਾਰੇ ਸੁਖਾਂ ਤੇ ਰਸਾਂ ਦੇ ਮੂਲ ਸੁਖ – ਆਪੇ ਦੇ ਸੁਖ – ਵਿਚ ਵੀ ਸੁਖ ਪ੍ਰਤੀਤ ਕਰਨ ਦੀ ਜਾਚ ਸਿੱਖ – ਪੀਵਹੁ ਅਪਿਉ ਪਰਮ ਸੁਖੁ ਪਾਈਐ ਨਿਜ ਘਰਿ ਵਾਸਾ ਹੋਈ ਜੀਉ।

ਇਹ ਮੈਂ ਦੱਸ ਆਇਆ ਹਾਂ ਕਿ ਰਾਗ ਨਾਲ ਮਨ ਪੰਘਰਦਾ ਹੈ, ਦ੍ਰਵਦਾ ਹੈ ਅਤੇ ਜੁੜਦਾ ਹੈ। ਸੋ ਸਿਫਤ ਸਲਾਹ ਜਦ ਰਾਗ ਵਿਚ ਕੀਤੀ ਜਾਂਦੀ ਹੈ ਤਾਂ ਬਹੁਤ ਛੇਤੀ ਅਸਰ ਕਰ ਦਿੰਦੀ ਹੈ। ਮਨ ਛੇਤੀ ਇਕਾਗਰ ਹੁੰਦਾ ਹੈ। ਜੋਗੀ ਹਠ ਤਪ ਤੇ ਤਿਆਗ ਕਰ ਕਰਕੇ ਘਾਲਾਂ ਦੇ ਬਾਅਦ ਮਨ ਨੂੰ ਜੋ ਖ਼ਿਪਤ ਹੋ ਰਿਹਾ ਹੈ, ਇਕੱਠਾ ਕਰਦਾ ਵਿਖਜਪਤ (ਖਿੰਡਾਉ) ਤੋਂ ਲੰਘਦਾ ਇਕਾਗਰ ਹੁੰਦਾ ਹੈ। ਸਿਫਤ ਸਲਾਹ ਵਾਲਾ ਕੀਰਤਨ ਦੇ ਪ੍ਰਭਾਵ ਨਾਲ ਬਿਨਾਂ ਹਠ ਤਪ ਦੇ ਕਸ਼ਟ ਝੱਲੇ ਦੇ ਵਿਸਮਾਦ ਹੋ ਏਕਾਗਰ ਹੁੰਦਾ ਹੈ। ਇਕਾਗਰ ਹੋ ਕੇ ਆਪੇ ਦਾ ਰਸ ਖੁਲ੍ਹਦਾ ਹੈ। ਇਕਾਗਰ ਹੋ ਕੇ ਪਤਾ ਲਗਦਾ ਹੈ ਕਿ ਸਾਡਾ ਮਨ ਫਿਕਰਾਂ ਨੇ ਕੋਝਾ–ਨਿਤਾਣਾ ਤੇ ਖੁਦਗਰਜ਼ ਤੇ ਹੀਣਾ ਕਰ ਛੱਡਿਆ ਹੈ, ਜੋ ਕਦੇ ਹੰਕਾਰ ਵਿਚ ਆ ਕੇ ਲੋਕਾਂ ਨੂੰ ਦੁਖ ਦਿੰਦਾ ਹੈ ਕਦੇ ਨਿਰਾਸਾ ਵਿਚ ਜਾ ਕੇ ਆਪੇ ਨੂੰ ਖਾਂਦਾ ਹੈ। ਜੇ ਡਰ ਦਿੰਦਾ

ਹੈ ਤਾਂ ਦੁੱਖ ਫੈਲਾਉਂਦਾ ਹੈ ਜਗਤ ਵਿਚ, ਜੇ ਡਰ ਖਾਂਦਾ ਹੈ ਤਾਂ ਦੁਖੀ ਹੁੰਦਾ ਹੈ ਆਪ। ਪਰ ਜਦੋਂ ਇਹ ਮਨ ਜੁੜਦਾ ਹੈ ਤੇ ਸਿਫਤ ਸਲਾਹ ਨਾਲ ਜੁੜਦਾ ਹੈ ਤਾਂ ਆਪੇ ਦੇ ਰਸ ਵਿਚ ਆਉਂਦਾ ਹੈ। ਆਪੇ ਦੇ ਰਸ ਵਿਚ ਆ ਕੇ ਸੁਖੀ ਹੁੰਦਾ ਹੈ, ਸ੍ਰੀ ਗੁਰੂ ਜੀ ਦਾ ਫੁਰਮਾਨ ਹੈ – ਗੁਣ ਗਾਇ ਰਾਮ ਰਸਾਇ ਰਸੀਅਹਿ॥ ਅਰਥਾਤ ਰੱਬ ਜੀ ਦੀ ਸਿਫਤ ਸਲਾਹ ਕਰਨ ਨਾਲ ਰਸ ਵਿਚ ਆ ਕੇ ਰਸ ਰੂਪ ਹੋ ਜਾਈਦਾ ਹੈ। ਪੁਰਨਾ, ਏ ਮਨ ਮੇਰਿਆ ਗੁਣ ਗਾਵਹਿ ਸਹਜਿ ਸਮਾਵਹੀ ਰਾਮ॥ ਅਰਥਾਤ ਸਿਫਤ ਸਲਾਹ ਨਾਲ ਮਨ ਆਪਣੇ ਸੁਭਾਵਿਕ ਸੁਖ ਵਿਚ ਆਉਂਦਾ ਹੈ। ਇਉਂ ਮਨ ਆਪੇ ਵਿਚ ਸੁਖੀ ਹੋ ਕੇ ਦੂਸਰੇ ਤੋਂ ਸੁਖ ਲੈਣ ਦੀ, ਅਰਥਾਤ ਬਾਹਰੋਂ ਸੁਖੀ ਹੋਣ ਦੀ ਇੱਛਾ ਨੂੰ ਵਾਧੂ ਸਮਝਦਾ ਹੈ। 'ਜੁੜਿਆ ਮਨ' ਪ੍ਰਤੀਤ ਕਰਦਾ ਹੈ ਕਿ ਸੁਖ ਤਾਂ ਆਪੇ ਵਿਚ ਹੈ, ਬਾਹਰੋਂ ਤਾਂ ਸੁਖ ਕੋਈ ਨਹੀਂ ਆਉਂਦਾ ਜੋ ਮੈਨੂੰ ਆ ਕੇ ਇਸ ਸੁਖ ਤੋਂ ਵਧੀਕ ਸੁਖੀ ਕਰ ਦੇਵੇ, ਇਉਂ ਅੰਦਰੋਂ ਸੁਖੀ ਹੋ ਕੇ ਬਾਹਰਲੀ ਵਰਤੋਂ ਵਿਚ ਖੁਦਗਰਜ਼ੀ ਦਾ ਮਨਤੱਵ ਸੁਤੇ ਘਟਦਾ ਜਾਂਦਾ ਹੈ। ਫੇਰ ਇਹ ਜਗਤ ਨੂੰ ਦੁਖ ਨਹੀਂ ਦਿੰਦਾ, ਇਉਂ ਮਨ ਵਿਚ ਮਨ ਦੇ ਟਿਕ ਕੇ ਆਪਣਾ ਸਹਜ ਅਨੰਦ ਕਹੋ ਜਾਂ ਆਪਣੇ ਜੀਵਨ ਰਸ ਤੋਂ ਰਸ ਪਾ ਲੈਣਾ ਕਹੋ, ਕੀਰਤਨ ਨਾਲ ਪ੍ਰਾਪਤ ਹੁੰਦਾ ਹੈ। ਸੋ ਭਾਈ ਸੱਜਣੋ! ਕੀਰਤਨ ਕਰਨਾ ਆਪਣੇ ਸੁਖ ਵਾਸਤੇ ਹੈ ਤੇ ਜਗਤ ਲਈ ਸੁਖ ਦਾਤਾ ਬਣਨ ਵਾਸਤੇ ਹੈ। ਕਰਤਾ ਪੁਰਖ ਨੂੰ, ਉਸ ਸੰਪੂਰਨ ਰੂਪ ਵਿਚ ਸੰਪੂਰਨ ਪਰਮਾਤਮ ਦੇਵ ਨੂੰ ਆਪਣੀ ਕੁਸ਼ਾਮਤ ਦੀ ਲੋੜ ਨਹੀਂ, ਉਹ ਜੋ ਜਗਤ ਰਚਣ ਤੋਂ ਬਿਨਾਂ ਆਨੰਦ ਸਰੂਪ ਹੈ, ਜਗਤ ਰਚ ਕੇ ਬੀ ਆਨੰਦ ਸਰੂਪ ਹੈ, ਉਸ ਨੂੰ ਕਿਸੇ ਸ਼ੈ ਦੀ ਲੋੜ ਨਹੀਂ, ਕਿਸੇ ਸ਼ੈ ਦੀ ਮੁਥਾਜੀ ਨਹੀਂ। ਅਸੀਂ ਉਸ ਸੰਪੂਰਨ ਨੂੰ ਮਿਲ ਕੇ ਤ੍ਰਿਪਤ ਤੇ ਸੁਖੀ ਹੁੰਦੇ ਹਾਂ –

ਤੁਮ ਪੂਰਨ ਪੂਰਿ ਰਹੇ ਸੰਪੂਰਨ ਹਮ ਭੀ ਸੰਗਿ ਅਘਾਏ॥

ਹੁਣ ਇਕ ਹੋਰ ਪਹਿਲੂ ਵੀਚਾਰ ਵਿਚ ਲੈ ਆਓ। ਜਦ ਅਸੀਂ ਮਨ ਜੋੜ ਕੇ ਸ਼ਰਧਾ ਨਾਲ, ਪਿਆਰ ਨਾਲ ਕੀਰਤਨ ਕਰਦੇ ਹਾਂ ਤਾਂ ਬਾਣੀ ਵਿਚ ਕੀਹ ਕੁਛ ਆਖਦੇ ਹਾਂ? ਇਕ ਤਾਂ ਹੁੰਦੀ ਹੈ ਆਪਣੇ ਅਵਗੁਣਾਂ ਦੀ ਮੰਨ ਤੇ ਮਾਫੀ ਦੀ ਚਾਹ, ਇਕ ਹੁੰਦੀ ਹੈ ਸ਼ੁਭ ਕਰਮਾਂ ਦੀ ਪ੍ਰਾਪਤੀ ਦੀ ਅਰਦਾਸ, ਇਕ ਹੁੰਦੀ ਹੈ ਮਨ ਨੂੰ ਉਚੇ ਭਾਵਾਂ ਤੇ ਖਿਆਲਾਂ ਦੀ ਯਾਦ ਤੇ ਪ੍ਰੇਰਨਾ, ਇਕ ਹੁੰਦੀ ਹੈ ਵਾਹਿਗੁਰੂ ਜੀ ਦੀ ਸੇਵਾ ਵਿਚ ਉਨ੍ਹਾਂ ਦੀ ਪ੍ਰਾਪਤੀ ਲਈ ਬੇਨਤੀ, ਇਕ ਹੁੰਦਾ ਹੈ ਵਾਹਿਗੁਰੂ ਜੀ ਦਾ ਗੁਣ ਗਾਇਨ, ਉਨ੍ਹਾਂ ਦਾ ਯਸ਼ ਕੀਰਤਨ, ਸਿਫਤਾਂ ਦਾ ਉਚਾਰ। ਇਹ ਸਭ ਕੁਛ ਸਾਨੂੰ ਮਨ ਕਰਕੇ ਵਾਹਿਗੁਰੂ ਦੀ ਹਜ਼ੂਰੀ ਵਿਚ ਲੈ ਜਾਂਦਾ ਹੈ। ਆਪਾ ਜੋ ਜੁੜਿਆ ਸੀ, ਉਹ ਹਜ਼ੂਰੀ ਵਿਚ ਜਾ ਕੇ ਹਜ਼ੂਰੀ ਵਾਲੇ ਦੇ ਅਸਰ ਨਾਲ ਕ੍ਰਿਤਾਰਥ ਹੁੰਦਾ ਹੈ। ਉਸ ਦੇ ਗੁਣਾਂ ਦਾ ਪ੍ਰਤੀਬਿੰਬ ਲੈਂਦਾ ਹੈ – ਉਸਦੇ ਗੁਣਾਂ ਨੂੰ ਲੈਂਦਾ ਹੈ। ਉਸਦੇ ਗੁਣਾਂ ਤੋਂ ਉਸ ਵਿਚ, ਜੋ ਗੁਣਾਂ ਦਾ ਗੁਣੀ ਹੈ, ਸਮਾਉਂਦਾ ਹੈ, ਤੀਸਰੀ ਪਾਤਸ਼ਾਹੀ ਦਾ ਫੁਰਮਾਣ ਹੈ –

ਸਦਾ ਅਨੰਦਿ ਰਹਹਿ ਦਿਨੁ ਰਾਤੀ ਗੁਣ ਕਹਿ ਗੁਣੀ ਸਮਾਵਣਿਆ॥

ਸੋ ਸਿਫਤ ਸਲਾਹ ਨਾਲ, ਜੋ ਕੀਰਤਨ ਦੁਆਰਾ ਹੁੰਦੀ ਹੈ, ਤ੍ਰੈ ਫਲ ਲਗਦੇ ਹਨ। 1. ਸਰੀਰ ਸੁਖੀ ਹੋ ਕੇ ਮਨ ਜੁੜਦਾ ਹੈ। 2. ਜੁੜਿਆ ਮਨ 'ਆਪਣੇ ਆਪੇ ਦੇ' ਆਪਣੇ ਜੀਵਨ ਦੇ ਆਪਣੇ ਆਪੇ ਦੇ ਰਸ ਨੂੰ ਮਾਣਦਾ ਹੈ ਤੇ ਨਾਲ ਹੀ ਸਿਫਤ ਸਲਾਹ ਦੇ ਭਾਵ ਨਾਲ ਤੇ ਰਾਗ ਦੀ ਤਾਸੀਰ ਨਾਲ ਜੁੜਨ ਕਰਕੇ ਕੋਈ ਹਠ ਤਪ ਵਰਗੀ ਖੇਚਲ ਬੀ ਨਹੀਂ ਪੈਂਦੀ। ਸਿਫਤ ਸਲਾਹ ਜਾਂ ਕੀਰਤਨ ਨਾਲ ਜੁੜ ਕੇ ਆਪੇ ਦਾ ਸਹਜ ਸੁਖ ਆਪਣੇ ਆਪ ਨੂੰ ਆਪੇ ਪ੍ਰਗਟ ਕਰਦਾ ਹੈ। 3. ਇਸ ਤੋਂ ਅੱਗੇ ਇਸ ਆਪੇ ਨੂੰ ਉਸ ਪਰਮਾਤਮ ਦੇਵ ਦੀ ਹਜ਼ੂਰੀ ਮਿਲਦੀ ਹੈ, ਜਿਸਦਾ ਕਿ ਕੀਰਤਨ ਕਰਦੇ ਸਾਂ, ਇਉਂ ਹੁੰਦੇ ਹੁੰਦੇ ਉਨ੍ਹਾਂ ਦੇ ਸਰੂਪ ਵਿਚ ਸਮਾਈ ਪ੍ਰਾਪਤ ਹੁੰਦੀ ਹੈ। ਸੋ ਐਸੇ ਲਾਭਵੰਦ ਰਸ ਰੰਗ ਨੂੰ ਆਪ ਹੀ ਸਾਧਸੰਗ ਜੀ! ਵੀਚਾਰ ਕਰੋ ਕਿ ਧਾਰਨ ਕਰਨਾ ਚਾਹੀਏ ਕਿ ਨਾਂ? ਸੋਚ ਲਓ ਕਿ ਇਤਨਾ ਭਾਰੀ ਸੁਕ ਦਾ ਸਾਮਾਨ ਇਸ ਵਿਚ ਗੁਰੂ ਬਾਬੇ ਨੇ ਰੱਖਿਆ ਹੈ।

ਇਹ ਕਹਿ ਕੇ ਸੰਤ ਬੜੀ ਮਧੁਰ ਧੁਨੀ ਵਿਚ ਗਾਂਵੇ –

ਸਾਲਾਹੀ ਸਾਲਾਹਣਾ ਪਿਆਰੇ ਦੂਜਾ ਅਵਰੁ ਨ ਕੋਇ॥
ਮੇਰੇ ਪ੍ਰਭ ਸਾਲਾਹਨਿ ਸੇ ਭਲੇ ਪਿਆਰੇ ਸਬਦਿ ਰਤੇ ਰੰਗੁ ਹੋਇ॥
ਤਿਸ ਕੀ ਸੰਗਤਿ ਜੇ ਮਿਲੈ ਪਿਆਰੇ ਰਸੁ ਲੈ ਤਤੁ ਵਿਲੋਇ॥

ਇਸ ਵੇਲੇ ਸੰਗਤ ਵਿਚੋਂ ਇਕ ਗੱਭਰੂ ਕਾਕਾ ਉਠ ਬੈਠਾ ਤੇ ਹੱਥ ਜੋੜ ਕੇ ਕਹਿਣ ਲੱਗਾ – ਇਹ ਗੱਲ ਵਾਜਬ ਨਹੀਂ ਕਿ ਮੈਂ ਐਸ ਵੇਲੇ ਕੁਛ ਪੁੱਛਾਂ, ਪਰ ਆਪ ਦੇ ਕਥਨ ਦਾ ਬੜਾ ਸੁਆਦ ਆਇਆ ਹੈ ਤੇ ਸਾਨੂੰ ਬੜੀ ਸੁਮਤਿ ਮਿਲੀ ਹੈ। ਇਸ ਕਰਕੇ ਇਕ ਪੁੱਛ ਅਦਬ ਨਾਲ ਸੰਸੇ ਨਵਿਰਤੀ ਲਈ ਪੁੱਛਣੀ ਹੈ। ਅਸੀਂ ਬਾਲਪਣੇ ਤੋਂ ਪੱਛਮੀ ਵਿਦਿਆ ਦੇ ਵੱਸ ਵਿਚ ਪਾ ਦਿੱਤੇ ਜਾਂਦੇ ਹਾਂ, ਆਪਣੀ ਵਿਦਿਆ, ਆਪਣੇ ਆਦਰਸ਼, ਸਾਨੂੰ ਪਤਾ ਨਹੀਂ ਹੁੰਦੇ, ਇਥੋਂ ਤਾਂਈ ਕਿ ਸਾਡੀ ਸੋਚ ਤੇ ਵੀਚਾਰ ਦਾ ਤਰੀਕਾ ਬੀ ਵਿਦੇਸ਼ੀ ਹੋ ਜਾਂਦਾ ਹੈ। ਅੱਜ ਪਹਿਲਾ ਮੌਕਾ ਹੈ ਕਿ ਮੈਨੂੰ ਐਸੇ ਸੋਹਣੇ ਤਰੀਕੇ ਤੇ ਕੀਰਤਨ ਦਾ ਆਦਰਸ਼ ਸੁਣਨ ਦਾ ਮੌਕਿਆ ਮਿਲਿਆ ਹੈ। ਆਪ ਨੇ ਫੁਰਮਾਇਆ ਹੈ ਕਿ ਗੁਰੂ ਘਰ ਵਿਚ ਸਿਫਤ ਸਲਾਹ ਦਾ ਤਰੀਕਾ ਵਿਸਮਾਦ ਵਿਚ ਲੈ ਜਾਂਦਾ ਹੈ। ਪੱਛਮੀ ਬੋਲੀ ਵਿਚ ਵਿਸਮਾਦ ਦੇ ਲਗਭੱਗ

ਦੀ ਯਾ ਕੁਛ ਨੀਵੀਂ ਸ਼ੈ ਨੂੰ ਅਸਥੈਟਿਕਸ ਆਖਦੇ ਹਨ, ਪਰ ਆਪ ਦੇ ਵਿਸਮਾਦ ਦਾ ਮਨੋਰਥ ਉਸ ਤੋਂ ਉਚੇਰਾ ਸਹੀ ਹੁੰਦਾ ਹੈ। ਆਪ ਦਾ ਕੇਵਲ ਇਤਨਾ ਭਾਵ ਨਹੀਂ ਕਿ ਸਦਾ ਜਤਨਾਂ ਜੋਧਨਾਂ ਤੇ ਫਿਕਰਾਂ ਵਿਚ ਰਹਿਣ ਵਾਲਾ ਇਨਸਾਨ ਕਿਸੇ ਵੇਲੇ ਨਿਰਾ ਕੋਈ ਵਿਸਮਾਦੀ ਝੂਟਾ ਲੈ ਕੇ ਹੀ ਬੱਸ ਹੋ ਜਾਵੇ, ਸਗੋਂ ਕੀਰਤਨ ਨਾਲ ਵਿਸਮਾਦੀ ਰੰਗ ਲੈਂਦਾ ਟਿਕ ਜਾਵੇ ਤੇ ਟਿਕੇ ਹੋਏ ਨੂੰ ਆਰਾਮ ਮਿਲੇ ਤੇ ਆਪੇ ਆਪਣੇ ਜੀਵਨ ਮਾਤ੍ਰ ਦਾ ਯਾ ਜਿਵੇਂ ਆਪ ਨੇ ਫੁਰਮਾਇਆ ਹੈ ਆਪਣੀ 'ਆਤਮ ਸਰੂਪਤਾ' ਦੀ ਸੁੰਦਰਤਾ ਤੇ ਉਸਦਾ ਕੋਈ ਰਸ ਆਨੰਦ ਪ੍ਰਤੀਤ ਦੇ ਆਵੇ, ਇਸ ਨਾਲ ਸਾਰੇ ਸੁਖ, ਜੋ ਅਸੀਂ ਲੋੜਦੇ ਹਾਂ, ਉਨ੍ਹਾਂ ਦੇ ਮੂਲ ਸੁਖ ਦਾ ਪਤਾ ਲੱਗ ਜਾਵੇ ਤਾਂ ਮਨ ਇਕ ਤ੍ਰਿਪਤੀ ਪਾਵੇ ਤੇ ਫੇਰ ਬਾਹਰ ਜਗਤ ਵਿਚ ਉਹ ਆਪਣੀ ਲੋੜ ਤੋਂ ਵਧੀਕ ਦੁਖਦਾਈ ਕੋਸ਼ਿਸ਼ ਵਿਚ ਨਾ ਪਵੇ - ਦੂਸਰਿਆਂ ਨੂੰ ਹਾਨੀ ਦੇਣ ਵਾਲੀ ਖੁਦਗਰਜ਼ੀ ਦਾ ਵਰਤਾਉ ਨਾ ਕਰੇ। ਸੋ ਕੀਰਤਨ 'ਨਿਜ ਸੁਖ' ਤੇ 'ਜਗਤ ਸੁਖ' ਦਾ ਇਕ ਸੁਹਜ ਤੇ ਸੁਆਦ ਵਾਲਾ ਤਰੀਕਾ ਹੈ। ਆਪ ਦੀ ਰਮਜ਼ ਮੈਂ ਖੂਬ ਸਮਝੀ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਸੁਲਹ, ਸ਼ਾਂਤੀ, ਪਿਆਰ ਦੇ ਉਪਦੇਸ਼ ਨਾਲ ਮਨੁੱਖ ਦੇ ਢੱਠੇ ਮਨ ਨੂੰ ਵਿਸਮਾਦ ਨਾਲ ਉਚਾ ਬੀ ਕੀਰਤਾ ਹੈ ਤੇ ਉਸਦਾ ਤਰੀਕਾ ਸਿਫਤ ਸਲਾਹ ਰੱਖਿਆ ਹੈ ਤੇ ਸਿਫਤ ਸਲਾਹ ਨੂੰ ਸੰਗੀਤ ਵਿਚ ਪਾ ਕੇ ਮਨ ਲਈ ਪੂਰਨ ਲਾਭ ਰਸਮਯਤਾ ਦਾ ਲਿਆ ਹੈ। ਆਪ ਨੇ ਫੁਰਮਾਇਆ ਹੈ ਕਿ ਇਸ ਕੀਰਤਨ ਨਾਲ ਸਾਨੂੰ ਮਾਨਸਿਕ ਤੇ ਸਰੀਰਕ ਦੁਇ ਲਾਭ ਹੁੰਦੇ ਹਨ, ਇਹ ਵੀ ਠੀਕ ਹੈ, ਤਜਰਬਾ ਤੇ ਵਿਦਿਆ ਇਸਨੂੰ ਸਹੀ ਕਰਦੇ ਹਨ। ਮੈਂ ਡਾਕਦਾਰੀ ਵਿਦਿਆ ਪਾਈ ਹੈ, ਮੈਨੂੰ ਪਤਾ ਹੈ ਕਿ ਰਾਗ ਦਾ ਅਸਰ ਸਾਡੇ ਨਰਵਜ਼ ਉਤੇ ਸ਼ਾਤਿਮਯ ਹੁੰਦਾ ਹੈ। ਕਿਉਂ ਜੀ ਮੈਂ ਠੀਕ ਸਮਝਿਆ ਹੈ?

ਸੰਤ - ਹਾਂ ਭਾਈ ਠੀਕ।

ਫੇਰ ਉਹ ਪ੍ਰਸ਼ਨ ਕਰਤਾ ਬੋਲਿਆ - ਹੁਣ ਮੈਂ ਜੋ ਸੰਸੇ ਨਵਿਰਤੀ ਕਰਨੀ ਹੈ ਇਹ ਹੈ ਕਿ ਆਯਾ ਸਾਡੇ ਕੀਰਤਨ ਦਾ, ਸਿਫਤ ਸਲਾਹ ਕਰਨ ਦਾ ਯਾ ਜੈਸਾ ਆਪ ਜੀ ਨੇ ਫੁਰਮਾਇਆ ਹੈ ਗੁਣ ਗਾਯਨ ਕਰਨ ਦਾ ਕੋਈ ਅਸਰ 'ਪਰਮ ਪੁਰਖ' ਉਤੇ ਵੀ ਪੈਂਦਾ ਹੈ, ਜੇ ਪੈਂਦਾ ਹੈ ਤਾਂ ਉਹ ਖੁਸ਼ ਹੁੰਦਾ ਹੈ, ਜੇ ਹੁੰਦਾ ਹੈ ਤਾਂ ਕੋਈ ਲੋੜ ਉਸਨੂੰ ਵੀ ਹੈ?

ਸੰਤ - ਬਰਖੁਰਦਾਰ ਜੀਓ! ਚੰਗਾ ਹੁੰਦਾ ਆਪ ਰਾਤ ਮੇਰੇ ਏਕਾਂਤ ਵਿਚ ਪ੍ਰਸ਼ਨ ਕਰਤਾ ਜੀ ਦੇ ਨਾਲ ਆ ਜਾਂਦੇ, ਪ੍ਰਸਨੋਤਰ ਦਾ ਸਮਾਂ ਉਹ ਠੀਕ ਸੀ। ਮੈਂ ਆਪ ਦੀ ਪੁੱਛ ਉਤੇ ਉਦਾਸ ਨਹੀਂ, ਆਪ ਦੇ ਪ੍ਰਸ਼ਨ ਦਾ, ਜੋ ਸਾਂਈ ਨੇ ਕਰਵਾਯਾ ਹੈ, ਉਤਰ ਦਿਆਂਗਾ, ਪਰ ਹੋ ਸਕਦਾ ਹੈ ਕਿ ਸ਼ਰੋਤਿਆਂ ਵਿਚੋਂ ਕਿਸੇ ਦਾ ਰਸ ਭੰਗ ਹੋਵੇ ਯਾ ਜੇ ਵੀਚਾਰ ਦੀ ਗੱਲਬਾਤ ਚਰਚਾ ਦੀ ਸੂਰਤ ਫੜ ਲਵੇ ਤਾਂ ਕਥਾ ਦਾ ਰਸ ਨਹੀਂ ਰਹਿੰਦਾ। ਫੇਰ ਸੰਗਤ ਵਲ ਤੱਕ ਕੇ ਸੰਤ ਬੋਲੇ, ਕਿਉਂ ਸਾਧਸੰਗਤ ਜੀ! ਆਗਿਆ ਹੈ, ਮੈਂ ਬਰਖੁਰਦਾਰ ਨੂੰ ਜੋ ਆਉਂਦਾ ਹੈ ਨਿਵੇਦਨ ਕਰ ਦਿੱਂ? ਆਵਾਜ਼ ਆਈ - ਆਪ ਦੀ ਖੁਸ਼ੀ ਹੈ, ਸੰਗਤ ਆਪ ਨੂੰ ਮਜ਼ਬੂਰ ਨਹੀਂ ਕਰਦੀ।

ਸੰਤ - ਬਰਖੁਰਦਾਰ ਜੀ! ਤੁਸੀਂ ਜ਼ਰਾ ਖੜੋਤੇ ਰਹਿਣ ਦੀ ਕ੍ਰਿਪਾਲਤਾ ਕਰੀ ਰੱਖੋ, ਜੇ ਮੈਂ ਕੁੱਛ ਪੁੱਛਣਾ ਹੋਵੇ ਤਾਂ ਆਪ ਜੀ ਨੂੰ ਬਾਰ ਬਾਰ ਉਠਣ ਦੀ ਖੇਚਲ ਨਾ ਕਰਨੀ ਪਵੇ। ਬਰਖੁਰਦਾਰ ਜੀਓ! ਜਿਸ ਪ੍ਰਮਾਤਮ ਦੇਵ ਜੀ ਦੇ ਅਸੀਂ ਗੁਣ ਗਾਇਨ ਕਰ ਰਹੇ ਹਾਂ ਉਸਨੂੰ ਆਪ ਸਮਝਦੇ ਹੋ ਕਿ ਚੇਤਨ ਵਰਣਨ ਕੀਤਾ ਗਿਆ ਹੈ। ਉਹ ਨਿਰਜਿੰਦ ਸ਼ਕਤੀ ਮਾਤ੍ਰ ਨਹੀਂ ਹੈ। ਬਿਜਲੀ ਇਕ ਨਿਰਜਿੰਦ ਸ਼ਕਤੀ ਹੈ ਉਸਦੇ ਗੁਣ ਗਾਇਨ ਨਾਲ ਬਿਜਲੀ ਤੇ ਅਸਰ ਨਹੀਂ ਪੈਂਦਾ, ਨਾ ਹੀ ਉਹ ਸਾਨੂੰ ਪ੍ਰਾਪਤ ਹੋ ਜਾਂਦੀ ਹੈ, ਨਾ ਹੀ ਸਾਡਾ ਮਨ ਖਿੜਦਾ ਹੈ। ਪ੍ਰਮਾਤਮ ਦੇਵ ਦੇ ਗੁਣ ਗਾਇਨ ਨਾਲ ਮਨ ਖਿੜਦਾ ਹੈ ਤੇ ਉਨ੍ਹਾਂ ਦਾ ਮੇਲ ਵੀ ਹੋ ਜਾਂਦਾ ਹੈ।

ਗੱਭਰੂ - ਜੀ ਮੈਂ ਵਾਹਿਗੁਰੂ ਨੂੰ ਚੇਤਨ ਦੇਵ ਮੰਨਦਾ ਹਾਂ।

ਸੰਤ - ਜੋ ਚੇਤਨ ਹੈ, ਸਰਬੱਗ ਹੈ, ਸਾਡੀ ਕੀਤੀ ਸਿਫਤ ਸਲਾਹ ਨੂੰ ਜਾਣੇਗਾ ਯਾ ਕਹੋ ਕਿ ਸੁਣੇਗਾ। ਅਰਥਾਤ ਉਸ ਦੀ ਗਿਆਤ ਵਿਚ ਹੋਵੇਗੀ ਸਾਡੀ ਕੀਤੀ ਸਿਫਤ ਸਲਾਹ। ਫਿਰ ਉਹ ਪ੍ਰੇਮ ਸਰੂਪ ਹੈ, ਵੱਡੇ ਵੱਡੇ ਦਾਰਸ਼ਨਿਕਾਂ ਨੇ ਉਸ ਨੂੰ ਪ੍ਰਿਯ ਸਰੂਪ ਆਖਿਆ ਹੈ। ਭਗਤਾਂ ਦਾ ਧਰੁੱਵਾ ਹੀ ਇਹੋ ਹੈ ਕਿ ਉਹ ਪ੍ਰੇਮ ਸਰੂਪ ਹੈ। ਤੁਸੀਂ ਆਪਣੇ ਵਿਚ ਵੇਖਦੇ ਹੋ ਕਿ ਭਾਵ ਹੈ - ਪ੍ਰੇਮ ਹੈ। ਤੁਸੀਂ ਨਿਰੀ ਕਰਖਤ ਤੇ ਅਭਿੱਜ ਬੁੱਧੀ ਮਾਤ੍ਰ ਨਹੀਂ ਹੋ, ਸਗੋਂ ਪ੍ਰੇਮ ਵਾਲੇ, ਭਾਵ ਵਾਲੇ ਬੀ ਹੋ, ਇਹ ਗੁਣ ਕਿੱਥੋਂ ਆਇਆ ਹੈ? ਸੋਚੋ, ਜਿਸ ਦੀ ਅੰਸ਼ ਹੋ ਇਹ ਉਸ ਦਾ ਗੁਣ ਹੈ। ਅੰਸ਼ ਵਿਚ ਅੰਸ਼ਈ ਦੇ ਗੁਣ ਦਾ ਨਿਵਾਸ ਹੁੰਦਾ ਹੈ। ਇਸ ਤੋਂ ਵੀ ਕਿਆਸ ਕਰ ਲਵੋ ਕਿ ਪਰਮਾਤਮ ਦੇਵ ਜੋ ਸਾਡੇ ਅੰਸ਼ੀ ਹਨ - ਜਿਨ੍ਹਾਂ ਦੀ ਅੰਸ਼ ਮਾਤ੍ਰ ਅਸੀਂ ਹਾਂ - ਪ੍ਰੇਮ ਸਰੂਪ ਹਨ। ਹੁਣ ਵੀਚਾਰ ਕਰੋ, ਉਹ ਜੋ ਪਰਮਾਤਮ ਦੇਵ ਹੈ ਚੇਤਨ ਹੈ ਤੇ ਪ੍ਰੇਮ ਸਰੂਪ ਹੈ, ਸਾਡੀ ਪ੍ਰੇਮ ਮਈ ਕੀਤੀ ਗਈ ਉਸ ਦੀ ਸਿਫਤ ਸਲਾਹ ਸੁਣਕੇ ਉਹ ਸਮਝੇਗਾ ਕਿ ਇਹ ਮੇਰੇ ਪਿਆਰ ਵਿਚ ਹੈਨ। ਧਿਆਨ ਕਰਨਾ, ਪਿਆਰ ਦੇ ਯਾ ਪ੍ਰੇਮ ਦੇ ਦੋ ਕਰਤੱਵਯ ਹੁੰਦੇ ਹਨ, ਪਿਆਰ ਕਰਨਾ ਤੇ ਕੀਤੇ ਜਾਣਾ। ਸੋ ਅਸੀਂ ਸਿਫਤ ਸਲਾਹ ਨਾਲ ਪਿਆਰ ਕਰਦੇ ਹਾਂ

ਤੇ ਉਹ ਪਿਆਰ ਕੀਤਾ ਜਾਂਦਾ ਹੈ। ਚਾਹੇ ਸਾਡਾ ਪਿਆਰ ਨਿੱਕਾ ਜਿਹਾ ਹੈ, ਪਰ 'ਪਿਆਰ' ਪਿਆਰ ਹੈ 'ਹੀਰਾ ਕਣੀ' ਚਾਹੋ ਇਕ ਚਾਵਲ ਜਿੰਨੀ ਨਿੱਕੀ ਹੋਵੇ, ਪਰ ਉਹ 'ਹੀਰਾ' ਹੀ ਹੈ। ਛੋਟੀ ਹੋ ਕੇ ਉਹ ਹੀਰਿਓਂ ਪੁਖਰਾਜ ਯਾ ਕੱਚ ਨਹੀਂ ਬਣ ਜਾਂਦੀ। ਪਿਆਰ ਸਰੂਪ ਨੂੰ ਪਿਆਰ ਦੀ ਕਦਰ ਤੇ ਸਿਆਣ ਹੈ, ਕਿਉਂਕਿ ਉਹ ਚੇਤਨ ਹੈ। ਸਾਡੇ ਹਿਰਦੇ ਤੇ ਪ੍ਰੇਮ ਨਾਲ ਕੀਤੀ ਗਈ ਸਿਫਤ ਸਲਾਹ ਨੂੰ ਚਾਹੋ ਉਹ ਅਤਿ ਥੋੜ੍ਹੀ ਹੈ ਉਹ ਜਾਣਦਾ ਹੈ ਤੇ ਪ੍ਰੇਮ ਸਰੂਪ ਹੋਣ ਕਰਕੇ ਪਿਆਰਦਾ ਹੈ। ਸੋਚੋ, ਉਸਦਾ ਪਿਆਰ ਸਰੂਪ ਕੀ ਹੋਵੇ, ਜੇ ਉਹ ਆਪਣੇ ਨਾਲ ਕੀਤੇ ਗਏ ਪਿਆਰ ਨੂੰ ਨਾ ਪਛਾਣੇ ਤੇ ਨਾ ਸਵੀਕਾਰ ਕਰੇ। ਪਿਆਰ ਨੂੰ ਪਛਾਣਨਾ ਤੇ ਪਿਆਰ ਦਾ ਪਿਆਰ ਨਾਲ ਉਤਰ ਦੇਣਾ ਇਹ ਉਸਦੀ ਪ੍ਰੇਮ ਸਰੂਪਤਾ ਦਾ ਇਕ ਲੱਛਣ ਹੈ, ਇਹੀ ਉਸਦੀ 'ਵਿਦਿਤ ਪ੍ਰੇਮ ਸਰੂਪਤਾ' ਹੈ, ਇਹੀ ਉਸਦਾ ਬਿਰਦ ਹੈ ਯਾ ਉਸਦਾ ਧਰਮ ਹੈ ਯਾ ਇਉਂ ਕਹੋ ਕਿ ਪਿਆਰ ਦਾ ਇਕ ਸਰੂਪ ਹੀ ਇਹੋ ਹੈ। ਪਰੰਤੂ ਉਸਦਾ 'ਪਿਆਰ ਨੂੰ ਪਿਆਰ ਨਾਲ ਜਵਾਬ ਦੇਣਾ, ਉਸਦੀ ਲੋੜ ਦੀ ਦਲੀਲ ਨਹੀਂ ਹੋ ਸਕਦਾ। ਪਰਮਾਤਮ ਦੇਵ ਨਿਰਾ ਪ੍ਰਕ੍ਰਿਤੀ ਵਾਂਗੂੰ ਅਚੇਤਨ 'ਵਸਤੂ' ਨਹੀਂ, ਨਾ ਉਹ ਅਚੇਤਨ 'ਸ਼ਕਤੀ ਮਾਤ੍ਰ' ਹੈ ਨਾਂ ਉਹ 'ਚੇਤਨ ਸ਼ਕਤੀ' ਮਾਤ੍ਰ ਹੀ ਹੈ ਕਿ ਜਿਸ ਵਿਚ ਭਾਵ ਯਾ ਪ੍ਰੇਮ ਨਹੀਂ ਹੈ, ਉਹ ਪ੍ਰੇਮ ਸਰੂਪ ਹੈ, ਇਸ ਕਰਕੇ ਪਿਆਰ ਕਰਦਾ ਹੈ ਤੇ ਪਿਆਰ ਕੀਤਾ ਜਾਏ ਤਾਂ ਪਿਆਰ ਨਾਲ ਜਵਾਬ ਵੀ ਦਿੰਦਾ ਹੈ। ਉਸ ਨੂੰ ਪਿਆਰਨ ਵਾਲੇ ਸਭ ਤੋਂ ਉੱਚੇ ਹਨ ਜੋ ਕੇਵਲ ਉਸਨੂੰ ਮਿਲਣ ਦੀ ਖਾਤਰ ਪਿਆਰ ਕਰਦੇ ਹਨ। ਐਸਾ ਕਰਨ ਵਾਲਿਆਂ ਨੂੰ ਉਹ ਪਿਆਰ ਨਾਲ ਮੇਲ ਬੀ ਲੈਂਦਾ ਹੈ। ਉਸ 'ਪੂਰਨ ਪੂਰਿ ਰਹੇ ਸੰਪੂਰਨ' ਨੂੰ ਸਿਫਤ ਸਲਾਹ ਸੁਣਨ ਦੀ ਕਮਜ਼ੋਰੀ ਨਹੀਂ ਵਾਪਰੀ ਹੋਈ, ਜਿਵੇਂ ਸਾਨੂੰ ਹੁੰਦੀ ਹੈ, ਜਦੋਂ ਕਿ ਅਸੀਂ ਆਪੇ ਦੇ ਰਸ ਨੂੰ ਭੁਲਾ ਕੇ ਆਪਣੀ ਮਹਿਮਾਂ ਸੁਣਨ ਦੇ ਨਾਲ ਆਪਾ ਪੂਰਨ ਹੁੰਦਾ ਸਮਝਦੇ ਹਾਂ। ਉਹ ਸਮੁੰਦਰ ਹੈ ਉਸਨੂੰ ਲੋੜ ਨਹੀਂ ਕਿ ਮੇਰੇ ਉਤੇ ਆ ਕੇ ਮੀਂਹ ਪਵੇ ਤਾਂ ਮੈਂ ਪੂਰਣ ਹੋਣਾ ਹੈ। ਚਾਰ ਕਣੀਆਂ ਉਸ ਨੂੰ ਪੂਰਨ ਨਹੀਂ ਕਰਦੀਆਂ। ਸਾਡੀ ਸਿਫਤ ਸਲਾਹ ਨਿੱਕੇ ਨਿੱਕੇ ਜੰਤਾਂ ਦੀ ਕਿੰਨੀ ਕੁ ਹੋ ਸਕਦੀ ਹੈ ਮਿਕਦਾਰ ਵਿਚ ਪੈਰ ਪਿਆਰ ਦੀ ਸ਼ੈ ਹੋਣ ਕਰਕੇ ਉਹ ਕਬੂਲਦਾ, ਖੁਸ਼ ਹੁੰਦਾ ਤੇ ਅੱਗੋਂ ਪਿਆਰ ਕਰਦਾ ਹੈ। ਇਹ ਉਸਦੀ ਭਗਤ ਵੱਛਲਤਾ ਹੈ। ਸੋ ਉਸਨੂੰ ਜੋ ਪਿਆਰ ਕਰਦੇਹਨ ਉਹ ਪਿਆਰ ਦਾ ਫਲ ਪਿਆਰ ਪਾਉਂਦੇ ਹਨ। ਉਸ ਦੇ ਇਸ ਗੁਣ ਕਰਕੇ ਭਗਤ ਉਸਨੂੰ ਨਿਰਾ ਪਿਆਰ ਹੀ ਨਹੀਂ ਕਰਦੇ, ਸਗੋਂ ਉਸ ਦੇ ਪਿਆਰ ਤੇ ਮਾਣ ਵੀ ਕਰਦੇ ਹਨ ਤੇ ਉਹ ਭਗਤਾਂ ਦੇ ਮਾਣ ਤਾਣ ਪਿਆਰ ਪੁੰਜ ਹੋਣ ਕਰਕੇ ਪੂਰੇ ਵੀ ਕਰਦਾ ਹੈ। ਅਸਲ ਵਿਚ ਸਾਡੇ ਅੰਦਰ ਜੋ ਪਿਆਰ ਦੀ ਕਣੀ ਹੈ ਉਹ ਉਸੇ ਦੇ ਪਿਆਰ ਦੀ ਅੰਸ਼ ਹੈ। ਅੰਸ਼ ਆਪਣੇ ਅੰਸ਼ੀ ਵਲ ਉੱਛਲਦੀ ਹੈ। ਬਰਖੁਰਦਾਰ ਜੀ! ਹੱਛੀ ਤਰ੍ਹਾਂ ਸਮਝ ਲੈਣਾ ਕਿ 'ਅੰਸ਼' ਆਪਣੇ 'ਅੰਸ਼ੀ' ਵਲ ਉਛਲਦੀ ਹੈ। ਅੰਸ਼ੀ ਵੱਲ ਉੱਲਰ ਰਹੀ ਆਪਣੀ ਅੰਸ਼ ਨੂੰ ਕਿਵੇਂ ਨਾ ਅਪਣਾਵੇਗਾ? ਜਦੋਂ ਕਿ ਦੁਇ ਚੇਤਨ ਹਨ ਤੇ ਪ੍ਰੇਮਮਯ ਹਨ। ਦ੍ਰਿਸਟਾਂਤ ਦਾ ਇਕ ਅੰਗ ਲੈਣਾ ਹੈ। ਦੇਖੋ ਜਦ ਫੌਲਾਦ ਚੁੰਬਕ ਦੇ ਨੇੜੇ ਜਾਂਦਾ ਹੈ ਤਾਂ ਚੁੰਬਕ ਨੂੰ ਆਪਣੀ ਚੁੰਬਕ ਸ਼ਕਤੀ ਦਾਨ ਕਰ ਦਿੰਦਾ ਹੈ। ਚੁੰਬਕ ਨੂੰ ਤਾਂ ਲੋੜ ਨਹੀਂ ਸੀ ਕਿ ਲੋਹਾ ਆ ਕੇ ਮੇਰੇ ਨਾਲ ਲੱਗੇ ਤਾਂ ਮੈਂ ਸੰਪੂਰਨ ਥੀਵਾਂ। ਉਹ ਨੇੜੇ ਆਏ ਹੋਏ ਲੋਹੇ ਨੂੰ ਖਿੱਚ ਕੇ ਚੁੰਬਕ ਬਣਾ ਦਿੰਦਾ ਹੈ। ਸਿਫਤ ਸਲਾਹ ਨਾਲ ਵਾਹਿਗੁਰੂ ਪ੍ਰੇਮ ਸਰੂਪ ਦੇ ਨੇੜੇ ਹੋਏ ਪ੍ਰੇਮੀ ਜੀਵ ਨੂੰ ਪੁਰਖ ਆਪਣੇ ਪ੍ਰੇਮ ਦਾ ਰੰਗ ਚਾੜ੍ਹ ਕੇ ਪਰਮਾਤਮ ਸਰੂਪ ਕਰ ਲੈਂਦਾ ਹੈ। ਹੁਣ ਦੱਸੋ ਕੋਈ ਹੋਰ ਸ਼ੰਕਾ ਹੈ?

ਗੱਭਰੂ ਨੇ ਕਿਹਾ – ਜੀ ਮੇਰੀ ਨਿਸ਼ਾ ਹੋਈ ਹੈ, ਆਪ ਵਾਂਙ ਸਾਨੂੰ ਕੋਈ ਪਿਆਰ ਨਾਲ ਅਸਲੀਅਤ ਨਹੀਂ ਦੱਸਦਾ। ਅਸੀਂ ਹੁੱਜਤਾਂ, ਮਸ਼ਕਰੀਆਂ ਤੇ ਟਿਚਕਰਾਂ ਦੇ ਮੰਡਲ ਵਿਚ ਪਲਦੇ ਹਾਂ, ਜੀਵਨ ਦੇ ਅਤਿ ਮਰਮੀ ਮਾਮਲਿਆਂ ਨੂੰ ਬੀ ਹਲਕੇਪਨ ਨਾਲ ਓਸੇ ਤਰ੍ਹਾਂ ਦਾ ਸਲੂਕ ਦਿੰਦੇ ਹਾਂ।

ਸੰਤ – ਆਪ ਹੁਣ ਜੇ ਹੋਰ ਕੁਛ ਨਹੀਂ ਪੁੱਛਣਾ ਤਾਂ ਬਿਰਾਜ ਜਾਓ। ਸਾਧਸੰਗਤ ਜੀ! ਸ੍ਰੀ ਗੁਰੂ ਅਰਜਨ ਦੇਵ ਜੀ ਨੇ ਫੁਰਮਾਇਆ ਹੈ – 'ਗੁਨ ਗਾਵਤ ਤੇਰੀ ਉਤਰਸਿ ਮੈਲੁ॥ ਬਿਨਸਿ ਜਾਇ ਹਉਮੈ ਬਿਖੁ ਫੈਲੁ॥' ਪਰਮੇਸ਼ੁਰ ਦੇ ਗੁਣ ਗਾਇਨ ਕਰਨ ਨਾਲ ਮਨ ਦੀ ਮੈਲ ਦੂਰ ਹੁੰਦੀ ਹੈ, ਹਉਮੈ ਦੂਰ ਹੁੰਦੀ ਹੈ ਤੇ ਇਸ ਦੀ ਬਾਹਰ ਵਰਤੋਂ ਵਿਚ ਜੋ ਵਿਹੁ ਰੂਪੀ ਫੈਲਵਟ – ਖੁਦਗਰਜ਼ੀ ਦੀ ਸ਼ਕਲ ਵਿਚ ਹੁੰਦੀ ਹੈ, ਦੂਰ ਹੋ ਜਾਂਦੀ ਹੈ, ਇਸ ਕਰਕੇ ਸ੍ਰੀ ਆਦਿ ਗੁਰੂ ਜੀ ਫੁਰਮਾਉਂਦੇ ਹਨ – 'ਜਿਨ੍ਹੀ ਸੋ ਸਾਲਾਹਿਆ ਪਿਆਰੇ ਹਉ ਤਿਨ ਬਲਿਹਾਰੇ ਜਾਉ॥' ਇਸੇ ਗੁਣ ਗਾਯਨ ਨਾਲ ਆਪ ਫੁਰਮਾਉਂਦੇ ਹਨ ਕਿ ਕਲਿਆਣ ਪ੍ਰਾਪਤ ਹੁੰਦੀ ਹੈ। ਯਥਾ – ਤੂੰ ਸਚਾ ਸਾਹਿਬੁ ਸਿਫਤਿ ਸੁਆਲਿਉ ਜਿਨਿ ਕੀਤੀ ਸੋ ਪਾਰਿ ਪਇਆ। ਸੋ ਭਾਈ ਸਾਨੂੰ ਹੁਣ ਪਰਮੇਸ਼ੁਰ ਦੀ ਸਿਫਤਿ ਸਲਾਹ ਕਰਨ ਵਾਲਿਆਂ ਦੇ ਸਤਿਸੰਗ ਦੀ ਲੋੜ ਹੈ। ਉਨ੍ਹਾਂ ਨਾਲ ਸੰਗ ਕੀਤਿਆਂ ਇਸ ਦੀ ਜਾਚ ਆਉਂਦੀ ਹੈ ਤੇ ਉਨ੍ਹਾਂ ਨੂੰ ਸੁਖੀ ਵੇਖ ਕੇ ਆਪ ਇਸ ਮਾਰਗ ਤੇ ਟੁਰਨੇ ਦਾ ਚਾਉ ਵਧਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ –

ਸਾਲਾਹੀ ਸਾਲਾਹਣਾ ਪਿਆਰੇ ਦੂਜਾ ਅਵਰੁ ਨ ਹੋਇ॥

ਮੇਰੇ ਪ੍ਰਭ ਸਾਲਾਹਨਿ ਸੇ ਭਲੇ ਪਿਆਰੇ ਸਬਦਿ ਰਤੇ ਰੰਗੁ ਹੋਇ॥ ਤਿਸਕੀ ਸੰਗਤਿ ਜੇ ਮਿਲੈ ਪਿਆਰੇ ਰਸੁ ਲੈ

ਤਤੁ ਵਿਲੋਇ॥

ਸਾਰੀ ਗੱਲਬਾਤ ਦਾ ਸਿੱਟਾ ਇਹ ਹੈ, ਸਾਧਸੰਗਤ ਜੀ! ਕਿ ਗੁਰੂ ਨਾਨਕ ਦੇਵ ਜੀ ਆਪਣੇ ਅਕਾਲ ਪੁਰਖ ਨੂੰ ਪ੍ਰੇਮ ਸਰੂਪ ਦੇਖਦੇ ਤੇ ਵਰਣਨ ਕਰਦੇ ਹਨ, ਆਪ ਦਾ ਫੁਰਮਾਣ ਹੈ –

ਆਪੇ ਪ੍ਰੀਤਿ ਪ੍ਰੇਮ ਪਰਮੇਸੁਰੁ ਕਰਮੀ ਮਿਲੈ ਵਡਿਆਈ॥

ਫੇਰ ਸ੍ਰੀ ਗੁਰੂ ਜੀ ਆਪਣੇ ਪ੍ਰਭੂ ਬਾਬਤ ਫੁਰਮਾਉਂਦੇ ਹਨ –

ਮੇਰਾ ਪ੍ਰਭੂ ਰਾਗਿ ਘਣੈ ਅਤਿ ਰੂੜੈ॥
ਦੀਨ ਦਇਆਲੁ ਪ੍ਰੀਤਮ ਮਨਮੋਹਨੁ
ਅਤਿ ਰਸ ਲਾਲਸ ਗੂੜੈ॥

ਅਰਥਾਤ ਮੇਰਾ ਪ੍ਰਭੂ ਡਾਢਾ ਪ੍ਰੇਮ ਵਾਲਾ ਤੇ ਡਾਢਾ ਸੁਹਣਾ ਹੈ, ਦੀਨਾਂ ਤੇ ਕ੍ਰਿਪਾਲੂ, ਬਹੁਤ ਹੀ ਪਿਆਰਾ ਤੇ ਮਨ ਨੂੰ ਮੋਹ ਲੈਣ ਵਾਲਾ ਹੈ, ਡਾਢੇ ਰਸ ਵਾਲਾ ਤੇ ਬਹੁਤ ਹੀ ਪ੍ਰਿਯ ਹੈ। ਉਸ ਅਤਿ ਸੁੰਦਰ ਤੇ ਪ੍ਰੇਮ ਸਰੂਪ ਦਾ ਪ੍ਰੇਮ-ਸੰਦੇਸ ਲੈ ਕੇ ਆਪ ਪ੍ਰੇਮ ਦਾ ਅਵਤਾਰ ਹੋ ਉਤਰੇ। ਇਸ ਲਈ ਆਪ ਨੇ ਇਨਸਾਨ ਨੂੰ ਪ੍ਰੇਮ ਸਿਖਾਇਆ। ਖਿਮਾ, ਸਹਾਰਾ, ਦਾਨ, ਭਲਾ ਕਰਨਾ, ਉਪਕਾਰ, ਸੇਵਾ ਸਭ ਪ੍ਰੇਮ ਦੇ ਅਸਲੀ ਸਰੂਪ ਹਨ, ਜੋ ਆਪ ਨੇ ਸਿਖਾਏ। ਪ੍ਰੇਮ ਸਰੂਪ ਦੀ ਪ੍ਰਾਪਤੀ ਲਈ ਬੀ ਆਪ ਨੇ ਪ੍ਰੇਮ ਹੀ ਸਿਖਾਇਆ ਤੇ ਦੱਸਿਆ ਕਿ ਉਸ ਰੂਪ ਰੇਖ ਤੋਂ ਨਿਆਰੇ ਪਰ ਸਤਿ ਸਰੂਪ, ਚੇਤਨਾ ਸਰੂਪ ਤੇ ਪ੍ਰੇਮ ਸਰੂਪ ਦੀ ਪ੍ਰਾਪਤੀ ਦਾ ਰਾਹ ਪ੍ਰੇਮ ਹੈ। ਉਸ ਪਿਆਰੇ ਅੱਗੇ ਅਰਦਾਸ, ਉਸ ਪ੍ਰੀਤਮ ਦੀ ਹਜ਼ੂਰੀ ਵਿਚ ਵਾਸ ਉਸਦਾ ਸਿਮਰਣ, ਉਸਦਾ ਗੁਣ ਕਥਨ, ਸਿਫਤ ਸਲਾਹ-ਗੁਰਬਾਣੀ ਦੁਆਰਾ ਕੀਰਤਨ ਇਹ ਪ੍ਰੇਮ ਪ੍ਰਾਪਤੀ ਦੇ ਸਾਧਨ ਸਿਖਾਏ। ਸਾਧਸੰਗਤ ਜੀ! 'ਅਰਦਾਸ' ਬਾਬਤ ਆਪ ਵਿਚ ਬੈਠੇ ਭਾਈ ਚਾਨਣ ਸਿੰਘ ਨਾਲ ਸਾਡੀ ਵੀਚਾਰ ਹੋ ਚੁੱਕੀ ਹੈ, ਨਾਮ ਸਿਮਰਣ, ਹਜੂਰੀ ਵਾਸ, ਬਾਬਤ ਕੁਛ ਵੀਚਾਰ ਅੱਜ ਇਸ ਤੋਂ ਪਹਿਲਾਂ ਹੋ ਚੁੱਕੀ ਹੈ, ਕੁਛ ਫੇਰ ਸਹੀ। ਕੀਰਤਨ ਬਾਬਤ ਹੁਣ ਜੋ ਕੁੱਛ ਗੁਰਮਤਿ ਤੋਂ ਸੋਝੀ ਮਿਲੀ ਤੇ ਤਜਰਬੇ ਵਿਚ ਆਇਆ ਹੈ ਸੁਣਾ ਚੁੱਕਾ ਹਾਂ। ਜਿਸ ਦਾ ਸਾਰ ਇਹ ਹੈ, ਹਰਿ ਕੀਰਤਨ ਨਾਲ ਸਰੀਰ ਸੁਖੀ ਹੁੰਦਾ ਹੈ, ਆਪੇ ਵਿਚ ਜੁੜਦਾ ਹੈ, ਨਿਰਮਲ ਥੀਂਦਾ ਹੈ ਤੇ ਬਲ ਪਕੜਦਾ ਹੈ। ਸਾਧਸੰਗਤ ਜੀ! ਖਿੰਡੀ ਚੀਜ਼ ਕਮਜ਼ੋਰ ਹੁੰਦੀ ਹੈ, ਇਕੱਠੀ ਹੋਈ - ਏਕਾਗਰ ਹੋਈ-ਬਲਵਾਨ ਹੁੰਦੀ ਹੈ। ਘੜੀ ਦਾ ਫਨਰ ਪਿੰਡ ਜਾਏ ਤਾਂ ਬਲਹੀਨ ਹੋ ਜਾਂਦਾ ਹੈ, ਕੱਠਾ ਕਰੋ ਤਾਂ ਬਲਵਾਨ ਹੋ ਜਾਂਦਾ ਹੈ। ਜਗਤ ਤੇ ਜਿਤਨੇ ਵੱਡੇ ਲੇਖਕ, ਦਾਰਸ਼ਨਿਕ, ਕਾਢਾਂ ਕੱਢਣ ਵਾਲੇ, ਨਵੇਂ ਉਨਰ, ਸ਼ਿਲਪਕਾਰੀਆਂ ਤੇ ਕਾਰੀਗਰੀਆਂ ਦੇ ਕੱਢਣ ਵਾਲੇ ਹੋਏ ਹਨ ਇਹ ਇਕ ਵਿਸ਼ੇ ਤੇ ਏਕਾਗਰ ਮਨ ਕਰਕੇ ਲੱਗਣ ਨਾਲ ਹੀ ਹੋਏ ਹਨ। ਸੋ ਮਨ ਜੁੜਿਆ ਜਦ ਨਿਰੋਲ ਆਪੇ ਵਿਚ ਜੁੜਦਾ ਹੈ ਤਾਂ ਆਪੇ ਦੇ ਬਲ ਵਿਚ ਆਉਂਦਾ ਤੇ ਆਪੇ ਦੇ ਰਸ ਦਾ ਜਾਣਨਹਾਰ ਤੇ ਮਾਣਨਹਾਰ ਹੋ ਜਾਂਦਾ ਹੈ। ਉਸ ਦਾ ਉਪਰਾਲਾ - ਸਭ ਤੋਂ ਸੌਖਾ ਤੇ ਮਨੋਰੰਜਕ ਕਸ਼ਟ ਬਿਹੀਨ ਉਪਰਾਲਾ - ਹਰਿ ਕੀਰਤਨ ਹੈ ਤੇ ਹਰੀ ਕੀਰਤਨ ਹੀ ਉਸ ਪ੍ਰੇਮ ਪੁੰਜ ਪਰਮਾਤਮ ਦੇਵ ਦੀ ਪ੍ਰਾਪਤੀ ਤਕ ਲੈ ਜਾਂਦਾ ਹੈ। ਸੋ ਸਾਰਾ ਮਾਰਗ ਪ੍ਰੇਮ ਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸਾਰਾ ਆਦਰਸ਼ ਇਸ ਥੋੜ੍ਹੇ ਸਮੇਂ ਵਿਚ ਨਿਰੂਪਣ ਨਹੀਂ ਹੋ ਸਕਦਾ। ਉਸਦਾ ਇਕ ਵਿਸ਼ੇਸ਼-ਕੀਰਤਨ-ਕੁਛ ਨਿਰੂਪਣ ਕੀਤਾ ਹੈ। ਹੁਣ ਮੇਰਾ ਚਿੱਤ ਹੈ ਕਿ ਮੈਂ ਆਪ ਅੱਗੇ ਗੁਰੂ ਨਾਨਕ ਦੇਵ ਜੀ ਦੇ ਇਸ ਆਦਰਸ਼ ਵਰਣਨ ਕਰਨ ਦੇ ਮਗਰੋਂ ਉਨ੍ਹਾਂ ਦੇ ਅਮਲੀ ਜੀਵਨ ਦਾ ਇਕ ਅੱਧ ਪ੍ਰਸੰਗ ਸੁਣਾਵਾਂ ਜੋ ਆਪ ਨੂੰ ਰਸ ਆਵੇ ਕਿ ਗੁਰੂ ਨਾਨਕ ਦੇਵ ਜੀ ਜੋ ਕਹਿੰਦੇ ਸਨ ਸੋ ਕਰਦੇ ਸਨ, ਜੋ ਕਰਦੇ ਸਨ ਸੋ ਕਹਿੰਦੇ ਸਨ। ਉਹ ਕਹਿਣੀ ਕਥਨੀ ਦਾ ਸੂਰਾ ਪ੍ਰੇਮ ਪੁੰਜ ਸੱਚ ਹੀ ਸੱਚ ਸੀ। ਜੀਵਨ ਦੀਆਂ ਕਰਨੀਆਂ ਸੁਣ ਕੇ ਉਤਸ਼ਾਹ ਬਹੁਤ ਵਧਦਾ ਹੈ ਤੇ ਅਮਲ ਕਰਨੇ ਲਈ ਮਨ ਜ਼ੋਰ ਫੜਦਾ ਹੈ। ਕਿਉਂ ਸਾਧਸੰਗਤ ਜੀ! ਆਗਿਆ ਹੈ?

ਆਵਾਜ਼ ਆਈ - ਆਗਿਆ ਸਤਿਗੁਰ ਦੀ।

੨. ਗੁਰੂ ਨਾਨਕ ਕਰਨੀ

ਇਕ ਪਾਸੇ ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਇਨਸਾਨੀ ਜੀਵਨ ਦੀਆਂ ਮਰਮੀ ਤੈਹਾਂ ਤਕ ਰਸਤੇ ਖੁਹਲਦੇ ਹਨ, ਜੀਵਨ ਦੀਆਂ ਮੁਸ਼ਕਲਾਂ ਹੱਲ ਕਰਦੇ ਹਨ, ਇਨਸਾਨ ਦੇ ਸੁਖ ਦੇ ਪਰਮ ਉੱਚੇ ਰਸਤੇ ਦੱਸਦੇ ਹਨ ਤੇ ਜਗਤ ਦੀ ਧੁਰ ਅਸਲੀਅਤ ਤਕ ਰਹਨੁਮਾਈ ਕਰਕੇ ਲੈ ਜਾਂਦੇ ਹਨ। ਦੂਜੇ ਪਾਸੇ ਇਨਸਾਨ ਦੀ ਨਿੱਕੀ ਨਿੱਕੀ ਮੁਸ਼ਕਲ ਦੇ ਹੱਲ ਲਈ, ਛੋਟੇ-ਛੋਟੇ ਦੁਖਾਂ ਦੀ ਨਵਿਰਤੀ ਲਈ, ਜੋ ਉਸਨੂੰ ਪੀੜਤ ਕਰਦੇ ਹਨ, ਹਰ ਵੇਲੇ ਤਿਆਰ ਰਹਿੰਦੇ ਹਨ। ਫਿਰ ਦਿਲ ਦੀਆਂ ਵਿਸ਼ਾਲ ਮਰਮੀ ਪੀੜਾਂ ਲਈ ਵੀ ਧਾ ਪਹੁੰਚਦੇ ਹਨ। ਹਾਂ, ਉਨ੍ਹਾਂ ਦਾ ਸਰੂਪ ਪ੍ਰੇਮ ਹੈ ਤੇ ਪ੍ਰੇਮ ਹੀ ਉਨ੍ਹਾਂ ਦਾ ਵਰਤਾਉ ਹੈ। ਇਹ ਗੱਲਾਂ ਉਨ੍ਹਾਂ ਦੇ ਉਪਦੇਸ਼ਾਂ ਤੇ ਉਨ੍ਹਾਂ ਦੀ ਬਾਣੀ ਵਿਚ ਬਹੁਤ ਸੁਹਣੀ ਤਰ੍ਹਾਂ ਨਿਰੂਪਣ ਹੈਨ ਅਤੇ ਉਨ੍ਹਾਂ ਦੇ ਆਪਣੇ ਇਨਸਾਨੀ ਜੀਵਨ ਵਿਚ ਉਨ੍ਹਾਂ ਦੇ ਪਿਆਰ ਦੇ ਵਾਕਿਆਤ ਅਨੇਕਾਂ ਹਨ। ਉਹ ਪ੍ਰੇਮ ਪੁੰਜ ਸਨ, ਪ੍ਰੇਮ ਉਨ੍ਹਾਂ ਦਾ ਪਰਮੇਸੁਰ ਸੀ, ਪ੍ਰੇਮ ਉਨ੍ਹਾਂ ਦਾ ਆਦਰਸ਼ ਸੀ, ਪ੍ਰੇਮ ਉਨ੍ਹਾਂ ਦੀ ਵਰਤੋਂ ਸੀ। ਗੁਰ ਨਾਨਕ ਪ੍ਰੇਮ ਵਰਖਾ ਕਰਨੇ ਵਾਲਾ ਇਕ ਪ੍ਰੇਮ-ਮੇਘ ਸੀ, ਜਿਸ ਤੋਂ ਸਭ ਕਿਸੇ ਨੂੰ ਪ੍ਰੇਮ ਦੀ ਸ਼ਾਂਤੀ ਬੂੰਦ ਮਿਲਦੀ ਸੀ। ਸੋ ਹੁਣ ਆਪ ਆਪ ਦੇ ਜੀਵਨ ਦਾ ਇਕ ਗੁਜ਼ਰਿਆ ਇਤਿਹਾਸਿਕ

ਵਾਕਿਆ ਸੁਣਾਉਂਦਾ ਹਾਂ, ਜਿਸ ਤੋਂ ਦੁਇ ਗੱਲਾਂ ਨਿਰੂਪਣ ਹੋ ਜਾਣਗੀਆਂ ਕਿ ਛੋਟੀ ਤੋਂ ਛੋਟੀ ਪੀੜਾ ਦਾ ਹਮਦਰਦੀ ਤੇ ਪਿਆਰ ਨਾਲ ਨਜਿੱਠਣ ਵਾਲਾ ਦਾਤਾ ਕੀਕੂੰ ਵੱਡੀ ਤੋਂ ਵੱਡੀ ਪ੍ਰੇਮ ਪੀੜਾਂ ਦੀ ਨਵਿਰਤੀ ਲਈ ਆਪਣੇ ਤੇ ਖੇਚਲਾਂ ਲੈਂਦਾ ਤੇ ਉਨ੍ਹਾਂ ਨੂੰ ਨਿਵਾਰਨ ਲਈ ਇਨਸਾਨੀ ਦਿਲ ਦਾ ਦੋਸਤ, ਪਿਆਰਾਂ ਦਾ ਸਾਂਈ ਕਿ ਤਾਰਨਹਾਰ ਦਾਤਾ ਹੋ ਕੇ ਅਮਲੀ ਜੀਵਨ ਵਿਚ ਵਰਤਦਾ ਸੀ। ਜਿਸ ਤੋਂ ਕਿ ਅਸਾਂ ਇਹ ਸੁਮਤਿ ਲੈਣੀ ਹੈ ਕਿ ਇਨਸਾਨ ਜਗਤ ਵਿਚ ਪਸ਼ੂ ਪੰਛੀਆਂ ਸਮਾਨ ਆਪਣੇ ਹੀ ਸੁਖ ਲਈ ਨਹੀਂ ਆਇਆ, ਇਸ ਦੇ ਅੰਦਰ ਅਕਲ ਤੋਂ ਵੱਖਰਾ ਜੋ ਵਲਵਲੇ ਦਾ ਗੁੰਝਲਦਾਰ ਪਿੰਨਾ ਹੈ, ਉਸ ਵਿਚ ਪ੍ਰੇਮ ਦਾ ਸੂਤ ਹੈ। ਅਰਥਾਤ ਉਹ ਪਿਆਰ ਦਾ ਕੁਦਰਤੀ ਸਾਮਾਨ ਹੈ ਇਸ ਦੀ ਫਿਤਰਤ ਵਿਚ ਹੈ ਜੋ ਇਸ ਦੇ ਅਗਿਆਨ ਨੇ ਅੜ ਅੜਾ ਕੇ ਗੁੰਝਲਦਾਰ ਕਰ ਛੱਡਿਆ ਹੈ ਤੇ ਜਿਸ ਦਾ ਫਲ ਨਾ ਆਤਮ ਸੁਖ ਨਿਕਲ ਰਿਹਾ ਹੈ ਤੇ ਨਾ ਇਸ ਤੋਂ ਜਗਤ ਨੂੰ ਸੁਖ ਪਹੁੰਚ ਰਿਹਾ ਹੈ। ਹਾਲਾਂਕਿ ਪ੍ਰਯੋਜਨ ਇਹ ਸੀ ਕਿ ਉਸ ਨਾਲ ਇਸ ਦੀ ਅਕਲ ਕਹੋ, ਬੁੱਧੀ, ਕਹੋ, ਵੀਚਾਰ ਸ਼ਕਤੀ ਕਹੋ, ਪੱਛਮੀ ਬੋਲੀ ਵਿਚ ਇੰਟੇਲੈਕਟ ਕਹੋ, ਇਸ ਨੇ ਰਸਦਾਇਕ ਹੋ ਕੇ ਵਰਤਣਾ ਸੀ। ਸਾਧ ਸੰਗਤ ਜੀ! ਨਿਰੀ ਅਕਲ ਆਦਮੀ ਨੂੰ ਨਜਾਯਵੇਤਾ ਤੇ ਨਜਾਯ ਦਾ ਵਰਤੀ ਤਾਂ ਬਣਾਉਂਦੀ ਹੈ, ਪਰ ਇਸ ਦੇ ਅੰਦਰ ਜੋ ਵਲਵਲੇ ਹਨ, ਯਾ ਵਧੇਰੇ ਸੋਹਣੀ ਤਰ੍ਹਾਂ ਕਹੋ, ਜੋ ਇਸ ਦੇ ਅੰਦਰ 'ਭਾਵ' ਹੈ, ਉਹ ਪ੍ਰੇਮ ਦਾ ਰੂਪ ਹੈ। ਸਾਰੀਆਂ ਹੁੱਬਾਂ ਪ੍ਰੇਮ ਦੇ ਹੀ ਪਰਤਵੇਂ ਸਰਤਵੇਂ ਰੂਪ ਹਨ। ਵਲਵਲੇ ਦੇ ਦੋ ਰੂਪ ਹਨ। ਇਕ ਤਾਂ ਸਾਡੇ ਵਲਵਲੇ ਪਸ਼ੂਆਂ ਨਾਲ ਸਾਂਝੇ ਤੇ ਉਨ੍ਹਾਂ ਵਰਗੇ ਹੀ ਹਨ। ਇਨ੍ਹਾਂ ਉਤੇ ਅਕਲ ਦਾ - ਬੁੱਧੀ ਦਾ ਕੁੰਡਾ ਲੋੜੀਦਾ ਹੈ, ਪਰ ਅਕਲ ਐਸੇ ਕਾਬੂ ਤੇ ਵਸੀਕਾਰ ਵਰਤਦੀ ਹੋਈ ਸਾਡੇ ਅੰਦਰਲੇ ਨੂੰ ਕਰੱਖਤ ਜੇਹਾ ਬਣਾ ਦਿੰਦੀ ਹੈ। ਸਾਡੇ ਅੰਦਰ ਇਕ ਉੱਚਾ ਵਲਵਲਾ ਹੈ ਯਾ ਇਉਂ ਕਹੋ ਕਿ ਸਾਡੇ ਅੰਦਰ ਜੋ ਭਾਵ ਹੈ ਉਸਦਾ ਇਕ ਸਰੂਪ ਉਚੇਰਾ ਹੈ। ਇਹ ਅਕਲ ਤੋਂ ਅਰਥਾਤ ਨਿਰੀ ਬੁੱਧੀ ਦੇ ਵਰਤਾਉ ਨਾਲ ਹੋ ਗਈ ਇਸ ਕਰਖਤਤਾਈ ਨੂੰ ਫੇਰ ਨਰਮੀ ਤੇ ਕੋਮਲਤਾ ਦਿੰਦਾ ਹੈ। ਹਾਂ, ਵਲਵਲੇ ਦਾ ਉੱਚਾ ਹਿੱਸਾ-ਅੰਦਰਲਾ ਭਾਵ ਇਸ ਅਕਲ ਤੋਂ ਉਚੇਰੀ ਵਸਤੂ ਹੈ। ਅਕਲ ਤੇ ਭਾਵ ਦੁਇ ਚੀਜ਼ਾਂ ਦਾ ਸਮ ਵਰਤਾਉ ਤੇ ਉਨਤੀ ਇਨਸਾਨ ਨੂੰ ਮੁਕੰਮਲ ਬਣਾ ਸਕਦੀ ਹੈ। ਨਿਰੇ ਵਲਵਲੇ ਵਿਚ ਦੌੜ ਭੱਜ ਹੈ ਪਿਆਰੀਆਂ ਲੱਗੀਆਂ ਚੀਜ਼ਾਂ ਵੱਲ, ਜਿਨ੍ਹਾਂ ਦੇ ਫਲ ਕਈ ਵੇਰ ਮਾੜੇ ਨਿਕਲਦੇ ਹਨ। ਇਹ ਹਿੱਸਾ ਸਾਡੇ ਮਨ ਦਾ ਹੈ, ਮਨ ਧਾਵਦਾ ਹੈ, ਯੋਗ ਅਯੋਗ ਸਭ ਕੁਛ ਵੱਲ। ਮਨ ਨੂੰ ਫੇਰ ਬੁੱਧੀ, ਜਿਸ ਵਿਚ ਤੋਲ ਵੱਸਦਾ ਹੈ, ਜਾਚ ਦੱਸਦੀ ਹੈ ਕਿ ਆਹ ਗੱਲ ਠੀਕ ਹੈ, ਸੁਖਦਾਈ ਹੈ, ਇਸਦਾ ਪ੍ਰਣਾਮ ਅੱਛਾ ਹੈ, ਆਹ ਗੱਲ ਮਾੜੀ ਹੈ, ਇਸਦਾ ਪ੍ਰਣਾਮ ਮਾੜਾ ਹੈ, ਸਰੀਰ ਲਈ ਮਾੜਾ ਹੈ, ਮਨ ਲਈ ਮੰਦਾ ਹੈ, ਆਤਮਾ ਲਈ ਬੰਧਨ ਰੂਪ ਹੈ, ਭਾਈਚਾਰੇ ਲਈ ਦੁਖਦਾਈ ਹੈ। ਇਸ ਤੋਲਣ ਵਾਲੀ ਤੇ ਸਦਾ ਹਿਸਾਬ ਕਰਨ ਵਾਲੀ ਬੁੱਧੀ ਨਾਲ, ਯਾ ਕਹੋ ਅਕਲ ਦੇ, ਇਸ ਗੁਣ ਨਾਲ ਨਿਰਨਾ ਹੋ ਜਾਂਦਾ ਹੈ, ਪਰ ਆਪੇ ਵਿਚ ਇਕ ਤਰ੍ਹਾਂ ਦੀ ਕਰਖਤਤਾ ਬੀ ਪੈਦਾ ਹੋ ਜਾਂਦੀ ਹੈ। ਉਸ ਨੂੰ ਕੋਮਲ ਕਰਨੇ ਲਈ ਉੱਚੇ ਵਲਵਲੇ ਯਾ ਭਾਵ ਦਾ ਫੇਰ ਕੰਮ ਆ ਪੈਂਦਾ ਹੈ। ਇਹ ਸੈ ਕਰਤਾ ਪੁਰਖ ਨੇ ਅੰਦਰ ਧਰੀ ਹੋਈ ਹੈ ਤੇ ਕਰਤਾ ਪੁਰਖ ਆਪ ਅੰਦਰ ਹੈ ਅਰਥਾਤ ਉਹ ਕਰਤਾਰ ਹਰੇਕ ਦੇ ਅੰਦਰ ਅੰਤਰਯਾਮੀ ਹੈ। ਅੰਤਰਯਾਮੀ ਦਾ ਮਤਲਬ ਹੈ ਉਹ ਅੰਦਰ ਬੈਠਾ ਹੈ। ਅੰਦਰ ਬੈਠਾ ਹੋਣ ਕਰਕੇ ਉਹ ਸਾਡੀ ਬੁੱਧੀ ਨੂੰ ਆਪਣੇ ਪ੍ਰੇਮ ਦਾ ਰੰਗ ਦਾਨ ਕਰਦਾ ਹੈ। ਇਸ ਕਰਕੇ ਖਾਲਸਾ ਜੀ ਰੋਜ਼ ਅਰਦਾਸ ਕਰਦੇ ਹਨ - ਮਨ ਨੀਵਾਂ, ਮਤਿ ਉਚੀ, ਮਤਿ ਕਾ ਰਾਖਾ ਵਾਹਿਗੁਰੂ ਹੋਵੇ। ਸੋ ਗੁਰੂ ਨਾਨਕ ਦੇਵ ਜੀ ਦਾ ਜੀਵਨ ਵਾਕਯਾ ਜੋ ਮੈਂ ਦੱਸਣਾ ਲੋੜਦਾ ਹਾਂ, ਉਸ ਤੋਂ ਸੁਮਤਿ ਮਿਲੇਗੀ ਕਿ ਸਾਨੂੰ ਕੀਕੂੰ ਬੁੱਧੀ ਦੀ ਤੋਲਣਾ ਤੇ ਫੇਰ ਹਮਦਰਦੀ ਵਾਲਾ ਪਿਆਰ ਕਰਨਾ ਲੋੜੀਦਾ ਹੈ ਜੋ ਸਾਨੂੰ ਸੁਖੀ ਤੇ ਜਗਤ ਦਾ ਸੁਖਦਾਈ ਬਣਾਵੇ ਤਾਂ ਜੋ ਜਗਤ ਵਿਚੋਂ ਕਸ਼ਟ ਘਟੇ ਤੇ ਮਿਟੇ।

ਲਾਹੌਰ ਸ਼ਹਿਰ ਵਿਚ ਉਸ ਸਮੇਂ ਇਕ ਵਪਾਰੀ ਸੀ ਮਨਸੁਖ ਨਾਮ ਦਾ। ਇਸ ਦੀ ਦੁਕਾਨ ਦੇਸ਼ ਦਾ ਵਪਾਰ ਬੀ ਕਰਦੀ ਸੀ ਤੇ ਪਰਦੇਸਾਂ ਵਿਚ ਬੀ ਇਸ ਦੇ ਲੈਣ ਦੇਣ ਤੇ ਵਪਾਰ ਸਨ। ਸੰਗਲਾਦੀਪ ਤਕ ਤੋਂ ਇਸਦੇ ਮਾਲ ਆਉਂਦੇ ਤੇ ਇਧਰ ਦੇ ਮਾਲ ਉਧਰ ਜਾਂਦੇ ਸਨ। ਇਕ ਦਿਨ ਇਸ ਦੀ ਦੁਕਾਨ ਤੇ ਇਕ ਭਗੀਰਥ ਨਾਮ ਦਾ ਗ੍ਰਾਹਕ ਆਇਆ ਤੇ ਉਸ ਨੇ ਕੁਛ ਮਾਲ ਕਿਹਾ ਲੈ ਦਿਓ ਯਾ ਆਪਣੇ ਪਾਸੋਂ ਦਿਵਾਓ। ਓਹ ਮਾਲ ਸੀ ਕਾਕੀ ਦੇ ਵਿਆਹ ਦੀ ਸੌਜ। ਮਨਸੁਖ ਦੇ ਆਦਰ ਨਾਲ ਬਿਠਾ ਲਿਆ ਤੇ ਕਿਹਾ ਕਿ ਆਪ ਸਾਡੇ ਆੜ੍ਹਤ ਵਾਲੇ ਮਕਾਨ ਤੇ ਉਤਾਰਾ ਕਰੋ, ਦੋ ਤ੍ਰੈ ਦਿਨਾਂ ਵਿਚ ਸਾਰਾ ਕੁਛ ਤਿਆਰ ਹੋ ਜਾਏਗਾ। ਭਗੀਰਥ ਨੇ ਆਖਿਆ - ਭਾਈ! ਮੈਂ ਲਾਹੌਰ ਵਿਚ ਇਕ ਰਾਤ ਤੋਂ ਵਧੀਕ ਨਹੀਂ ਰਹਿਣਾ, ਜੇ ਰਹਾਂ ਤਾਂ ਮੇਰਾ ਜਨਮ ਵਿਗੜੇਗਾ, ਸੋ ਜੋ ਕੁਛ ਹੋ ਸਕਦਾ ਹੈ ਕੱਲ੍ਹ ਤੱਕ ਸਾਰਾ ਪ੍ਰਬੰਧ ਕਰ ਦਿਓ। ਮਨਸੁਖ ਨੇ ਅਚੰਭਾ ਹੋ ਕੇ ਕਿਹਾ, ਭਲਾ ਹੋਵੀ ਸੱਜਣਾਂ! ਜੇ ਤੇਰਾ ਮਾਲਕ ਕੋਈ ਡਾਢਾ ਹੈ ਤੇ ਉਸਦਾ ਹੁਕਮ ਹੈ ਕਿ ਇਕ ਰਾਤ ਤੋਂ ਵਧੀਕ ਨਾ ਰਹਵੀ, ਤਾ ਤੇ ਹੋ ਸਕਦਾ ਹੈ ਕਿ ਵੱਧ ਰਹੇਂ ਤਾਂ ਉਹ ਤੈਨੂੰ ਦੰਡ ਦੇਵੇ? ਪਰ ਉਹ ਕੌਣ ਹੈ ਜਿਸ ਦੇ ਕਹੇ ਨੂੰ ਨਾ ਪੂਰਾ ਕਰਨੇ ਤੇ ਜਨਮ ਵਿਗੜਦਾ ਹੈ? ਭਗੀਰਥ ਨੇ ਕਿਹਾ, ਭਾਈ ਮੇਰਾ ਮਾਲਕ ਮੇਰੀ ਤਨਖਾਹ ਦੇਣ ਵਾਲਾ ਨਹੀਂ, ਉਹ ਮੇਰਾ ਗੁਰੂ ਹੈ ਤੇ ਗੁਰੂ ਦਾ ਹੁਕਮ ਪੂਰਾ ਨਾ ਕਰਨੇ ਤੇ ਜਨਮ ਵਿਗੜਦਾ ਹੈ। ਮਨਸੁਖ ਬੋਲਿਆ ਭਾਈ ਕਲੂਕਾਲ ਦਾ ਸਮਾਂ ਹੈ, ਮਤਲਬ ਲਈ ਗੁਰੂ, ਮਤਲਬ ਲਈ ਚੇਲੇ ਤੇ ਮਤਲਬ ਲਈ ਗੁਰੂ ਦੀ ਨੰਦਾ ਕਰਨ ਵਾਲੇ ਤੇ ਗੁਰੂ ਚੇਲੇ ਦੀ ਰਹੁਰਾਸ ਨੂੰ ਨਿੰਦਣ ਵਾਲੇ। ਐਸਾ ਕੌਣ ਗੁਰੂ ਇਸ ਜੁਗ ਵਿਚ ਹੈ ਕਿ

ਜਿਸਦਾ ਹੁਕਮ ਮੋੜਨੇ ਤੇ ਜਨਮ ਵਿਗੜ ਸਕਦਾ ਹੈ? ਭਗੀਰਥ ਨੇ ਕਿਹਾ - ਭਾਈ! ਹੈ ਤਾਂ ਉਹ ਤੇਰੇ ਵਰਗਾ ਗੱਦੀ ਲਾ ਕੇ ਬੈਠਾ ਹੋਯਾ ਹਟ ਪਟਣ ਬਾਜਾਰ ਵਾਲਾ, ਤੋਲਦਾ ਹੈ, ਦਿੰਦਾ ਹੈ ਤੇ ਵਪਾਰ ਕਰਦਾ ਹੈ, ਪਰ ਹੈ ਅਤੀਤਾਂ ਤੋਂ ਵੱਧ ਅਤੀਤ। ਮਾਇਆ ਨਾਲ ਮੋਹ ਨਹੀਂ, ਜਿੰਨੀ ਮਿਲਦੀ ਹੈਸ ਸਾਰੀ ਲੋੜਵੰਦਾਂ ਤੇ ਅਰ ਦੁਖੀਆਂ ਦੇ ਦੁਖ ਹਰਨ ਤੇ ਲਾ ਛੋੜਦਾ ਹੈ। ਫੇਰ ਆਪਣੇ ਸਾਂਈਂ ਨਾਲ ਐਸਾ ਜੁੜਿਆ ਹੈ ਕਿ ਉਸਦਾ ਰੂਪ ਹੋ ਗਿਆ ਹੈ, ਜਿਵੇਂ ਸੋਨੇ ਦਾ ਗੋਲਾ ਅੱਗ ਵਿਚ ਪਿਆ ਰਹੇ ਤਾਂ ਅੱਗ ਦਾ ਰੂਪ ਹੀ ਹੋ ਜਾਂਦਾ ਹੈ। ਭਾਈ ਮੈਨੂੰ ਸਮਝ ਨਹੀਂ, ਉਹ ਤਾਂ ਆਪ ਹੀ ਅਗਨੀ ਦਾ ਰੂਪ ਹੈ ਸਾਰਾ। ਸੋ ਉਸ ਦਾ ਹੁਕਮ ਪੂਰਾ ਕਰਨਾ ਆਪਣੇ ਆਪ ਨੂੰ ਉਸਦਾ ਪਿਆਰ ਪਾਤਰ ਬਨਾਉਣਾ ਹੈ। ਹੁਕਮ ਮੈਨੂੰ ਇਹ ਹੈ ਕਿ ਇਕ ਰਾਤ ਤੋਂ ਵੱਧ ਲਾਹੌਰ ਨਹੀਂ ਠਹਿਰਨਾ, ਜਾਪਦਾ ਹੈ ਕਿ ਜਿਸ ਲਈ ਇਹ ਸੌਜਤ ਅਣਵਾਈ ਹੈ, ਉਸ ਦਾ ਕਾਰਜ ਬਹੁਤ ਕਾਹਲੀ ਦਾ ਹੈ। ਮਨਸੁਖ ਬੋਲਿਆ - ਹੱਛਾ ਬਈ, ਪਰ ਅਚਰਜ ਹੈ ਕਲੂਕਾਲ ਤੇ ਐਸਾ ਪੂਰਾ ਗੁਰੂ ਮੈਂ ਬੀ ਬਹੁਤ ਤਲਾਸ਼ ਕੀਤੀ ਸੀ ਪਰ ਭਟਕਣਾ ਹੀ ਪੱਲੇ ਪਈ ਹੈ। ਹੱਛਾ.....ਤੇਰਾ ਕੰਮ ਕਰਦੇ ਹਾਂ ਸਾਨੂੰ ਬੀ ਲੈ ਚੱਲ ਖਾਂ ਨਾਲ, ਅਸੀਂ ਬੀ ਪਰਤਾਵਾ ਲਈਏ ਕਿ ਪੂਰਾ ਹੈ ਜੈਸਾ ਤੁਸਾਂ ਨੇ ਆਖਿਆ ਹੈ ਕਿ ਤੁਸੀਂ ਐਵੇਂ ਮੰਨ ਬੈਠੇ ਹੋ ਪੂਰਾ। ਭਗੀਰਥ ਬੋਲਿਆ - ਫੇਰ ਮੇਰਾ ਕਾਰਜ ਕਰ ਦਿਓ ਤੇ ਆਪ ਸੁਖਾਂ ਨਾਲ ਮੇਰੀਆਂ ਅੱਖੀਆਂ ਤੇ ਚੱਲੋ। ਮਨਸੁਖ ਨੇ ਆਖਿਆ - ਭਾਈ ਹੋਰ ਸਾਮਾਨ ਤਾਂ ਕੱਲ ਖਰੀਦ ਕੇ ਕੁਛ ਅੱਜ ਪ੍ਰਬੰਧ ਕਰਕੇ ਪਿਛਲੇ ਪਹਿਰ ਟੁਰ ਸਕਦੇ ਹਾਂ, ਪਰ ਚੂੜੇ ਦਾ ਕੰਮ ਔਖੇਰਾ ਹੈ, ਉਸਦੀ ਵਿਉਂਤ ਮੈਂ ਇਹ ਸੋਚੀ ਹੈ ਕਿ ਮੇਰੇ ਪਾਸ ਇਕ ਬਣਿਆ ਪਿਆ ਹੈ ਨਵਾਂ ਨਕੋਰ, ਉਹ ਲੈ ਚੱਲਦੇ ਹਾਂ, ਪਰ ਮੈਨੂੰ ਇਕ ਗੱਲ ਦੱਸ ਜੋ ਵਿਆਹ ਉਨ੍ਹਾਂ ਦੇ ਆਪਣੇ ਕਿਸੇ ਦਾ ਹੈ ਯਾ ਲੋੜਵੰਦ ਦਾ। ਭਗੀਰਥ ਨੇ ਕਿਹਾ, ਬਈ, ਵਿਆਹ ਹੈ ਇਕ ਮੇਰੀ ਜਾਚੇ ਗਰੀਬ ਹੋ ਗਏ ਦੀ ਧੀ ਦਾ। ਉਹ ਖਤਰੀ, ਅਣਖਾਂ ਵਾਲਾ, ਪਰ ਅਤਿ ਗਰੀਬ ਤੇ ਦੁਖੀ ਹੈ। ਉਸ ਆ ਕੇ ਅਰਦਾਸ ਕੀਤੀ ਸਹਾਇਤਾ ਲਈ, ਤਦ ਗੁਰੂ ਨੇ ਤਰਸ ਖਾਧਾ ਉਸਦੀ ਦੁਖ ਪੀੜਾ ਤੇ ਉਸ ਦੀ ਅਣਖ ਤੇ ਇੱਜ਼ਤ ਤੇ, ਚੰਗੇ ਘਰ ਮੰਗੀ ਧੀ ਥੋੜਾ ਬਹੁਤ ਦਾਜ ਦੌਣ ਦਿੱਤੇ ਬਿਨਾ ਵਿਆਹੀ ਨਹੀਂ ਜ ਸਕਦੀ। ਚਾਹੇ ਥੋੜ੍ਹਾ ਹੋਵੇ, ਪਰ ਤਦ ਬੀ ਸਾਲੂ ਵਿਚ ਲਪੇਟਣਾ ਤੇ ਦੰਦ ਦੇ ਚੂੜੇ ਨਾਲ ਹੀ ਸਹੀ ਹੱਥ ਰਤੇ ਕਰਕੇ ਟੋਰਨਾ ਤੇ ਚਾਰ ਸਰੀਰਾਂ ਦੇ ਹੱਥ ਧੁਆ ਕੇ ਟੋਰਨਾ, ਇੰਨਾਂ ਤਾਂ ਜ਼ਰੂਰੀ ਹੋਇਆ ਨਾ। ਇਸ ਕਰਕੇ ਉਸ ਹਰ ਇਨਸਾਨੀ ਪੀੜਾ ਨੂੰ ਹਰਨਹਾਰ ਤੇ ਪਿਆਰਾਂ ਦੇ ਸਾਂਈਂ ਮੇਰੇ ਗੁਰੂ ਨੇ ਮੈਨੂੰ ਟੋਰਿਆ ਕਿ ਲਾਹੌਰੋਂ ਜਾ ਕੇ ਸਾਮਾਨ ਲੈ ਆਓ। ਇਸ ਤਰ੍ਹਾਂ ਦੀ ਵਾਰਤਾਲਾਪ ਦੇ ਮਗਰੋਂ ਭਗੀਰਥ ਨੇ ਆਰਾਮ ਕੀਤਾ ਤੇ ਅਗਲੇ ਦਿਨ ਸਾਰਾ ਸਾਮਾਨ ਲੈ ਕੇ ਦੋਇ ਜਣੇ ਟੁਰ ਪਏ। ਜਦ ਸੁਲਤਾਨਪੁਰੇ ਗੁਰੂ ਜੀ ਪਾਸ ਪਹੁੰਚੇ ਤਾਂ ਗੁਰੂ ਬਾਬੇ ਆਖਿਆ -

ਆਉ ਭਗੀਰਥ ਪਰਉਪਕਾਰੀ।
ਮਨ ਮਯਾਗਰ ਗੀਤਿ ਵਿਚਾਰੀ।
ਪੂਰਬ ਥੋ ਮਨਸੁਖ ਇਹ ਕਾਚਾ॥
ਕੀਓ ਚਹਤ ਨਾਮ ਅਬ ਸਾਚਾ॥

ਆ ਭਾਈ ਮਨਸੁਖ! ਸੁਖੀ ਨਹੀਂ ਮਨ ਤੋਂ ਪਰ ਹੁਣ ਮਨ ਸੁਖੀ ਹੋ ਵੈਸੀ। ਬਿਨਾਂ ਦੱਸੇ ਆਉਂਦੇ ਸਾਰ ਆਪਣਾ ਨਾਮ ਸੁਣ ਕੇ ਮਨਸੁਖ ਅਚੰਭਾ ਰਹਿ ਗਿਆ। ਫੇਰ ਸਤਿਗੁਰ ਦੇ ਚਿਹਰੇ ਦਾ ਜਲਾਲ ਨਜ਼ਰੀਂ ਪਿਆ, ਚਰਨੀਂ ਪੈ ਗਿਆ, ਦਿਲ ਖੁਸ਼ ਹੋ ਗਿਆ। ਫੇਰ ਉਥੇ ਹੀ ਰਹਿ ਪਿਆ। ਗੁਰੂ ਦੀ ਰਹੁਰੀਤਿ ਵੇਖੀ, ਸਿੱਖਿਆ ਲਈ, ਅਮਲ ਕੀਤਾ ਤਾਂ ਸੱਚੀਮੁਚੀ ਉਸਦਾ ਮਨ ਸੁਖੀ ਹੋ ਗਿਆ। ਉਸ ਨੇ ਨਾਮ ਆਰਾਧਿਆ, ਬਾਣੀ ਸਿੱਖੀ ਤੇ ਯਾਦ ਕੀਤੀ। ਬਾਣੀ ਪੜ੍ਹੇ ਵੀਚਾਰੇ ਕੀਰਤਨ ਬੀ ਕਰੇ। ਫੇਰ ਕੁਛ ਸਮੇਂ ਬਾਅਦ ਲਾਹੌਰ ਗਿਆ ਤੇ ਉਥੋਂ ਇਸਨੂੰ ਆਪਣੇ ਕਾਰ ਵਿਹਾਰ ਸੰਗਲਾਦੀਪ ਨੂੰ ਲੈ ਟੁਰੇ। ਜਦ ਇਹ ਸੰਗਲਾਦੀਪ ਦੇ ਉਤਰੀ ਹਿੱਸੇ ਵਿਚ ਆ ਟਿਕਿਆ ਤਾਂ ਉਥੋਂ ਦੇ ਲੋਕ ਇਸ ਦੀ ਕਿਰਿਆ ਵੇਖ ਕੇ ਅਚਰਜ ਹੋਏ ਜੋ ਇਹ ਨਾ ਏਕਾਦਸ਼ੀ ਆਦਿ ਦਾ ਬ੍ਰਤ ਰੱਖੇ, ਨਾ ਠਾਕੁਰ ਪੂਜਾ ਕਰੇ, ਨਾ ਦਿਨ ਚੜ੍ਹੇ ਨ੍ਹਾਵੇ, ਕੋਈ ਕਰਮ ਕਾਂਡ ਦੀ ਬਾਤ ਉਨ੍ਹਾਂ ਲੋਕਾਂ ਵਾਲੀ ਨਾ ਕਰੇ, ਅੰਮ੍ਰਿਤ ਵੇਲੇ ਜਾਗੇ, ਪਹਿਰ ਰਾਤ ਰਹਿੰਦੀ ਨਾਲ ਇਸ਼ਨਾਨ ਕਰੇ, ਨਹਾ ਕੇ ਨਾਮ ਦਾ ਜਪ ਸਿਮਰਨ ਕਰੇ ਤੇ ਆਪਣੀ ਲਿਖ ਕੇ ਨਾਲ ਆਂਦੀ ਪੋਥੀ ਤੋਂ ਬਾਣੀ ਪੜ੍ਹੇ, ਵੀਚਾਰੇ, ਫੇਰ ਦਿਨ ਚੜ੍ਹੇ ਪ੍ਰਸਾਦ ਪਾ ਕੇ ਆਪਣੇ ਵਿਹਾਰ ਤੇ ਚਲਾ ਜਾਵੇ, ਸੰਧਿਆ ਹੋਈ ਤੇ ਟਿਕਾਣੇ ਆ ਕੇ ਕੀਰਤਨ ਕਰੇ ਬਾਣੀ ਦਾ। ਇਸ ਦੀ ਇਹ ਕਿਰਿਆ ਦੇਖ ਕੇ ਉਨ੍ਹਾਂ ਲੋਕਾਂ ਵਿਚ ਚਰਚਾ ਟੁਰ ਪਈ, ਹੁੰਦੇ ਹੁੰਦੇ ਇਹ ਚਰਚਾ ਉਸ ਤਾਂ ਦੇ ਰਾਜੇ ਸ਼ਿਵਨਾਭ ਪਾਸ ਪਹੁੰਚੀ। ਤਦ ਰਾਜੇ ਬੁਲਾ ਘੱਲਿਆ ਤੇ ਉਸ ਤੋਂ ਉਸ ਦੇ ਕਰਮਭ੍ਰਿਸ਼ਟ ਹੋਣ ਦਾ ਕਾਰਣ ਪੁੱਛਿਆ। ਮਨਸੁਖ ਨੇ ਆਖਿਆ, ਹੇ ਰਾਜਾ ਇਕ ਟਿਕਾਣੇ ਤੋਂ ਦੂਸਰੇ ਟਿਕਾਣੇ ਪਹੁੰਚਣੇ ਲਈ ਦੋ ਰਸਤੇ ਹੁੰਦੇ ਹਨ, ਇਕ ਤਾਂ ਹੈ ਸੜਕੇ ਸੜਕ ਧਰਤੀ ਉਤੇ ਜਿਵੇਂ ਇਕ ਕੀੜੀ ਆਪਣੀ ਖੁੱਡ ਤੋਂ ਵਾਂਛਤ ਪਦਾਰਥ ਕੋਲ ਜਾਂਦੀ ਹੈ, ਦੂਜੀਆਂ ਉਸ ਦੇ ਮਗਰ ਹੋ ਟੁਰਦੀਆਂ ਹਨ, ਇਉਂ ਰਾਹ ਬਣ ਜਾਂਦਾ ਹੈ, ਇਸ ਨੂੰ ਕੀਟੀ ਮਾਰਗ ਆਖ ਲਓ। ਦੂਸਰਾ ਰਾਹ ਹੈ ਪੰਛੀ ਦਾ, ਉਹ ਆਪਣੇ ਬ੍ਰਿਛ ਤੋਂ ਆਪਣੇ ਵਾਂਛਤ ਪਦਾਰਥ ਦੇ ਕੋਲ ਜਾਣ ਲਈ ਉਡ ਕੇ ਜਾਂਦਾ ਹੈ। ਇਸਦੇ ਮਾਰਗ ਨੂੰ ਬਿਹੰਗਮ ਮਾਰਗ ਕਹੀਦਾ ਹੈ। ਇਹ ਸਿੱਧਾ ਇਕ ਸੇਧ ਬੰਨ੍ਹ ਕੇ ਜਾਂਦਾ ਹੈ। ਤਿਸੀ ਤਰ੍ਹਾਂ ਤੁਸੀਂ ਜਿਸ ਕਰਮਕਾਂਡ ਦੇ ਰਸਤੇ ਟੁਰਦੇ ਹੋ ਉਹ ਹੈ ਕੀਟੀ ਮਾਰਗ। ਤੁਰੇ ਰਹੋ ਕੀੜੀ ਵਾਂਗ। ਜਿਸ ਰਾਹੇ ਮੈਂ ਟੁਰਦਾ ਹਾਂ ਉਹ ਹੈ ਬਿਹੰਗਮ ਮਾਰਗ। ਮੈਂ ਉਡਾਰੀ ਮਾਰ ਕੇ ਪਹੁੰਚਦਾ ਹਾਂ, ਲੀਕ, ਪਹੇ, ਪਗਡੰਡੀ ਦੀ ਮੈਨੂੰ ਲੋੜ ਨਹੀਂ ਹੈ। ਮੇਰੀ ਇਕ ਸੇਧ ਹੈ ਸਿੱਧੀ, ਉਸ ਪਰ

(ਬਾਕੀ ਪੰਨਾ 37 ਤੇ)

ਅਲੌਕਿਕ ਜੀਵਨ ਕਥਾ

ਸੰਤ ਮਹਾਰਾਜ ਸੰਤ ਬਾਬਾ ਵਰਿਆਮ ਸਿੰਘ ਜੀ ਰਤਵਾੜਾ ਸਾਹਿਬ

ਹਰਿ ਕੇ ਸੇਵਕ ਸੋ ਹਰਿ ਜਾਏ ਤਿਨ੍ ਕੀ ਕਥਾ ਨਿਰਾਰੀ ਰੇ॥
ਆਵਹਿ ਨ ਜਾਹਿ ਨ ਕਬਹੂ ਮਰਤੇ ਪਾਰਬ੍ਰਹਮ ਸੰਗਾਰੀ ਰੇ॥ ਅੰਗ - 855

ਸੰਤ ਬਾਬਾ ਹਰਪਾਲ ਸਿੰਘ ਜੀ ਰਤਵਾੜਾ ਸਾਹਿਬ

ਪਰਮੇਸ਼ਰ ਜੀ ਵੱਲੋਂ ਸਮੇਂ-ਸਮੇਂ ਇਸ ਧਰਤੀ ਦੇ ਰੰਗ-ਮੰਚ ਉਪਰ ਧੁਰੋਂ ਹੀ ਬਖਸ਼ੀਆਂ ਰੂਹਾਂ ਸੰਸਾਰ ਦੇ ਭਲੇ ਵਾਸਤੇ ਭੇਜੀਆਂ ਜਾਂਦੀਆਂ ਹਨ। ਅਨੇਕਾਂ ਬਖਸ਼ੀਆਂ ਰੂਹਾਂ ਪ੍ਰਮੇਸ਼ਰ-ਪ੍ਰਭੂ ਦੀ ਲਾਈ ਡਿਊਟੀ ਮੁਤਾਬਿਕ ਆਪ ਨਾਮ ਜਪਦੇ ਹੋਏ ਹੋਰਨਾਂ ਨੂੰ ਵੀ ਨਾਮ ਜਪਾਉਂਦੇ ਹਨ-

ਕਬੀਰ ਸੇਵਾ ਕਉ ਦੁਇ ਭਲੇ ਏਕੁ ਸੰਤ ਇਕੁ ਰਾਮੁ॥
ਰਾਮੁ ਜੁ ਦਾਤਾ ਮੁਕਤਿ ਕੋ ਸੰਤ ਜਪਾਵੈ ਨਾਮੁ॥
ਅੰਗ - 1373




ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ ਰਤਵਾੜਾ ਸਾਹਿਬ

20ਵੀਂ ਸਦੀ ਵਿਚ ਬਹੁਤ ਹੀ ਮਹਾਨ ਪਵਿੱਤਰ ਆਤਮਾ, ਕਰਨੀ ਕਮਾਈ ਦੇ ਸੂਰੇ ਸੇਵਾ ਸਿਮਰਨ ਵਿਚ ਪੂਰੇ ਬਹੁ ਪੱਖੀ ਸ਼ਖਸ਼ੀਅਤ ਦੇ ਮਾਲਕ, ਯੁਗ ਪੁਰਸ਼ ਸੰਤ ਮਹਾਰਾਜ ਸੰਤ ਬਾਬਾ ਵਰਿਆਮ ਸਿੰਘ ਜੀ ਵਿਸ਼ਵ ਗੁਰਮੱਤ ਰੂਹਾਨੀ ਮਿਸ਼ਨ ਚੈਰੀਟੇਬਲ ਟਰਸਟ ਰਤਵਾੜਾ ਸਾਹਿਬ ਦੇ ਬਾਨੀ ਨੇ 17 ਜੂਨ 1918 ਦੇ ਪਵਿੱਤਰ ਦਿਹਾੜੇ ਉਪਰ ਮਾਤਾ ਇੰਦ ਕੌਰ ਜੀ ਅਤੇ ਪਿਤਾ ਜਥੇਦਾਰ ਕਰਤਾਰ ਸਿੰਘ ਜੀ ਦੇ ਗ੍ਰਹਿ ਵਿਖੇ ਸਰੀਰ ਧਾਰਨ ਕਰਦੇ ਹੋਏ ਸੰਸਾਰ ਉਪਰ ਆਵਤਰਣ ਕੀਤਾ। ਆਪ ਜੀ ਨੇ ਪੰਜ ਸਾਲ ਪਹਿਲਾਂ ਵੀ ਇਸੇ ਗ੍ਰਹਿ ਵਿਖੇ ਸਰੀਰ ਧਾਰਨ ਕੀਤਾ ਸੀ। ਪੰਜ ਸਾਲ ਦੀ ਉਮਰ ਵਿਚ ਸਰੀਰ ਤਿਆਗਣ ਸਮੇਂ ਆਪਣੀ ਮਾਤਾ ਨਾਲ ਵਾਅਦਾ ਕਰਦੇ ਹੋਏ ਕਿ ਕਿਹਾ ਇੱਕ ਸਾਲ ਬਾਅਦ ਇਸੇ ਹੀ ਗ੍ਰਹਿ ਵਿਖੇ ਸਰੀਰ ਧਾਰਨ ਕਰਾਂਗਾ ਅਤੇ ਜੋ ਮੱਰਦੀਆਂ ਬਚਪਨ ਦੀਆਂ ਖੇਡਾਂ ਦਾ ਸਮਾਨ ਕਪੜੇ ਇਤਿਆਦਿਕ ਹਨ ਇਹ ਸੰਭਾਲ ਕੇ ਰੱਖਣੇ ਇਨ੍ਹਾਂ ਦੀ ਹੀ ਵਰਤੋਂ ਆ ਕੇ ਕਰਾਂਗਾ। ਇਸ ਤਰ੍ਹਾਂ ਦੇ ਅਲੌਕਿਕ ਬਚਨ ਕਰਦੇ ਹੋਏ ਆਪ ਜੀ ਨੇ ਆਪਣੇ ਸਰੀਰ ਦਾ ਪਰੀਤਿਆਗ ਕਰ ਦਿਤਾ ਸੀ। ਉਸ ਸਮੇਂ ਆਪ ਜੀ ਦੇ ਸਰੀਰ ਦਾ ਨਾਮ ਹਰਨਾਮ ਸਿੰਘ ਸੀ। ਇਸ ਤੋਂ ਵੀ ਪਹਿਲਾਂ ਉਦਾਸੀਨ ਸਾਧੂ ਸੱਚਖੰਡਵਾਸੀ ਸੰਤ ਬਲਦੇਵ ਦਾਸ ਮੁਗਲ ਮਾਜਰੀ ਵਾਲਿਆਂ ਨੇ ਨੇ ਵੀ ਆਪਣੇ ਅੰਤਰੀਵ ਦੇ ਪ੍ਰਵਚਨ ਆਪ ਜੀ ਨਾਲ ਸਾਝੇਂ ਕਰਦੇ ਕਿਹਾ ਸੀ ਕਿ ਆਪ ਜੀ ਸਾਡੇ ਹੀ ਭੇਖ ਉਦਾਸੀਨ ਭੇਖ ਵਿਚ ਪਿਛਲੇ ਜਨਮ ਵਿਚ ਮਹਾਨ ਤਪ ਕੀਤਾ ਹੈ। ਆਪ ਜੀ ਵੀ ਆਪਣੇ ਅਨੁਭਵ ਤੋਂ ਦਸਦੇ ਹੁੰਦੇ ਕਿ ਕਿਵੇਂ ਅਸੀਂ ਸ਼ਿਵਾਲਿਕ ਦੀਆਂ ਪਹਾੜੀਆਂ ਦੇਵ ਭੂਮੀ ਵਿਚ ਤਪ, ਤਤਖਿਸ਼ਾ ਸਾਧਨ ਕਰਦੇ ਸੀ। ਪਹਾੜਾਂ ਦੀਆਂ ਕਦਰਾਂ ਵਿਚ ਆਪਣਾ ਤਪ ਅਸਥਾਨ ਆਪ ਜੀ ਨੇ ਸੰਗਤਾਂ ਨੂੰ ਨਾਲ ਲਿਜਾ ਕੇ ਦਿਖਾਇਆ ਸੀ ਜਿਥੇ ਅੱਜ ਵੀ ਨਦੀ ਕਿਨਾਰੇ ਖੂਹ ਹੈ ਅਤੇ ਪਿਪਲ ਬਰੋਟੇ ਦੇ ਦਰਖਤ ਬਰੋਟੀ ਬੰਦੀ ਇਲਾਕੇ ਵਿਚ

ਮੌਜੂਦ ਹਨ। ਇਹ ਰੂਹਾਂਡੇ ਬੀ.ਜੀ. (ਧਰਮ ਸੁਪਤਨੀ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ) ਉਸ ਸਮੇਂ ਸਾਡੇ ਨਾਲ ਹੀ ਹੁੰਦੇ ਸਨ। ਉਸ ਸਮੇਂ ਅਸੀਂ ਅਖੰਡ ਬ੍ਰਹਮਚਰਿਯ ਦੇ ਧਾਰਨੀ ਹੁੰਦੇ ਸੀ ਅਤੇ ਇਸ ਬੀਬੀ ਨੇ ਵੀ ਵਿਆਹ ਨਾ ਕਰਵਾ ਕੇ ਸਾਡੇ ਧੂਣੇ ਆਦਿ ਦੀ ਅਨਿਕ ਪ੍ਰਕਾਰ ਸੇਵਾ ਕੀਤੀ ਸੀ। ਇਹ ਸਾਡਾ ਸਾਰਿਆਂ ਦਾ ਜਨਮਾਂ-ਜਨਮਾਂ ਤੋਂ ਮੇਲ ਮਿਲਾਪ ਚਲਿਆ ਆ ਰਿਹਾ ਹੈ-

ਜੁਗਿ ਜੁਗਿ ਵਿਛੁੜੇ ਵਿਛੁੜਿ ਜੁਗੇ॥ ਜੋਇ ਜੋਇ ਮੁਏ ਮੁਏ ਜੋਵੇ॥ ਕੋਤਿਆ ਕੇ ਬਾਪ ਕੋਤਿਆ ਕੇ ਬੇਟੇ ਕੋਤੇ ਗੁਰ ਚੇਲੇ ਹੂਏ॥ ਆਗੈ ਪਾਛੈ ਗਣਤ ਨ ਆਵੈ ਕਿਆ ਜਾਤੀ ਕਿਆ ਪੂਟਿ ਹੂਏ॥ ਸਭ ਕਰਣਾ ਕਿਰਤੁ ਕਰਿ ਲਿਖੀਐ ਕਰਿ ਕਰਿ ਕਰਤਾ ਕਰੇ ਕਰੇ॥ ਮਨਮੁਖਿ ਮਰੀਐ ਗੁਰਮੁਖਿ ਤਰੀਐ ਨਾਨਕ ਨਦਰੀ ਨਦਰਿ ਕਰੇ॥

ਅੰਗ - 1238



ਸੰਤ ਹੀਰਾ ਸਿੰਘ ਜੀ ਮਹਾਰਾਜ ਵਾਲਾ ਸਾਹਿਬ

ਇਸੇ ਤਰ੍ਹਾਂ ਨਾਲ ਪਰਮ ਪੂਜਯ ਸਤਿਕਾਰ ਬੀ.ਜੀ. ਦਾਊਦਪੁਰੀਏ ਦੇ ਪਿਤਾ ਸੱਚਖੰਡ ਵਾਸੀ ਸ੍ਰੀ ਮਾਨ ਸੰਤ ਬਾਬਾ ਹੀਰਾ ਸਿੰਘ ਜੀ ਦਾਊਦਪੁਰੀਏ ਇਕ ਵਾਰੀ ਆਪ ਜੀ ਦੇ ਸਰੀਰ ਧਾਰਨ ਤੋਂ ਅੱਠ ਸਾਲ ਪਹਿਲਾਂ ਭਾਈ ਸਾਹਿਬ ਰਣਧੀਰ ਸਿੰਘ ਜੱਥੇ ਨਾਲ ਆਪ ਦੇ ਗ੍ਰਿਹ ਧਮੋਟ ਵਿਖੇ ਪਾਠ ਕਰਨ ਆਏ ਸਨ। ਗੁਰਬਾਣੀ ਪਾਠ ਦੇ ਭੋਗ ਉਪਰੰਤ ਸ੍ਰੀ ਮਾਨ ਸੰਤ ਬਾਬਾ ਹੀਰਾ ਸਿੰਘ ਜੀ ਦਾਊਦਪੁਰੇ ਵਾਲਿਆਂ ਅੱਜ ਤੋਂ ਲਗਭਗ 8 ਸਾਲ ਬਾਅਦ ਇਥੇ ਇਸ ਘਰ ਵਿਚ ਬਹੁਤ ਹੀ ਕਰਨੀ ਕਮਾਈ ਵਾਲੀ ਬਖਸ਼ੀ ਰੂਹ ਨੇ ਆਉਣਾ ਹੈ ਅਤੇ ਸਾਡੇ ਵੀ ਘਰ ਦਾਊਦਪੁਰ ਇਕ ਬਹੁਤ ਹੀ ਬਖਸ਼ੀ ਹੋਈ ਰੂਹ ਨੇ ਬੱਚੀ ਦੇ ਸਰੀਰ ਅੰਦਰ ਆਉਣਾ ਹੈ। ਇਸ ਤਰ੍ਹਾਂ ਆਉਣ ਵਾਲੀਆਂ ਰੂਹਾਂ ਦਾ ਇਸ ਦਰਗਾਹੀ ਸੰਜੋਗ ਹੈ।

ਉਪਰੋਕਤ ਮਹਾਂਪੁਰਸ਼ਾਂ ਦੇ ਭਵਿਖ ਵਾਕ ਅਨੁਸਾਰ ਅਤੇ ਆਪਣੀ ਮਾਤਾ ਨਾਲ ਕੀਤੇ ਹੋਏ ਵਾਦੇ ਮੁਤਾਬਿਕ ਆਪਣੇ ਗ੍ਰਿਹ ਨਗਰ ਧਮੋਟ, ਤਹਿਸੀਲ ਪਾਇਲ, ਜਿਲਾ ਲੁਧਿਆਣਾ ਪੰਜਾਬ ਦੀ ਧਰਤੀ ਉਪਰ ਪਹਿਲਾ ਹੀ ਮਿਥੇ ਸਮੇਂ ਮੁਤਾਬਿਕ 17 ਜੂਨ 1918 ਦੇ ਪਵਿੱਤਰ ਦਿਹਾੜੇ ਉਪਰ ਆਉਣਾ ਹੋਇਆ ਸੀ।

ਇਹ ਹੀ ਅਗੰਮੀ ਬਚਨ ਸੱਚਖੰਡਵਾਸੀ ਸ੍ਰੀ ਮਾਨ ਸੰਤ ਬਾਬਾ ਹੀਰਾ ਸਿੰਘ ਜੀ ਦਾ ਉਹ ਦਾਊਦਪੁਰੀ ਵਾਲਿਆਂ ਦੇ ਸਮੇਂ ਅਨੁਸਾਰ ਪ੍ਰਤੱਖ ਵਰਤ ਰਹੇ ਸਨ। ਬਾਬਾ ਹੀਰਾ ਸਿੰਘ ਜੀ ਵਾਰ ਕਰਨੀ ਕਮਾਈ ਦੇ ਮਾਲਕ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਅਖੰਡ ਕੀਰਤਨੀ ਜਥੇ ਵਾਲਿਆਂ ਨੇ ਆਪਣੀ ਪੁਸਤਕ ਰੇਗਲੇ ਸੱਜਣ ਦੇ ਵਿੱਚ ਸ੍ਰੀ ਮਾਨ ਸੰਤ ਭਾਈ ਹੀਰਾ ਸਿੰਘ ਜੀ ਦੇ ਜੀਵਨ ਸਿਰਲੇਖ ਹੇਠ ਪ੍ਰਕਾਸ਼ਿਤ ਕੀਤਾ ਹੈ।

ਸਿਰੀ ਮਾਨ ਸੰਤ ਭਾਈ ਹੀਰਾ ਸਿੰਘ ਜੀ ਦਾਊਦਪੁਰੀਏ

ਇਹ ਗੁਰਮੁਖ ਪਿਆਰੇ ਸਿਰੀ ਭੈਣ ਹਰਬੰਸ ਕੌਰ ਜੀ ਦੇ ਸੱਕੇ ਚਾਚੇ ਸਨ ਜੈਸਾ ਕਿ ਅੱਗੇ ਵੀ ਜ਼ਿਕਰ ਆ ਚੁੱਕਿਆ ਹੈ। ਮੁੱਢ ਜਨਮ ਤੋਂ ਹੀ ਇਹ ਗੁਰਮੁਖ ਸੰਜਣ ਸੋਲ ਸੁਭਾਵੀ ਸੰਤ ਸਰੂਪ ਸਨ। ਖੰਡੇ ਦਾ ਅੰਮ੍ਰਿਤ ਛਕਣ ਨੇ ਸੋਨੇ ਤੇ ਸੁਹਾਗੇ ਦਾ ਕੰਮ ਕੀਤਾ। ਭਜਨ ਅਭਿਆਸ ਵਿਚ ਐਸੇ ਅਰੂੜ੍ਹ ਹੋਏ ਕਿ ਸਾਰੀ ਸਾਰੀ ਰਾਤ ਦੋਵੇਂ ਭੁਜ ਜੋੜ ਗਲ ਵਿਚ ਪੱਲਾ ਪਾ ਕੇ ਅਤੇ ਇਕ ਟੰਗ ਖੜ੍ਹੇ ਹੋ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਅਖੰਡਕਾਰ ਬਿਰਤੀ ਵਿਚ ਸਾਵਧਾਨ ਹੋ ਕੇ ਅਨਿੰਨ ਅਭਿਆਸ

ਕਮਾਈਆਂ ਕਰਨੀਆਂ, ਇਨ੍ਹਾਂ ਦਾ ਨਿਤ ਦਾ ਗੁਰਮਤਿ ਉਦਮੀ ਕਰਮ ਸੁਕਰਮ ਸੀ। ਅਕਾਲ ਪੁਰਖ ਦੀ ਜੋਤਿ ਪ੍ਰਕਾਸ਼ ਦੇ ਦਰਸ਼ਨਾਂ ਦਾ ਜੋ ਚਾਉ ਉਮਾਹ ਇਨ੍ਹਾਂ ਦੇ ਹਿਰਦੇ ਅੰਦਰ ਸੀ, ਉਹ ਵਿਰਲਿਆਂ ਹੀ ਅਭਿਆਸੀ ਜਨਾਂ ਦੇ ਅੰਦਰ ਦੇਖਿਆ ਪਾਖਿਆ ਗਿਆ ਹੈ। ਘੰਟਿਆਂ ਬੱਧੀ ਹੀ ਵੈਰਾਗ ਅੰਦਰ ਪੂਰਤ ਹੋ ਕੇ ਇਕਾਂਤ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਕਰਦੇ ਰਹਿਣਾ। ਪਾਠ ਕਰਦਿਆਂ ਅੰਤਰਮੁੱਖੀ ਸੋਦੜੀਆਂ ਜੋਤਿ ਵਿਗਾਸੀ ਦਰਸ਼ਨਾਂ ਦੀਆਂ ਹੀ ਰੋਮ ਰੋਮ ਹੁੰਦੀਆਂ ਰਹਿਣੀਆਂ। ਸਿਰੀ ਭਾਈ ਸੰਤ ਹੀਰਾ ਸਿੰਘ ਜੀ ਬੜੇ ਉਤਮ ਅਤੇ ਸ਼ੁਧ ਅਖੰਡ ਪਾਠੀ ਹੋਏ ਹਨ। ਸ਼ੁਧ ਪਾਠ ਤੇ ਅਖੰਡ ਪਾਠ ਕਰਦਿਆਂ ਹੋਇਆਂ ਨਾਲੋ ਨਾਲ ਹੀ ਅਖੰਡ ਭਜਨ ਅਭਿਆਸ ਲਗਾਤਾਰੀ ਲਿਵ ਅਭਿਆਸ ਵਿਚ ਹੀ ਹੁੰਦਿਆਂ ਰਹਿਣਾ।



ਸੰਤ ਮਾਤਾ ਬੀਬੀ ਰਣਜੀਤ ਕੌਰ ਜੀ ਰਤਵਾੜਾ ਸਾਹਿਬ

ਇਕ ਦਿਨ ਦਾ ਜ਼ਿਕਰ ਹੈ ਕਿ ਗੁਰਦੁਆਰੇ ਦੇ ਸਾਰੇ ਬੂਹੇ ਅੰਦਰੋਂ ਬੰਦ ਕਰ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਾਬਿਆ ਬੈਠਦਿਆਂ ਨੂੰ ਹੀ ਉਹ ਅਗੰਮੀ ਝਰਨਾਹਟ ਭਜਨ-ਪਿਆਰ ਦੀ ਛਿੜੀ ਕਿ ਉਨ੍ਹਾਂ ਨੂੰ ਕੋਈ ਸੁਧ ਬੁਧ ਨਾ ਰਹੀ। ਛੇਤੀਂ ਹੀ ਆਪਣਾ ਆਪ ਸੰਭਾਲ ਕੇ ਗੁਪਤ ਅਰਦਾਸ ਵਿਚ ਜੁਟ ਗਏ। ਅਜੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਰੁਮਾਲ ਉਤਾਰ ਕੇ ਪਾਠ ਕਰਨਾ ਹੀ ਅਰੰਭਿਆ ਸੀ ਕਿ ਇਕ-ਦਮ ਹੀ ਅੰਤਰ-ਆਤਮੇ ਜੋਤਿ ਵਿਗਾਸ ਦਾ ਉਘਾੜ ਹੋ ਗਿਆ, ਜੋ ਉਨ੍ਹਾਂ ਤੋਂ ਝਲਿਆ ਨਾ ਜਾਵੇ। ਸਾਰਾ ਸਰੀਰ ਹਲਕਾ ਫੁਲਕਾ ਅਮਿਓ ਰਸਾਇਣੀ ਉਡਣ-ਖਟੋਲਾ ਬਣ ਗਿਆ। ਅਮਿਓ ਰਸ ਰਸਾਇਣੀ ਲਿਵ ਵਿਚ ਮਗਨਾਰ ਹੋ ਕੇ ਨਾਭੀ ਵਿਚ ਸ੍ਵਾਸ ਅਭਿਆਸੀ ਖੰਡੇ ਨੂੰ ਜਦੋਂ ਦਬਾਇਆ ਤਾਂ ਦੂਜੀ ਛਿਨ ਵਿਚ ਸਹਿਜ ਸੁਭਾਅ ਹੀ ਤਾਬਿਆ ਵਿਚ ਬੈਠੇ ਐਸੇ ਉਛਲੇ ਕਿ ਸਰੀਰ ਸਮੇਤ ਹੀ ਗੁਰਦੁਵਾਰਾ ਸਾਹਿਬ ਜੀ ਦੀ ਛੱਤ ਨੂੰ ਜਾ ਲੱਗੇ। ਅਜਰ ਨੂੰ ਜਰਨ ਦੀ ਸ਼ਕਤਿ ਸੁਤੇ ਸੁਭਾਵ ਹੀ ਗੁਰਮੁਖ ਪਿਆਰੇ ਸੰਤ ਭਾਈ ਹੀਰਾ ਸਿੰਘ ਜੀ ਨੂੰ ਗੁਰੂ ਵਲੋਂ ਹੀ ਪ੍ਰਦਾਨ ਸੀ। ਬੜੀ ਸੁਚੇਤਰਤਾ ਸਹਿਜ ਅਜਰ ਸਾਵਧਾਨਤਾ ਵਾਲੀਆਂ ਅਰਦਾਸਾਂ ਬੇਨਤੀਆਂ ਵਿਚ ਲੀਨ ਹੋ ਗਏ। ਬੜੀ ਹੀ ਸਹਿਜ ਆਤਮ ਉਮਕਾਰ ਦੀ ਰਵਤਾਰ ਵਿਚ ਸਨੇ ਸਨੇ ਹੇਠਾਂ ਉਤਰ ਆਏ, ਜਿਵੇਂ ਕੋਈ ਉਡਣ-ਪੰਖੇਰੂ ਉਤਰਿਆ ਕਰਦਾ ਹੈ। ਉਤਰਨ ਸਾਰ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਡੰਡੌਤ ਪਰਨੇ ਲੰਮੇ ਪੈ ਗਏ। ਤਕੜਾ ਚਿਰ ਪਏ ਪਏ ਹੀ ਬੇਨਤੀਆਂ ਕਰਨ ਵਿਚ ਜੁਟੇ ਰਹੇ - "ਹੇ ਪਾਤਸ਼ਾਹ, ਇਸ ਅਜਰ ਨੂੰ ਆਪ ਹੀ ਜਰਾਈਂ।" ਗੁਰੂ ਦੀ ਕ੍ਰਿਪਾ ਅਨੁਸਾਰ ਓਦੂੰ ਪਿਛੋਂ ਐਸਾ ਅਜਰ ਜਰਿਆ, ਕਿਸੇ ਨੂੰ ਲਖਾਇਆ ਨਹੀਂ। ਨਾਮ-ਵਿਗਾਸੀ-ਲਿਵ-ਮਗਨ ਦਸ਼ਾ ਵਿਚ ਹੀ ਸੰਗਤਾਂ ਅੰਦਰ ਵਿਚਰਦੇ ਰਹੇ। ਅਜਿਹੇ ਰੰਗ-ਰਤੜੇ ਰੰਗਲੇ ਗੁਰਮੁਖ ਸੱਜਣਾਂ ਨੂੰ ਹੀ ਅੰਮ੍ਰਿਤ ਸੰਚਾਰ ਸਮੇਂ ਪੰਜਾਂ ਪਿਆਰਿਆਂ ਵਿਚ ਲਿਆ ਜਾਂਦਾ ਸੀ। ਇਹ ਇਸ ਜਥੇ ਦਾ ਸਦੀਵੀ ਬਿਰਦ ਰਿਹਾ ਹੈ।

ਹੁਕਮ ਅੰਦਰ, ਪਿੰਡ ਦਾਊਦਪੁਰ ਜ਼ਿਲਾ ਲੁਧਿਆਣਾ ਤੋਂ 'ਨਕਿ ਨਥ ਖਸਮ ਹਥ' ਦੀ ਕਾਰ ਅਨੁਸਾਰ ਵਿਦਾ ਹੋ ਕੇ 361 ਚੱਕ, ਜ਼ਿਲਾ ਲਾਇਲਪੁਰ ਵਿਖੇ ਵਸਨੀਕ ਹੋਏ ਜਿਥੇ ਕਿ ਉਨ੍ਹਾਂ ਨੂੰ ਮੁਰੱਬੇ ਮਿਲੇ ਹੋਏ ਸਨ। 361 ਚੱਕ ਅੰਦਰ ਜਾਣ ਦੀ ਦੇਰ ਹੀ ਸੀ ਕਿ ਇਸ ਗੁਰਮੁਖ ਹੰਸਲੇ ਵੀਰ ਸੰਤ ਭਾਈ ਹੀਰਾ ਸਿੰਘ ਜੀ ਦੀ ਸੰਗਤ ਦੇ ਪ੍ਰਭਾਵ ਕਰਕੇ ਅਨੇਕਾਂ ਅਧਿਕਾਰੀ ਜਨ ਜੀਵੜਿਆਂ ਦੇ ਘਟਾਂ ਅੰਦਰ ਜੋਤਿ ਜਗਮਗੀ, ਦੀਵੜੇ ਲਟ ਲਟ ਬਲ ਉਠੇ। 361 ਚੱਕ ਲਗਪੱਗ ਸਾਰਾ ਹੀ ਇਸ ਲਹਿਰ ਨਾਲ ਰੁਮਕ ਉਠਿਆ। ਅੰਮ੍ਰਿਤ-ਧਾਰੀ ਜੋਤਿ ਵਿਗਾਸੀਆਂ ਦਾ ਇਕ ਅਨੂਪਮ ਖੇੜਾ ਖਿੜ ਉਠਿਆ। ਸਾਰੇ ਗੁਰਮੁਖ ਜਨ ਖੇਤੀਬਾੜੀ ਦੀ ਕਾਰ ਭੀ ਕਰਨ ਅਤੇ ਨਾਮ ਅਭਿਆਸ ਦੀ

ਸੱਚੀ ਕਾਰ ਵਿਚ ਭੀ ਹਮਾਤਨ ਹੋ ਕੇ ਜੁਟੇ ਰਹਿਣ। ਸਾਰਿਆਂ ਨੂੰ ਐਸਾ ਪ੍ਰਤੀਤ ਹੋਵੇ ਕਿ ਸਭ ਦੇ ਕਾਰਜ ਸਤਿਗੁਰ ਆਪ ਹੀ ਸਵਾਰ ਰਿਹਾ ਹੈ। ਇਹ ਕਦੇ ਅੱਕਣ ਥੱਕਣ ਹੀ ਨਾ। ਖੇਤੀ ਬੀਜਦੇ ਹੋਏ, ਗੁਡਾਈ ਕਰਦੇ ਹੋਏ ਬੜੀ ਸੁਥਰਤਾ ਅਤੇ ਸੁਗਮਤਾ ਸਹਿਤ ਸਾਰੇ ਕਾਰਜ ਨਿਬਾਹੀ ਜਾਣ ਅਤੇ ਸਹਿਜੇ ਹੀ ਨਿਬਾਹੀ ਜਾਣ। ਵਢਾਈ ਕਰਦੇ ਹਨ ਤਾਂ ਪਹਿਰ ਪਹਿਰ ਕਰਦੇ ਹੀ ਰਹਿਣ, ਕੋਈ ਅਗੰਮੀ ਕਲਾ ਉਨ੍ਹਾਂ ਤੋਂ ਇਹ ਕਾਰ ਕਰਾਉਂਦੀ ਸੀ। ਢੁਆਈ ਕਰਦੇ ਹਨ ਤਾਂ ਸੀਸ ਦੇ ਉਪਰ ਭਰੀਆਂ ਲੈ ਕੇ ਘਰਾਂ ਨੂੰ ਇਉਂ ਉਡੇ ਜਾਂਦੇ ਹਨ, ਜਿਵੇਂ ਉਨ੍ਹਾਂ ਦੇ ਪੈਰ ਧਰਤੀ ਤੇ ਲਗਦੇ ਹੀ ਨਹੀਂ। ਕਈ ਦਾਨੇ ਬੀਨੇ ਸੱਜਣਾਂ ਨੇ ਆਪਣੇ ਅੱਖੀ ਵੇਖ ਕੇ ਇਹ ਸ਼ਾਹਦੀ ਦਿਤੀ ਕਿ ਭਾਰ ਦੀਆਂ ਭਰੀਆਂ ਲਈ ਜਾਂਦੇ ਇਨ੍ਹਾਂ ਗੁਰਮੁਖ ਸਿਖਾਂ ਦੇ, ਸਿਰਾਂ ਤੋਂ ਦੋ ਦੋ ਗਿੱਠ ਉਚੀਆਂ ਹੀ ਰਹਿੰਦੀਆਂ ਸਨ।



ਸੰਤ ਬਾਬਾ ਫਤਿਹਾਮ ਸਿੰਘ ਜੀ ਮਹਾਰਾਜ
ਪੁਰਾਤਨ ਸਮੇਂ ਦੀ ਤਸਵੀਰ

361 ਚੱਕ ਵਿਚ ਜਥੇ ਵਲ ਕਈ ਵਾਰ ਅਖੰਡ ਪਾਠ ਸਮਾਗਮ ਹੋਏ ਅਤੇ ਅੰਮ੍ਰਿਤ ਸੰਚਾਰ ਸਮਾਗਮ ਵੀ ਹੋਏ, ਜਿਨ੍ਹਾਂ ਅੰਦਰ ਐਸੇ ਐਸੇ ਕੌਤਕ ਵਰਤੇ ਕਿ ਵਰਨਣ ਨਹੀਂ ਕੀਤੇ ਜਾ ਸਕਦੇ। 361 ਚੱਕ ਨਿਵਾਸੀ ਸਾਰੇ ਨਾਮ ਅਭਿਆਸੀ ਗੁਰਮੁਖ ਸਿੰਘ ਅਕਸਰ ਇਕ ਮੰਡਲੀ ਵਿਚ ਹੀ ਇਕੱਤਰ ਹੋ ਕੇ ਅਭਿਆਸ ਕਰਿਆ ਕਰਦੇ ਸਨ। ਨਾਮ ਦੇ ਖੰਡੇ ਦੀਆਂ ਗੂੰਜਾਰਾਂ ਐਸੀਆਂ ਪੈਣੀਆਂ ਕਿ ਸਾਰਾ ਨਗਰ ਹੀ ਵਜਦ ਵਿਚ ਆ ਜਾਣਾ।

ਇਕ ਗੰਗਾ ਸਿੰਘ ਨਾਮੇ ਮਸਖਰਾ ਪੁਰਸ਼ ਮਸਖਰੀ ਵਜੋਂ ਇਕ ਦਿਨ ਉਸ ਅਭਿਆਸ-ਮੰਡਲ ਦੇ ਬੂਹੇ ਅੱਗੇ ਜਾ ਖਲੋਤਾ। ਕੀ ਵੇਖਦਾ ਹੈ ਕਿ ਦਰਜਨਾਂ ਦੀਆਂ ਦਰਜਨਾਂ ਸਿੰਘ ਅਭਿਆਸੀ ਜਨ ਮਿਲ ਕੇ ਜ਼ੋਰੋ ਜ਼ੋਰ ਅਭਿਆਸ ਕਰ ਰਹੇ ਹਨ, ਉਨ੍ਹਾਂ ਦੇ ਹੱਥਾਂ ਵਿਚ ਸਰਬ ਲੋਹ ਦੇ ਮਾਲਾ-ਸਿਮਰਨੇ ਸਸ਼ੋਭਿਤ ਹਨ। ਉਨ੍ਹਾਂ ਉਚੀ ਉਚੀ ਅਭਿਆਸ ਕਰਦਿਆਂ ਸਿੰਘਾਂ ਦੀ ਨਕਲ ਕਰਨ ਲਈ ਉਸ ਮਸਖਰੇ ਪੁਰਸ਼ ਨੇ ਸਣ ਦੀ ਸੁਥੀ (ਰੱਸੀ) ਨੂੰ ਗੰਢਾਂ ਦੇ ਕੇ ਮਾਲਾ ਬਣਾ ਲਈ, ਅਤੇ ਬੂਹੇ ਅੱਗੇ ਖੜ੍ਹਾ ਖੜੋਤਾ ਉਸ ਨਕਲੀ ਮਾਲਾ ਨੂੰ ਫੇਰਨ ਲੱਗਾ ਅਤੇ ਅਸਲੀ ਅਭਿਆਸੀ ਜਨਾਂ ਦੀ ਨਕਲ ਵਿਚ ਉਹ ਉਚੀ ਉਚੀ ਅਭਿਆਸ ਕਰਨ ਲਗ ਪਿਆ। ਪੰਦਰਾਂ ਮਿੰਟ ਹੀ ਮਸਾਂ ਇਸ ਨਕਲੀ ਰੀਸ ਨੂੰ ਕਰਦਿਆਂ ਹੋਏ ਸੀ ਕਿ ਕਰਦਾ ਕਰਦਾ ਧੜੰਮ ਦੇ ਕੇ ਧਰਤੀ ਤੇ ਜਾ ਡਿੱਗਾ। ਉਸ ਦੀਆਂ ਕਿਲਕਾਰੀਆਂ ਨਿਕਲ ਗਿਆਂ। ਜ਼ੋਰ ਜ਼ੋਰ ਦੁਹਾਈਆਂ ਦੇਣ ਲੱਗਾ। ਸੁਣ ਕੇ ਸਾਰਾ ਪਿੰਡ ਇਕੱਠਾ ਹੋ ਗਿਆ। ਦੁਹਾਈਆ ਸੁਣ ਕੇ ਆਏ ਕਈ ਪ੍ਰਤਿਸ਼ਟੇ ਪੁਰਸ਼ਾਂ ਨੇ ਪੁਛਿਆ, "ਓ ਗੰਗਾ ਸਿੰਘਾ! ਤੈਨੂੰ ਕੀ ਹੋਇਆ?" ਉਤਰ ਵਿਚ ਬਹੁੜੀਆਂ ਪਾ ਕੇ ਪੁਕਾਰਨ ਲੱਗਾ, "ਮੈਂ ਪਾਪੀ ਨੂੰ ਇਨ੍ਹਾਂ ਸਿੰਘਾਂ ਤੋਂ ਬਖਸ਼ਵਾ ਦੇਵੋ।" ਨਾਲ ਧਰਤੀ ਤੇ ਲੋਟੀ ਜਾਵੇ, ਨਾਲੇ ਲੋਲ੍ਹੜੀਆਂ ਕੱਢੇ। ਅਭਿਆਸ-ਮੰਡਲੀ ਅੰਦਰਲੇ ਗੁਰਮੁਖ ਜਨਾਂ ਨੇ ਸੁਚੇਤ ਸਾਵਧਾਨ ਹੋ ਕੇ ਉਸ ਹਾਲੋਂ-ਬੇਹਾਲ ਹੋਏ ਧਰਤੀ ਨਾਲ ਸਿਰ ਪਟਕਦੇ ਗੰਗਾ ਸਿੰਘ ਨੂੰ ਚੁਕਿਆ, ਉਸ ਦਿਨ ਹੀ ਸੰਗਤ ਅੱਗੇ ਪ੍ਰਾਸ਼ਚਿਤ ਪਸ਼ਚਾਤਾਪ ਕਰਕੇ ਗੰਗਾ ਸਿੰਘ ਨੇ ਆਪਣੇ ਬੱਜਰ ਪਾਪਾ ਮਈ ਬੁਰਾ ਬਖਸ਼ਵਾਈਆਂ ਅਤੇ ਅੰਮ੍ਰਿਤ ਛਕ ਕੇ ਅਜਰ ਜਰਨ ਵਾਲਾ ਤਿਆਰ-ਬਰ-ਤਿਆਰ ਸਿੰਘ ਸਜ ਗਿਆ। ਇਸ ਪਿਆਰੇ ਗੰਗਾ ਸਿੰਘ ਨੇ ਪ੍ਰੇਮ-ਪੁਲਕਤ ਵਾਲੇ ਸਰਸ਼ਾਦ ਰਾਗ ਵਿਚ ਸ਼ਰੇ-ਕਤਾਰ ਰੋ ਕੇ ਖੁਦ ਅਸਾਨੂੰ ਆਪਣੀ ਨਿਜ ਬੀਤੀ ਹੱਡ-ਬੀਤੀ ਸੁਣਾਈ ਹੈ। ਬਰਸਾਂ ਬੱਧੀ 361 ਚੱਕ ਨਾਮੇ ਨਗਰੀ ਅੰਦਰ ਇਸ ਅਨੰਦ-ਭਗਤੀ ਦੀ ਇਹ ਅਗੰਮੀ ਲਹਿਰ ਐਸੀ ਚਲੀ ਕਿ ਬਹੁਤੇ ਹੋਰ ਚੱਕ ਵੀ ਤਿਆਰ-ਬਰ-ਤਿਆਰ ਸਿੰਘ ਸਜ ਗਏ। (ਬਜ਼ੁਰਗ ਭਾਈ ਗੰਗਾ ਸਿੰਘ ਨੂੰ ਮੈਂ ਇਸ ਘਟਨਾ ਬਾਰੇ ਪੁਛਿਆ ਤਾਂ ਉਤਰ ਦੇਣ ਵੇਲੇ ਉਹਨਾ ਦੇ ਨੇਤਰ ਸੱਜਲ ਹੋ ਗਏ ਅਤੇ ਮੈਨੂੰ ਦੱਸਿਆ ਕਿ ਮੈਂ ਕਹੀ ਜਾਵਾਂ ਕਿ ਭਾਈ ਹੀਰਾ ਸਿੰਘ ਜੀ ਹੋਰ ਸਭ ਕੁਝ ਮੈਥੋਂ ਲੈ ਲਵੇ ਪਰ ਜੋ ਮਹਾਨ ਰਸ ਮੈਨੂੰ ਪ੍ਰਾਪਤ ਹੋ ਰਿਹੈ, ਇਹ ਨਾ ਚਲਿਆ ਜਾਵੇ ਮੈਂ ਸਾਰੀ ਜਿੰਦਗੀ ਇਸ ਨਾਮ ਰਸ ਵਿਚ ਸ਼ਰਸ਼ਾਰ ਰਹਾਂ। ਉਹਨਾਂ ਦਸਿਆ ਕਿ ਸਮੇਂ ਬੀਤ ਗਏ, 38 ਸਾਲ ਇਸ ਘਟਨਾ ਨੂੰ ਹੋ ਚੁਕੇ ਹਨ ਪਰ ਉਹ ਰਸ ਮੇਰੇ ਸਰੀਰ ਦੇ ਰੋਮ-ਰੋਮ ਵਿਚ ਰੁਮਕਦਾ ਖੇੜੇ ਪ੍ਰਦਾਨ ਕਰ ਰਿਹਾ ਹੈ।

ਏਕ ਪਲਕ ਸੁਖ ਸਾਧ ਸਮਾਗਮ ਕੋਟਿ ਬੈਕੁੰਠਹ ਪਾਇ॥


ਪੰਜਵਾਂ ਬਰਸੀ ਸਮਾਗਮ ਰਤਵਾੜਾ ਸਾਹਿਬ

ਮਿਤੀ - 28 ਅਕਤੂਬਰ ਤੋਂ 31 ਅਕਤੂਬਰ 2006

ਸੰਵਾਦਦਾਤਾ ਆਤਮ ਮਾਰਗ

ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰਸਟ ਰਤਵਾੜਾ ਸਾਹਿਬ ਦੇ ਬਾਨੀ ਸੰਤ ਮਹਾਰਾਜ ਸੱਚਖੰਡਵਾਸੀ ਸੰਤ ਬਰਿਆਮ ਸਿੰਘ ਜੀ ਦੀ ਪੰਜਵੀ ਬਰਸੀ ਰਤਵਾੜਾ ਸਾਹਿਬ ਦੀ ਮਹਾਨ ਪਵਿੱਤਰ ਭੂਮੀ ਉਪਰ 28 ਅਕਤੂਬਰ ਤੋਂ ਲੈ ਕੇ 31 ਅਕਤੂਬਰ ਤਕ ਮਨਾਈ ਜਾ ਰਹੀ ਹੈ। ਇਹ ਸਮਾਗਮ ਮਹਾਂਪੁਰਸ਼ਾਂ ਦੇ ਪਿਆਰ ਅਤ ਵੈਰਾਗ ਵਿਚ ਦੇਸ਼ ਵਿਦੇਸ਼ ਦੀਆਂ ਸੰਗਤਾਂ ਬਰਸੀ ਰਤਵਾੜਾ ਸਾਹਿਬ ਹੀ ਮਨਾ ਰਹੀਆਂ ਹਨ। ਇਸ ਆਉਣ ਵਾਲੇ ਸਮਾਗਮ ਵਾਸਤੇ ਅਦਵੈਤ ਸਿਧਾਂਤ ਉਪਰ ਚੱਲਣ ਵਾਲੇ ਮਹਾਂਪੁਰਸ਼ਾਂ ਵੱਲੋਂ ਆਪਣੀ ਪ੍ਰਵਾਨਗੀ ਦੇ ਕੇ ਸਮਾਗਮ ਵਿਚ ਪਹੁੰਚਣ ਦੀ ਕ੍ਰਿਪਾਲਤਾ ਕੀਤੀ ਜਾ ਰਹੀ ਹੈ। ਮਹਾਂਪੁਰਸ਼ਾਂ ਦੇ ਸਰੀਰ ਕਾਲ ਸਮੇਂ ਵੀ ਸਾਧੂ, ਸੰਤ, ਸਵਾਮੀ ਜਨ ਸਮਾਗਮ ਦੀ ਸਟੇਜ ਉਪਰ ਸੁਸ਼ੋਭਤ ਹੋ ਕੇ ਆਪਣੇ ਨਿਜ ਅਨੁਭਵ ਸੰਗਤਾਂ ਨਾਲ ਸਾਂਝੇ ਕਰਦੇ ਸਨ। ਹੁਣ ਵੀ ਮੌਜੂਦਾ ਸਮੇਂ ਦੇ ਵਿਚ ਮਹਾਂਪੁਰਸ਼ਾਂ ਦੀ ਚਲਾਈ ਪ੍ਰਪਾਟੀ ਅਨੁਸਾਰ ਸਮਾਗਮ ਬਹੁਤ ਹੀ ਵਿਲੱਖਣਤਾ ਵਾਲਾ ਆਪਣੀ ਮਿਸਾਲ ਆਪ ਹੀ ਹੋਵੇਗਾ। ਸਮਾਗਮ ਸਬੰਧੀ ਤਿਆਰੀਆਂ ਦਿਨ ਰਾਤ ਚਲ ਰਹੀਆਂ ਹਨ। ਇਸ ਸਬੰਧ ਵਿਚ ਜੋ ਪ੍ਰਬੰਧ ਉਸੀਕੇ ਜਾ ਰਹੇ ਹਨ, ਹੇਠ ਲਿਖੇ ਅਨੁਸਾਰ ਹਨ :-

ਟਰਾਂਸਪੋਰਟ ਪ੍ਰਬੰਧ - ਪੀ.ਜੀ.ਆਈ. ਚੰਡੀਗੜ੍ਹ ਅਤੇ ਅੰਬਾਲਾ, ਗੋਰਖਪੁਰ, ਕਸ਼ਨ ਵਨ ਨਾਸ ਸਾਰੰਗਪੁਰ ਦੀ ਆਰ ਸੜਕ ਰੀਅਰ ਤੇ ਪਰ ਦਰਜਨਾਂ ਦੀਆਂ ਨ ਅਤੇ ਗੜ ਲਾਪੁਰ ਗਰੀਬਦਾਸ ਕੁਰਾਲੀ ਨ ਸੜਕ ਉਪਰ ਸੰਤ ਰੋਡ ਰ ਸਿੰਘ ਗੇਟ ਰਹੇ ਲੇ ਘ ਦੇ ਹੋਏ, ਈਸ਼ਰ ਮਾਰਗ ਰਾਹੀਂ ਰਤਵਾੜਾ ਸਾਹਿਬ ਪਹੁੰਚਿਆ ਜਾਂਦਾ ਹੈ। ਲੋਕਲ ਬੱਸ ਸਟੈਂਡ ਸੈਕਟਰ 17 ਚੰਡੀਗੜ੍ਹ ਤੋਂ S-40, 33, 76, 25 C.T.U. ਦੀਆਂ ਬੱਸਾਂ ਦੀ ਸਰਵਿਸ ਹਰ 15 ਮਿੰਟ ਬਾਅਦ ਸਵੇਰੇ 5.00 ਵਜੇ ਤੋਂ ਲੈ ਕੇ ਰਾਤ 7.40 ਤੱਕ ਹੁੰਦੀ ਹੈ। ਇਸ ਸਮੇਂ ਤੋਂ ਅੱਗੇ ਪਿਛੇ ਬਰੀਵਿਲਰ ਆਟੋ ਵਗੈਰਾ ਵੱਧ ਤੋਂ ਵੱਧ 50 ਤੋਂ 100 ਰੁਪਏ ਵਿਚ ਰਤਵਾੜਾ ਸਾਹਿਬ ਪਹੁੰਚਾ ਦਿੰਦੇ ਹਨ। ਸਮਾਗਮ ਸਮੇਂ ਸੀ.ਟੀ.ਯੂ. ਬੱਸਾਂ ਦੀ ਸਪੈਸ਼ਲ ਬੱਸ ਸਰਵਿਸ ਦੀ ਸਹੂਲਤ ਉਪਲੱਬਧ ਹੈ। ਖਰੜ ਤੋਂ ਵੀ ਮਿੰਨੀ ਬੱਸ ਸਰਵਿਸ ਦੀ



ਚੱਲ ਬਰਸੀ ਸਮਾਗਮ ਤੇ ਰਤਵਾੜਾ ਸਾਹਿਬ ਵਿਚ ਸੰਤ ਬਾਬਾ ਹਰਪਾਲ ਸਿੰਘ ਜੀ ਕੀਰਤਨ ਕਰਦੇ ਹੋਏ ਅਤੇ ਹੋਰ ਸੰਗਤਾਂ ਦਾ ਵਿਸ਼ਾਲ ਇਕੱਠ।

ਸਹੂਲਤ ਵੀ ਹਰ 1 ਘੰਟੇ ਬਾਅਦ ਰਤਵਾੜਾ ਸਾਹਿਬ ਪਹੁੰਚਣ ਲਈ ਪ੍ਰਾਪਤ ਹੋ ਸਕਦੀ ਹੈ। ਜੇਕਰ ਫੇਰ ਵੀ ਕੋਈ ਔਖ ਮੁਸ਼ਕਲ ਪੇਸ਼ ਆਉਂਦੀ ਹੈ ਤਾਂ ਰਤਵਾੜਾ ਸਾਹਿਬ ਪ੍ਰਬੰਧਕਾਂ ਨਾਲ ਸੰਪਰਕ ਕਰਕੇ ਆਵਾਜਾਈ ਸਾਧਨ ਦਾ ਪ੍ਰਬੰਧ ਹੋ ਸਕਦਾ ਹੈ। ਰਤਵਾੜਾ ਸਾਹਿਬ ਟਰਸਟ ਨਾਲ ਸਬੰਧਤ ਵਿਦਿਅਕ, ਅਦਾਰਿਆਂ ਦੀ ਬੱਸਾਂ ਵੀ ਸੰਗਤਾਂ ਸਹੂਲਤ ਵਾਸਤੇ ਸਮਾਗਮ ਸਮੇਂ ਤਿਆਰ ਰਹਿਣਗੀਆਂ ਜਿਥੋਂ ਵੀ ਸੰਗਤ ਸਮਾਗਮ ਉਪਰ ਪਹੁੰਚਣਾ ਚਾਹੁੰਦੀ ਹੈ ਉਨ੍ਹਾ ਲਈ ਪਿਛਲੇ ਸਾਲਾਂ ਵਾਗੂੰ ਹੀ ਆਵਾਜਾਈ ਸਾਧਨਾਂ ਦਾ ਪ੍ਰਬੰਧ ਕੀਤਾ ਜਾਵੇਗਾ।



ਸਮਾਗਮ ਸਮੇਂ ਪੈਰ ਪੈਰ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਪੰਡਾਲ ਵਿਖੇ ਪੰਡਾਲ ਲਸਾਏ ਹੋਏ।

ਭਾਈ ਪਰਮਿੰਦਰ ਸਿੰਘ ਬੱਬਰਾ
9417255335

ਭਾਈ ਕੁਲਵਿੰਦਰ ਸਿੰਘ
ਟਰਾਂਸਪੋਰਟਰ - 9417214385

ਅਖੰਡਪਾਠਾਂ ਸਬੰਧੀ ਬੁਕਿੰਗ

ਗੁਰਦੁਆਰਾ ਰਤਵਾੜਾ ਸਾਹਿਬ ਵਿਖੇ ਨਿਰੰਤਰ ਅਖੰਡਪਾਠਾਂ ਦੇ ਪਰਵਾਹ ਚਲ ਰਹੇ ਹਨ। ਮਹਾਂਪੁਰਸ਼ਾਂ ਦੇ ਪਿਆਰ ਵਿਚ ਪ੍ਰੇਮੀ ਜਨ ਅਖੰਡਪਾਠ ਰਤਵਾੜਾ ਸਾਹਿਬ ਵਿਖੇ ਕਰਵਾਉਂਦੇ ਹਨ। ਇਸ ਲਈ ਬੇਨਤੀ ਹੈ ਕਿ ਸਮਾਗਮ ਸਮੇਂ ਅਖੰਡਪਾਠ ਬੁੱਕ ਕਰਵਾਉਣ ਲਈ ਹੇਠ ਲਿਖੇ ਟੈਲੀਫੋਨ ਤੇ ਤੁਰੰਤ ਸੰਪਰਕ ਕਾਇਮ ਕਰਨ ਦੀ ਕ੍ਰਿਪਾਲਤਾ ਕਰੋ ਜੀ -

ਜਥੇਦਾਰ ਭਾਈ ਮਾਨ ਸਿੰਘ - 9417214386

ਰਿਹਾਇਸ਼ੀ ਪ੍ਰਬੰਧ :-

ਦੇਸ਼ਾਂ ਵਿਦੇਸ਼ਾਂ ਤੋਂ ਆਪਣੇ ਪਿਆਰੇ ਦੇ ਪਿਆਰ ਵਿਚ ਜਗਿਆਸੂ ਸ਼ਰਧਾ ਦੇ ਫੁੱਲ ਭੇਂਟ ਕਰਨ ਵਾਸਤੇ ਰਤਵਾੜਾ ਸਾਹਿਬ ਪਹੁੰਚ ਰਹੇ ਹਨ। ਵਿਦੇਸ਼ਾਂ ਅਤੇ ਦੂਰ ਦਰਾਜ ਦੇ ਪ੍ਰੇਮੀ ਆਪਣੀਆਂ ਫਲਾਈਟਾਂ ਹਵਾਈ ਜਹਜਾਂ ਦੇ ਟਿਕਟ ਬੁੱਕ ਕਰਵਾ ਕੇ ਨਿੱਤ ਦਿਹਾੜੇ ਫੈਕਸ ਅਤੇ ਟੈਲੀਫੋਨ ਰਾਹੀਂ ਪ੍ਰਬੰਧਕਾਂ ਨੂੰ ਸੂਚਿਤ ਕਰ ਰਹੇ ਹਨ। ਇਸ ਲਈ ਵਿਦੇਸ਼ਾਂ ਤੋਂ ਆਉਣ ਵਾਲੀਆਂ ਸੰਗਤਾਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਆਪਣੇ ਆਉਣ ਦੀ ਅਗਾਊ ਸੂਚਨਾ ਹੇਠ ਲਿਖੇ ਟੈਲੀਫੋਨਾਂ ਤੇ ਜਾਂ ਫੈਕਸ ਈਮੇਲ ਰਾਹੀਂ ਦੇਣ ਦੀ ਕ੍ਰਿਪਾਲਤਾ ਕਰੋ ਜੀ ਤਾਂ ਜੋ ਏਅਰਪੋਰਟ ਤੋਂ ਰਤਵਾੜਾ ਸਾਹਿਬ ਤੱਕ ਸਵਾਰੀ ਅਤੇ ਸਮਾਗਮ ਸਮੇਂ ਰਿਹਾਇਸ਼ ਦਾ ਪੂਰਾ ਪੂਰਾ ਸੁਖ ਸਹੂਲਤ ਵਾਲਾ ਪ੍ਰਬੰਧ ਹੋ ਸਕੇ ਜੀ -

ਭਾਈ ਕੁਲਦੀਪ ਸਿੰਘ
ਰਤਵਾੜਾ ਸਾਹਿਬ
ਟੈਲੀਫੋਨ ਨੰ 9417214384
ਫੈਕਸ ਨੰ. 0160-2255009
ਈਮੇਲ atammarg1@yahoo.co.in

ਭਾਈ ਜਗਤਾਰ ਸਿੰਘ ਜੱਗੀ
ਇੰਗਲੈਂਡ
ਟੈਲੀਫੋਨ ਨੰ. 0044 121 200 2818
ਫੈਕਸ : 0044 121 200 2979

ਲੰਗਰ

ਅਸਥਾਨ ਉਪਰ ਨਿਰੰਤਰ 24 ਘੰਟੇ ਰਿਹਾਇਸ਼ ਲੰਗਰ ਦਾ ਪੂਰਾ-ਪੂਰਾ ਪ੍ਰਬੰਧ ਹੁੰਦਾ ਹੈ। ਲੰਗਰ ਅਤੁੱਟ ਹੀ ਵਰਤਦੇ ਹਨ ਅਤੇ ਵਰਤਦੇ ਹੀ ਰਹਿਣਗੇ। ਸਮਾਗਮ ਸਮੇਂ ਬਹੁਤ ਸਾਰੇ ਸੇਵਾਦਾਰ ਲਾਂਗਰੀ ਅਤੇ ਬੀਬੀਆਂ ਲੰਗਰ ਸੇਵਾ ਸਬੰਧੀ ਆਪੋ ਆਪਣੀਆਂ ਸੇਵਾਵਾਂ ਸਮਰਪਿਤ ਕਰਦੇ ਹਨ। ਮਹਾਂਪੁਰਸ਼ਾਂ ਦੇ ਪਿਆਰ ਵਿਚ ਰਸਦਾਂ ਅਤੇ ਬਾਲਣ ਆਦਿ ਸੰਗਤਾਂ ਸਮਾਗਮ ਤੋਂ ਪਹਿਲਾਂ ਹੀ ਰਤਵਾੜਾ ਸਾਹਿਬ ਭੇਜ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਦੀਆਂ ਹਨ। ਉਪਰੋਕਤ ਲੰਗਰ ਸਬੰਧੀ ਸੇਵਾ ਲਈ ਹੇਠ ਲਿਖੇ ਅਨੁਸਾਰ ਸੰਪਰਕ ਕਰੋ ਜੀ -

ਸ੍ਰੀ ਮਾਨ ਜੀ ਲੰਗਰ ਸੰਤ ਬਾਬਾ ਰਾਜਿੰਦਰ ਸਿੰਘ ਜੀ - 94172 14383

ਭਾਈ ਮਲਕੀਤ ਸਿੰਘ ਭੱਠੇ ਵਾਲਾ ਅਤੇ ਭਾਈ ਜਸਵਿੰਦਰ ਸਿੰਘ ਘੋਲਾ - 9417214381,

ਵਿਸ਼ੇਸ਼ ਨੋਟ - ਲੰਗਰ ਵਾਸਤੇ ਰਸਦ ਆਦਿ ਦੀ ਸੇਵਾ ਮਹਾਂਪੁਰਸ਼ਾਂ ਦੇ ਨਿਜ ਅਸ਼ਥਾਨ ਕੋਠੀ ਨੰਬਰ 781, 3ਬੀ1, ਮੋਹਾਲੀ ਵਿਖੇ ਵੀ ਪ੍ਰੇਮੀ ਪਹੁੰਚਾ ਸਕਦੇ ਹਨ।

ਕੋਠੀ ਟੈਲੀਫੋਨ ਨੰ. 0172-266315

ਫਰੀ ਮੈਡੀਕਲ ਕੈਂਪ -

ਸਮਾਗਮ ਸਮੇਂ ਸਿਹਤ ਸਹੂਲਤਾਂ ਦਾ ਸੁਚੱਜਾ ਪ੍ਰਬੰਧ ਕੀਤਾ ਜਾਂਦਾ ਹੈ। 24 ਘੰਟੇ ਨਿਰੰਤਰ ਡਾਕਟਰੀ ਸਹਾਇਤਾ ਉਪਲੱਬਧ ਰਹਿੰਦੀ ਹੈ। ਡਾ. ਸਵਾਮੀ ਰਾਮ ਦੇ ਵਿਦੇਸ਼ੀ ਵਿਦਿਆ ਨਿਪੁੰਨ ਸਪੈਸ਼ਲਿਸਟ ਲੱਖਾਂ ਰੁਪਏ ਦੀ ਦਵਾਈਆਂ ਦੇ ਨਾਲ ਜੌਲੀ ਗਰਾਂਟ ਮੈਡੀਕਲ ਸਿਟੀ ਦੇਹਰਾਦੂਨ ਤੋਂ ਪਹੁੰਚਦੇ ਹਨ। ਇਸ ਵਾਰ ਵੀ ਸਰਕਾਰੀ ਅਤੇ ਪਰਾਈਵੇਟ ਡਾਕਟਰ ਰਤਵਾੜਾ ਸਾਹਿਬ ਹਸਪਤਾਲ ਵਿਚ ਨਿਰੰਤਰ ਸਮਾਗਮ ਸਮੇਂ ਸੇਵਾ ਨਿਭਾਉਂਦੇ ਰਹਿਣਗੇ। ਇਸ ਸਬੰਧ ਵਿਚ ਹੇਠ ਲਿਖੇ ਪ੍ਰਬੰਧਕ ਡਾਕਟਰ ਨਾਲ ਟੈਲੀਫੋਨ ਉਪਰ ਸੰਪਰਕ ਕਰ ਸਕਦੇ ਹੋ -

ਡਾ. ਕੁਲਦੀਪ ਸਿੰਘ - 9815849480

ਤ੍ਰਿਲੋਚਨ ਸਿੰਘ - 9417214382

ਫਰੀ ਅੱਖਾਂ ਦੇ ਕੈਂਪ -

ਭਾਈ ਜੋਗਿੰਦਰ ਸਿੰਘ ਮਾਸਟਰ, ਭਾਈ ਰਾਜਿੰਦਰ ਸਿੰਘ ਜੀ ਅਤੇ ਭਾਈ ਕੁੰਦਨ ਸਿੰਘ ਜੀ ਤੱਖਰ ਬਰਦਰਜ਼ ਇੰਗਲੈਂਡ ਵੱਲੋਂ ਅੱਖਾਂ ਦੇ ਕੈਂਪ ਲਾਏ ਜਾਂਦੇ ਹਨ। ਜਿਸ ਵਿਚ ਐਨਕਾਂ ਤੋਂ ਲੈ ਕੇ ਦਵਾਈਆਂ ਲੈਨਜ਼ਾਂ ਤੱਕ ਦੀ ਮੁਫਤ ਸੇਵਾ ਪ੍ਰਦਾਨ ਕੀਤੀ ਜਾਂਦੀ ਹੈ। ਇਸ ਵਾਰ ਵੀ 28 ਤਰੀਕ ਨੂੰ ਸਵੇਰੇ ਹੀ 9.00 ਵਜੇ ਤੋਂ ਲੋੜਵੰਦ ਮਰੀਜਾਂ ਦਾ ਮੁਆਇਨਾ ਕਰਕੇ ਅਪਰੇਸ਼ਨ ਥੀਏਟਰ ਦੇ ਵਿਚ ਸਮਾਂ ਮੁਕੱਰਰ ਕਰ ਦਿਤਾ ਜਾਵੇਗਾ।

ਨਵੇਂ ਅਡੀਸ਼ਨ ਦੀਆਂ ਪੁਸਤਕਾਂ ਰਿਲੀਜ਼ ਕਰਨ ਸਬੰਧੀ -

ਸਮੇਂ-ਸਮੇਂ ਸਮਾਗਮਾਂ ਉਪਰ ਨਵੇਂ ਅਡੀਸ਼ਨ ਦੀਆਂ ਪੁਸਤਕਾਂ ਰਿਲੀਜ਼ ਹੁੰਦੀਆਂ ਰਹੀਆਂ ਹਨ। ਇਸ ਵਾਰ ਵੀ ਪਰਮ ਪੂਜਯ ਸ਼ਤਿਕਾਰਯੋਗ ਮਹਾਂਪੁਰਸ਼ਾਂ ਦੇ ਜੀਵਨ ਸਾਥੀ ਬੀਜੀ ਵੱਲੋਂ ਮਹਾਂਪੁਰਸ਼ਾਂ ਦੀਆਂ ਰਚਿਤ ਅਨੁਭਵੀ ਪੁਸਤਕਾਂ ਹੇਠ ਲਿਖੀਆਂ ਰਿਲੀਜ਼ ਕੀਤੀਆਂ ਜਾਣਗੀਆਂ -



ਗੁਰਦੁਆਰਾ ਸੀਸ਼ ਪ੍ਰਕਾਸ਼ ਰਤਵਾੜਾ ਸਾਹਿਬ

1. ਅਨੁਭਵੀ-ਪ੍ਰਵਚਨ

ਲੇਖਕ - ਸੰਤ ਮਹਾਰਾਜ ਸੰਤ ਬਾਬਾ ਫਰਿਆਮ ਸਿੰਘ ਰਤਵਾੜਾ ਸਾਹਿਬ

2. ਪ੍ਰਦੇਸ਼ ਪ੍ਰਚਾਰਫੇਰੀ 1998

ਲੇਖਕ - ਸੰਤ ਮਹਾਰਾਜ ਸੰਤ ਬਾਬਾ ਫਰਿਆਮ ਸਿੰਘ ਰਤਵਾੜਾ ਸਾਹਿਬ

3. ਜੀਵਨ-ਮਨੋਰਥ

ਲੇਖਕ - ਸੰਤ ਮਹਾਰਾਜ ਸੰਤ ਬਾਬਾ ਫਰਿਆਮ ਸਿੰਘ ਰਤਵਾੜਾ ਸਾਹਿਬ

4. ਸੇਵਾ-ਸਿਮਰਨ ਦੀਆਂ ਜੁਗਤੀਆਂ

ਲੇਖਕ - ਸੰਤ ਮਹਾਰਾਜ ਸੰਤ ਬਾਬਾ ਫਰਿਆਮ ਸਿੰਘ ਰਤਵਾੜਾ ਸਾਹਿਬ

5. ਪੱਤਰਕਾਰ ਦੇ ਸਵਾਲ ਸੰਤਾਂ ਦੇ ਜਵਾਬ

ਲੇਖਕ - ਸੰਤ ਮਹਾਰਾਜ ਸੰਤ ਬਾਬਾ ਫਰਿਆਮ ਸਿੰਘ ਰਤਵਾੜਾ ਸਾਹਿਬ

6. ਅਨੰਦ ਮਈ ਜੀਵਨ ਜਾਚ

ਮੂਲ ਲੇਖਕ - ਡਾ. ਸਵਾਮੀ ਰਾਮ

ਅਨੁਵਾਦਕ - ਡਾ. ਤਜਿੰਦਰ ਕੌਰ ਮਲਹੋਤਰਾ

7. ਬ੍ਰਹਮਗਿਆਨ ਮੰਡੂਕ ਉਪਨਿਸ਼ਦ

ਮੂਲ ਲੇਖਕ - ਡਾ. ਸਵਾਮੀ ਰਾਮ

ਅਨੁਵਾਦਕ - ਡਾ. ਤਜਿੰਦਰ ਕੌਰ ਮਲਹੋਤਰਾ

8. ਸੁਰਤਿ ਸ਼ਬਦ ਮਾਰਗ (ਇੰਗਲਿਸ਼ ਵਿਚ)


ਮੂਲ ਲੇਖਕ - ਸੰਤ ਮਹਾਰਾਜ ਸੰਤ ਬਾਬਾ ਫਰਿਆਮ ਸਿੰਘ ਰਤਵਾੜਾ ਸਾਹਿਬ

ਅਨੁਵਾਦਕ - ਪੀ. ਬੇਅੰਤ ਸਿੰਘ

ਪ੍ਰਦਰਸ਼ਨੀ

ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਦੇ ਬੀਬੀ ਗੁਰਨਾਮ ਕੌਰ ਗਰੇਵਾਲ ਅਤੇ ਸਮੁਚੇ ਸਟਾਫ ਦੀ ਦੇਖ ਰੇਖ ਹੇਠ ਵਿਦਿਆਰਥੀਆਂ ਦੀ ਸਖਤ ਮਿਹਨਤ ਨਾਲ ਤਿਆਰ ਹੋਈ ਵਾਤਾਵਰਣ ਸੰਭਾਲ ਸਬੰਧੀ ਪ੍ਰਦਰਸ਼ਨੀ ਸੰਗਤਾਂ ਲਈ ਪਿਛਲੇ ਸਮਾਗਮਾਂ ਤੇ ਖਾਸ ਖਿਚ ਦਾ ਕੇਂਦਰ ਬਣੀ ਰਹੀ ਹੈ। ਹੁਣ ਵੀ ਮਹਾਂਪੁਰਸ਼ਾਂ ਦੇ ਜੀਵਨ ਨੂੰ ਕਲਾ ਕਿਰਤ ਰਾਹੀਂ ਪ੍ਰਦਰਸ਼ਿਤ ਕਰਦੀ ਹੋਈ ਪ੍ਰਦਰਸ਼ਨੀ ਵੀ ਖਾਸ ਖਿਚ ਦਾ ਕਾਰਨ ਹੋਵੇਗੀ।

****



ਖੁਲ੍ਹਾ ਸੱਦਾ-ਪੱਤਰ

ਸੱਚਖੰਡ ਵਾਸੀ ਸੰਤ ਮਹਾਰਾਜ ਸੰਤ ਈਸ਼ਰ ਦਰਿਆਮ ਸਿੰਘ ਜੀ ਰਤਵਾੜਾ ਸਾਹਿਬ ਵਾਲਿਆਂ ਦੀ

ਪੰਜਵੀਂ ਬਰਸੀ ਸਬੰਧੀ
ਸਮਾਗਮ

ਮਿਤੀ 28 ਅਕਤੂਬਰ ਤੋਂ 31 ਅਕਤੂਬਰ

ਰਤਵਾੜਾ ਸਾਹਿਬ ਵਿਖੇ

ਪਿਆਰੇ ਸਤਿਸੰਗੀ ਜੀਓ,

ਸਮੂਹ ਸਤਿਸੰਗੀਆਂ ਦੇ ਚਰਨਾਂ ਵਿਚ ਨਿਮਰਤਾ ਸਾਹਿਤ ਅਤਿਅਧੀਨਗੀ ਨਾਲ ਬੇਨਤੀ ਹੈ ਕਿ ਜਿਵੇਂ ਆਪ ਜੀ ਭਲੀ ਪ੍ਰਕਾਰ ਜਾਣੂੰ ਹਨ, ਕਿ ਪਰਮਪੂਜਯ ਸਤਿਕਾਰਯੋਗ ਟਰਸਟ ਰਤਵਾੜਾ ਸਾਹਿਬ ਦੇ ਬਾਨੀ ਸੰਤ ਮਹਾਰਾਜ ਜੀ 31 ਅਕਤੂਬਰ 2001 ਵਿਚ ਸਰੀਰਕ ਵਿਛੋੜਾ ਦੇ ਗਏ ਸਨ। ਮਹਾਪੁਰਖਾਂ ਦੀ ਪਿਆਰੀ ਲਿਖੀ ਬਾਦ ਅੰਦਰ ਹਰ ਸਾਲ ਹੀ ਸਾਧੂ-ਸੰਤ, ਬੰਗਲੀ-ਜਨ, ਬੁੱਧੀ-ਸਬੁੱਧੀਜੀਵੀ, ਪ੍ਰੋਫੈਸਰ-ਫਿਲਾਸਫਰ, ਮਹਾਂ-ਮੰਡਲੇਸ਼ਵਰ ਸਵਾਮੀ, ਸੂਫੀ-ਫਕੀਰ, ਤਿਆਲੀਹਰ ਬੰਗਲੀ ਜਨ ਤੋਂ ਇਲਾਵਾ ਦੇਸ਼ਾਂ-ਵਿਦੇਸ਼ਾਂ ਤੋਂ ਬਰਧਾਲੂ ਗੁਰਦੁਆਰਾ ਰਤਵਾੜਾ ਸਾਹਿਬ ਦੀ ਪਾਵਨ ਪਵਿੱਤਰ ਭੂਮੀ ਉਪਰ ਨਤ ਮਸਤਕ ਹੋਣ ਵਾਸਤੇ ਹਰ ਸਾਲ ਵਾਂਗੂੰ ਹੀ ਪਹੁੰਚਦੇ ਹਨ। ਇਸ ਸਮਾਗਮ ਅੰਦਰ ਵੀ ਬਰਧਾਲੂ ਆਪਣੀ ਸ਼ਰਧਾ ਦੇ ਫੁੱਲ ਭੇਂਟ ਕਰਨ ਲਈ ਪਹੁੰਚਣਗੇ।

ਸਮਾਗਮ ਸਬੰਧੀ ਤਿਆਰੀਆਂ ਦਿਨ-ਰਾਤ ਚੱਲ ਰਹੀਆਂ ਹਨ। ਹਰ ਪੱਖ ਤੋਂ ਪ੍ਰਬੰਧ ਨੂੰ ਸੁਚੱਜਾ ਬਣਾਉਣ ਵਾਸਤੇ ਸਮੂਹ ਸਤਿਸੰਗੀਆਂ ਦੀ ਵਿਚਾਰ-ਬੈਠਕ ਜਰਨਲ ਇਕੱਤਰਤਾ ਗੁਰਦੁਆਰਾ ਰਤਵਾੜਾ ਸਾਹਿਬ ਵਿਖੇ ਪੂਰਨਮਾਸ਼ੀ 7 ਅਕਤੂਬਰ ਦਿਨ ਸ਼ਨਿਚਰਵਾਰ ਦੀ ਨਿਯੱਤ ਕੀਤੀ ਗਈ ਹੈ। ਇਸ ਇਕੱਤਰਤਾ ਵਿਚ ਸਮਾਗਮ ਸਬੰਧੀ ਜ਼ਿੰਮੇਵਾਰੀਆਂ ਦੀ ਨਿਯੁੱਕਤੀਆਂ ਸਾਰਿਆਂ ਨਾਲ ਸਲਾਹ ਮਸ਼ਵਰੇ ਉਪਰੰਤ ਕੀਤੀ ਜਾਵੇਗੀ। ਸਮਾਗਮ ਦੀ ਆਖਰੀ ਮੀਟਿੰਗ 22 ਅਕਤੂਬਰ 2006 ਨੂੰ ਹੋਵੇਗੀ, ਜਿਸ ਵਿੱਚ ਸਾਰੇ ਜ਼ਿੰਮੇਵਾਰ ਪ੍ਰੇਮੀ ਆਪੋ-ਆਪਣੀ ਸਮਾਗਮ ਤਿਆਰੀ ਸਬੰਧੀ ਰਿਪੋਰਟ ਪੇਸ਼ ਕਰਨਗੇ।

ਉਪਰੋਕਤ ਇਕੱਤਰਤਾਵਾਂ ਬਾਅਦ ਦੁਪਹਿਰ 12.30 ਸ਼ੁਰੂ ਹੋਣਗੀਆਂ। ਇਸ ਲਈ ਆਪ ਸਾਰੇ ਪ੍ਰੇਮੀ ਆਪਣੇ ਸੰਗੀ-ਸਾਥੀਆਂ ਸਮੇਤ ਸਮੇਂ ਸਿਰ ਰਤਵਾੜਾ ਸਾਹਿਬ ਮੀਟਿੰਗ ਵਿਚ ਪਹੁੰਚ ਕੇ ਆਪਣੇ ਸੁਚੱਜੇ ਸੁਝਾਅ ਪੇਸ਼ ਕਰਨ ਦੀ ਕ੍ਰਿਪਾਲਤਾ ਕਰਨੀ ਜੀ।

ਧੰਨਵਾਦ ਸਹਿਤ।

ਆਪ ਦੇ ਸੁਭਚਿੰਤਕ

ਵਾਸਤੇ ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰਸਟ
ਰਤਵਾੜਾ ਸਾਹਿਬ

(ਪੰਨਾ 28 ਦੀ ਬਾਕੀ)

ਹੈ ਮੇਰੀ ਉਡਾਰੀ। ਮੈਂ ਉਡ ਕੇ ਪਹੁੰਚਣਾ ਹੈ ਖੰਭਾਂ ਨਾਲ, ਤੁਸਾਂ ਟੁਰ ਕੇ ਪਹੁੰਚਣਾਂ ਹੈ ਲੱਤਾਂ ਨਾਲ ਕੀੜੀ ਤੋਰੇ, ਸਨੇ ਸਨੇ, ਕਦੇ। ਮੇਰਾ ਖਾਣ ਪੀਣ ਸੈਣ ਸਾਰੇ ਸੰਜਮ ਵਿਚ ਹਨ, ਐਉਂ ਮੈਂ ਨਿਤ ਬ੍ਰਤੀ ਹਾਂ। ਰੋਜ ਰੱਜ ਕੇ ਖਾਣਾ ਤੇ ਗਾਫਲੀ ਤੇ ਆਲਸ ਵਿਚ ਜਾਣਾ, ਪੰਦਰ੍ਹਵੇਂ ਦਿਨ ਫਾਕਾ ਕਰਨਾ ਯਾ ਫਲਾਂ ਫਲੋਹਾਰਾਂ ਨਾਲ ਪੇਟ ਭਰਨਾ, ਇਹ ਉਹ ਗੁਣ ਨਹੀਂ ਰੱਖਦਾ ਜੋ ਨਿਤ ਦਾ ਸੰਜਮ ਰੱਖਦਾ ਹੈ। ਅੰਮ੍ਰਿਤ ਵੇਲਾ ਹੈ, ਸਰੀਰ ਆਪਣੀ ਸੋਹਣੀ ਹਾਲਤ ਵਿਚ ਹੁੰਦਾ ਹੈ, ਗਜ਼ਾ ਹਜ਼ਮ ਹੋ ਚੁੱਕੀ ਹੋਈ ਹੁੰਦੀ ਹੈ, ਸੁਰਤ ਸਰੀਰ ਦੇ ਕੰਮਾਂ ਤੋਂ ਮਾਨੋਂ ਕੁਛ ਵਿਹਲ ਵਿਚ ਹੁੰਦੀ ਹੈ, ਇਸ਼ਨਾਨ ਨਾਲ ਮਨ ਹੀ ਸ਼ਾਂਤੀ ਵਲ ਰੁਖ ਕਰਦਾ ਹੈ, ਬਾਹਰ ਏਕਾਂਤ ਤੇ ਟਿਕਾਉ ਜਗਤ ਵਿਚ ਚੁੱਪ ਵਰਤ ਚੁੱਕੇ ਹੁੰਦੇ ਹਨ, ਉਸ ਦਾ ਪ੍ਰਭਾਉ ਬੀ ਮਨ ਦੇ ਟਿਕਾਉ ਵਾਲਾ ਪੈਂਦਾ ਹੈ, ਉਸ ਵੇਲੇ ਮੈਂ ਸੰਕਲਪ ਨੂੰ ਹੋੜ ਕੇ ਬੈਠ ਜਾਂਦਾ ਹਾਂ। ਫੁਰਨਾ ਰੁਕਣਾ ਕਠਨ ਹੈ, ਪਰ ਜਤਨ ਕਰੀਦਾ ਹੈ, ਪਰਮੇਸ਼ੁਰ ਦਾ ਨਾਮ ਲਈਦਾ ਹੈ, ਉਸ ਦੇ ਗੁਣਾਂ ਦਾ ਚਿੰਤਨ ਕਰੀਦਾ ਹੈ, ਖਿਆਲ ਨੂੰ ਮੋੜ ਮੋੜ ਉਨ੍ਹਾਂ ਦੇ ਗੁਣਾਂ ਵਲ ਤੇ ਸਰੂਪ ਵਲ ਪਾਈਦਾ ਹੈ। ਹੋਰ ਉਠਦੇ ਫੁਰਨੇ ਹੋੜੀਦੇ ਹਨ, ਇਸ ਤਰ੍ਹਾਂ ਆਪਾ ਆਪੇ ਵਿਚ ਟਿਕਦਾ ਹੈ। ਆਪਾ ਸੁਖ ਸਰੂਪ ਹੈ, ਜਦ ਇਹ ਆਪੇ ਵਿਚ ਟਿਕਦਾ ਹੈ ਤਾਂ ਇਸ ਨੂੰ ਇਸ ਤਰ੍ਹਾਂ ਆਪਣੇ ਸੁਖ ਦੀ ਪ੍ਰਤੀਤੀ ਹੋਣ ਲਗ ਪੈਂਦੀ ਹੈ। ਇਹ ਆਪੇ ਦਾ ਸੁਖ ਬਾਹਰਲੇ ਸੁੱਖਾਂ ਦੀ ਪ੍ਰਾਪਤੀ ਲਈ ਅਨਰਥ ਕਰਨੋਂ ਰੋਕ ਲੈਂਦਾ ਹੈ। ਹੇ ਰਾਜਨ! ਦ੍ਰਿਸ਼ਟਾਂਤ ਮਾਤ੍ਰ ਨਾਲ ਸਮਝ ਸੌਖੀ ਪੈ ਜਾਂਦੀ ਹੈ। ਦੇਖੋ ਜੀ, ਇਕ ਬ੍ਰਿਛ ਹੈ, ਇਕੱਲਾ ਖੜ੍ਹਾ ਹੈ, ਇਹ ਕਿਸੇ ਨਾਲ ਗੱਲਬਾਤ ਨਹੀਂ ਕਰਦਾ, ਕਿਸੇ ਦਾ ਮੁਥਾਜ ਨਹੀਂ ਦਿਸਦਾ। ਧਰਤੀ ਵਿਚ ਖੜ੍ਹਾ ਉਸ ਤੋਂ ਖਾਨ ਪਾਨ ਲੈਂਦਾ ਨਿਰਾਧਾਰ ਖੜ੍ਹਾ ਹੈ, ਵੱਧਦਾ ਹੈ, ਮੌਲਦਾ ਹੈ, ਖਿੜਦਾ ਹੈ, ਸਫਲਦਾ ਹੈ, ਇਹ ਕਿਸੇ ਹੋਰ ਬ੍ਰਿੱਛ ਦਾ ਮੁਥਾਜ ਨਹੀਂ ਹੁੰਦਾ, ਤਾਂ ਜਾਣੋਂ ਆਪਣੇ ਜੀਵਨ ਮਾਤ੍ਰ ਦੇ ਆਸਰੇ ਸਿਰ ਖਿੜਦਾ ਮੌਲਦਾ ਹੈ ਨਾ? ਤਿਵੇਂ ਮਨੁੱਖ ਨਹੀਂ, ਇਸ ਨੂੰ ਹਾਸ ਵਿਲਾਸ, ਦੂਇਆਂ ਤੋਂ ਸੁਖ ਲੈਣ ਦੀਆਂ ਮੁਥਾਜੀਆਂ ਹਨ, ਕਿਉਂਕਿ ਇਹ ਅਤਿ ਤ੍ਰਿਸ਼ਨਾ ਕਰਕੇ ਤੇ ਸਵਾਰਥ - ਖੁਦਗਰਜ਼ੀ ਕਰਕੇ ਅਤ੍ਰਿਪਤ ਹੋ ਰਿਹਾ ਹੈ ਤੇ ਆਪਣੇ ਜੀਵਨ ਰਸ ਨੂੰ, ਆਪਣੇ ਆਪੇ ਦੇ ਆਤਮ ਰਸ ਨੂੰ ਭੁੱਲ ਰਿਹਾ ਹੈ। ਸੋ ਰਾਜਨ! ਜਦ ਅਸੀਂ ਅੰਮ੍ਰਿਤ ਵੇਲੇ, ਸਰੀਰ ਦੇ ਸਵਸਥ ਵੇਲੇ, ਮਨ ਦੇ ਟਿਕਾਉ ਵੇਲੇ, ਕੁਦਰਤ ਦੇ ਸਾਂਤਿ ਟਿਕਾਓ ਤੇ ਚੁੱਪ ਵੇਲੇ ਮਨ ਨੂੰ ਮਨ ਵਿਚ ਸਾਂਈ ਦੀ ਯਾਦ ਨਾਲ ਉਸ ਦੇ ਗੁਣਾਨੁਵਾਦ ਨਾਲ ਜੋੜਦੇ ਹਾਂ ਤਾਂ ਆਪਾ ਆਪੇ ਦੇ ਰਸ ਨੂੰ ਲੈਂਦਾ ਹੈ। ਇਥੋਂ ਹੀ ਫੇਰ 'ਪਰਮ ਆਪੇ' ਨਾਲ ਅਰਥਾਤ ਪਰਮਾਤਮ ਦੇਵ ਨਾਲ ਮਿਲ ਪੈਣਾ ਪ੍ਰਾਪਤ ਹੁੰਦਾ ਹੈ। ਇਸ ਤਰ੍ਹਾਂ ਹਉਮੈ ਨਵਿਰਤ ਹੋ ਕੇ ਆਤਮ ਸੁੱਖ ਤੇ ਪਰਮਾਤਮ ਸੁਖ ਪ੍ਰਾਪਤ ਹੋ ਜਾਂਦਾ ਹੈ ਤੇ ਇਥੋਂ ਹੀ ਜਗਤ ਲਈ ਇਹ ਸਰੀਰ ਸੁਖਾਂ ਦਾ ਦਾਤਾ ਹੋ ਜਾਂਦਾ ਹੈ। ਇਹ ਹੈ ਬਿਹੰਗਮ ਮਾਰਗ, ਪੰਛੀ ਉਡਾਰੀ ਵਾਲਾ ਰਸਤਾ, ਇਸਦਾ ਮੂਲ ਹੈ ਪ੍ਰੇਮ। ਤੁਸੀਂ ਜੋ ਕਰਨੀ ਕਰਦੇ ਹੋ, ਹਉਂ ਕਰਾਉਂਦੀ ਹੈ। ਹਉਂ ਨਾਲ ਕੀਤੇ ਕਰਮ ਬੰਧਨਾਂ ਵਿਚ ਰਖਦੇ ਹਨ। ਬਹੁਤ ਕਾਲ ਮਗਰੋਂ ਫੇਰ ਨਿਸ਼ਕਾਮ ਕਰਮ ਦੀ ਸੋਝੀ ਮਿਲਦੀ ਹੈ, ਫਿਰ ਹਉਂ ਦੀ ਨਵਿਰਤੀ ਦਾ ਮਾਰਗ ਮਿਲਦਾ ਹੈ, ਐਉਂ ਅਨੇਕ ਸਮੇਂ ਲਗ ਜਾਂਦੇ ਹਨ। ਫੇਰ ਠਾਕੁਰ ਪੂਜਾ ਨਿਰਜਿੰਦ ਦੀ ਪੂਜਾ ਹੈ। ਅਸੀਂ ਜਿੰਦ ਵਾਲੇ ਹੋ ਕੇ ਨਿਰਜਿੰਦ ਅੱਗੇ ਝੁਕਦੇ ਹਾਂ। ਫਲ ਕੀਹ ਹੋਣਾ ਹੋਇਆ? ਜੇ ਕਹੋ ਮਨ ਕੁਛ ਟਿਕਦਾ ਹੈ। ਤਾਂ ਦੇਖੋ ਟਾਕਰੇ ਤੇ ਗੁਰੂ ਜਦ ਸੇਵੀਂਦਾ ਹੈ ਤਾਂ ਉਸ ਤੋਂ ਉਪਦੇਸ਼, ਉਸਦੀ ਸਹਾਇਤਾ ਮਿਲਦੀ ਹੈ ਤੇ ਝਟਪਟ ਰਸਤਾ ਖੁਲ੍ਹ ਪੈਂਦਾ ਹੈ। ਹੇ ਰਾਜਨ! ਜੋ ਗੁਰੂ ਮੈਨੂੰ ਮਿਲਿਆ ਹੈ, ਉਹ ਤਾਂ ਆਪ ਹੈ। ਪੂਰਨ ਪੂਰ ਸੰਪੂਰਨ, ਉਸ ਦੀ ਤਾਂ ਮਿਹਰ ਬੇੜੇ ਪਾਰ ਕਰਦੀ ਹੈ।

ਇਸਦੀ ਵਾਰਤਾਲਾਪ ਮਗਰੋਂ ਰਾਜ ਦਾ ਮਨਸੁਖ ਨਾਲ ਪ੍ਰੇਮ ਹੋ ਗਿਆ। ਹੁਣ ਦੋਨੋਂ ਰੋਜ਼ ਮਿਲਨ ਤੇ ਮਨਸੁਖ ਆਪਣੇ ਮਾਰਗ ਦੇ ਹਾਲ ਦੱਸੇ ਤੇ ਗੁਰੂ ਨਾਨਕ ਦੇ ਗੁਣ ਵਰਣਨ ਕਰੇ। ਗੁਣ ਸੁਵਣ ਕਰ ਕਰਕੇ ਤੇ ਉਸ ਆਦਮੀ ਦਾ ਜੀਵਨ, ਉਸਦੀ ਸੁੱਚਤਾ, ਟਿਕਵੀਂ ਦਿਲ ਖੁਸ਼ੀ, ਉਸਦੇ ਉਪਕਾਰ ਤੇ ਜਗਤ ਨਾਲ ਭਰਾਵਾਂ ਵਾਲੇ ਵਰਤਾਉ ਦੇ ਮਾਮਲੇ ਦੇਖ ਦੇਖ ਕੇ ਰਾਜਾ ਨੂੰ ਗੁਰੂ ਨਾਨਕ ਦੇਵ ਜੀ ਨਾਲ ਪਰਮ ਪ੍ਰੇਮ ਹੋ ਗਿਆ। ਇਹ ਕਹਿ ਕੇ ਸੰਤਾਂ ਨੇ ਇਕ ਕਾਗਜ਼ ਕੱਢਿਆ ਤੇ ਬੜੀ ਮਧੁਰ ਸੁਰ ਵਿਚ ਐਉਂ ਰਹਾ ਨਾਲ ਸੁਨਾਉਣ ਲੱਗੇ -

ਪਰਮ ਪ੍ਰੇਮ ਭੂਪਤਿ ਉਪਜਾਵਾ।
ਦਰਸਨ ਕਰਨ ਹੇਤ ਉਮਗਾਵਾ।
ਸੁਨਿ ਸ੍ਰੀ ਗੁਰ ਕੇ ਬਚਨ ਅਨੂਪਾ।
ਮਨਸੁਖ ਸੌਂ ਬੋਲਜੋ ਤਬ ਭੂਪਾ।
ਮੁਝ ਕੌ ਦਰਸਨ ਦੇਹੁ ਕਰਾਈ।
ਕਰਿ ਉਪਕਾਰ ਦੀਨ ਕੀ ਨਜਾਈਂ।
ਜਿਸ ਪ੍ਰਕਾਰ ਸ੍ਰੀ ਨਾਨਕ ਪੂਰਨ।
ਮਿਲਹਿਂ, ਉਪਾਇ ਕਰੋ ਸੋ ਤੂਰਨ।
ਗਵਨੋਂ ਮੈਂ ਅਬ ਤੁਮਰੇ ਸੰਗਾ।
ਤਜਿ ਕਰਿ ਦੇਸ਼ ਰਾਜ ਸਰਬੰਗਾ।
ਕਰਿ ਕੈ ਦਰਸ਼ਨ ਭਰਮ ਮਿਟਾਵੌਂ।
ਲੇ ਉਪਦੇਸ਼ ਪਰਮਪਦ ਪਾਵੌਂ।
ਜਿਨ ਕੇ ਬਚਨ ਚੁਭੇ ਮਨ ਮੇਰੇ।
ਸ਼ਾਂਤਿ ਨ ਆਵਤਿ ਬਿਨ ਅਬ ਹੇਰੇ॥
ਬਨਜ ਨਿਕਟ ਹੈ ਤੁਮਰੇ ਜੇਤੋ।
ਸੌਂਦਾ ਕਰਹੁ ਸਦਨ ਮਮ ਤੇਤੋ।
ਗਮਨਹੁ ਪੁਨ, ਨਹਿੰ ਬਿਲਮ ਲਗਾਵਹੁ।
ਜਹਿ ਸ੍ਰੀ ਨਾਨਕ ਤਹਾਂ ਪੁਚਾਵਹੁ।
ਜਗਜੋ ਪ੍ਰੇਮ ਭੂਪਤਿ ਵਡਭਾਗੀ।
ਪਿਖਿ ਮਨਸੁਖ ਬੋਲਜੋ ਅਨੁਰਾਗੀ।
ਅਸ ਪ੍ਰਕਾਰ ਨਹਿਂ ਕਰਹੁ ਰਜਾਨਾ।
ਤਜਿ ਕਰਿ ਦੇਸ਼ ਨ ਬਨਹਿ ਪਿਆਨਾ।

ਜੇ ਤੁਮ ਚਲਹੁ ਸੰਗ ਤਿਹ ਦੇਸਾ।
ਬਹੁ ਦਿਨ ਮਹਿਂ ਦਰਸਹਿ ਜਗਤੇਸ਼ਾ।
ਇਹਾਂ ਪ੍ਰੇਮ ਕਰ ਚਿਤਵਹਿ ਮਨ ਮੈਂ।
ਦਰਸ਼ਨ ਦੇਖਹਿਂ ਥੋਰਨ ਦਿਨ ਮੈਂ।
ਸ੍ਰੀ ਨਾਨਕ ਜੀ ਅੰਤਰਜਾਮੀ।
ਸਰਬ ਥਾਨ ਗਜਾਤਾ ਜਗ ਸਵਾਮੀ।
ਪੂਰਨ ਪ੍ਰੇਮ ਦੇਖ ਕਰਿ ਤੇਰਾ।
ਦਰਸ਼ਨ ਦੇਹਿਂ ਆਇ ਬਿਨ ਦੇਰਾ॥
ਕਹਿਤਿ ਨ੍ਰਿਪਤ ਪਰਖੋਂ ਕਿਸ ਭਾਂਤੀ?
ਮੁਝੈ ਬਤਾਵਹੁ ਗੋਤ ਸੁ ਜਾਤੀ।
ਕਿਸ ਪ੍ਰਕਾਰ ਕੋ ਬੇਖ ਸਰੀਰਾ?
ਕੌਨ ਨਗਰ ਰਹਿਂ ਗੁਨੀ ਗਹੀਰਾ।
ਸੁਨਿ ਮਨਸੁਖ ਨੈ ਬਚਨ ਉਚਾਰਾ।
ਤਿਨ ਕੋ ਪਰਖਨ ਦੁਸ਼ਤਰ ਭਾਰਾ।
ਬੇਦੀ ਬੰਸ ਖੱਤਰੀ ਜਾਤੀ।
ਜਨਮ ਪੁਰੀ ਤਲਵੰਡੀ ਖਜਾਤੀ।
ਕ੍ਰਿਤਿ ਕਰੀ ਕਛੂ ਪੁਰਿ ਸੁਲਤਾਨਾ।
ਅਬਿ ਤਜਿ ਦੀਨੋ ਮੋਦੀਖਾਨਾ।
ਬੇਖ ਅਤੀਤਨ ਕਾ ਕਰਿ ਬੈਸੇ।
ਸਾਂਗ ਕਰਤਿ ਮਾਯਕ ਨਰ ਜੈਸੇ।
ਇਹ ਸਭਿ ਪਤੇ ਲੀਨਿ ਲਿਖਿ ਭੂਖਾ।
ਜਿਹ ਉਰ ਜਾਗਜੋ ਪ੍ਰੇਮ ਅਨੂਪਾ।
ਮਨਸੁਖ ਕੋ ਬੂਝੀ ਗੁਨ ਖਾਨੀ।
ਲਿਖੀ ਮਨੋਹਰ ਸ੍ਰੀ ਗੁਰਬਾਨੀ।
ਰਹਜੋ ਜਿਤੇ ਦਿਨ ਨਗਰ ਮਝਾਰਾ।
ਨਿਤ ਨਰੇਸ਼ ਕੈ ਜਾਇ ਅਗਾਰਾ।
ਮਹਿਮਾ ਸ੍ਰੀ ਨਾਨਕ ਕੀ ਭਾਖੈ।
ਤਿਉਂ ਤਿਉਂ ਨ੍ਰਿਪ ਕੋ ਮਨ ਅਭਿਲਾਖੈ।
ਜਬ ਨਿਜ ਬਨਜ ਸਰਬ ਕਰਿ ਲੀਨਾ।
ਗਮਨਜੋ ਨਿਕਟ ਭੂਪ ਪਰਬੀਨਾ।
ਬੰਦਿ ਹਾਥ ਕਹਿ ਦੇਹੁ ਨਿਦੇਸ਼ਾ।
ਚਲਜੋ ਚਹਤ ਹੌਂ ਅਬ ਨਿਜ ਦੇਸ਼ਾ।
ਸੁਨਿ ਭੂਪਤਿ ਨੇ ਕੀਨ ਸਨੇਹਾ।
ਜੈਸੇ ਕਹੈ ਜੀਵ ਸੰਗ ਦੇਹਾ।
ਕਹਤ ਭਯੋ: ਉਪਕਾਰ ਸੁ ਤੇਰੋ।
ਜੇ ਕਿਰਤਾਰਥ ਹ੍ਵੈ ਤਨ ਮੇਰੋ।
ਕਹਿ ਨ ਸਕੋਂ ਮੈਂ ਤੋਰ ਵਡਾਈ।
ਕਬੈ ਕ੍ਰਿਪਾਲ ਮਿਲੈਂ ਮੁਝ ਤਾਈਂ।
ਹੁਤੋ ਨਿਕਟ ਆਵਤ ਪਰਚਾਵਤਿ।
ਸ੍ਰੀ ਨਾਨਕ ਗੁਨ ਬਰਨ ਸੁਨਾਵਤਿ॥
ਬਿਨ ਦਰਸ਼ਨ ਮੈਂ ਸਦਾ ਉਦਾਸਾ।
ਕਬਹਿ ਆਨ ਪੂਰਹਿ ਮਮ ਆਸਾ।
ਮਨਸੁਖ ਧੀਰਜ ਦੀਨ ਬਹੂਤੀ।
ਸੁਨਹੁ ਨ੍ਰਿਪਤ! ਤਵ ਮਤਿ ਅਤਿ ਪੂਤੀ।
ਦ੍ਰਿੜ੍ਹ ਨਿਸ਼ਚਾ ਰਾਖਹੁ ਮਨ ਮਾਂਹੀ।
ਸੁਨਹੁ ਨ੍ਰਿਪਤ! ਤਵ ਮਤਿ ਅਤਿ ਪੂਤੀ।
ਦ੍ਰਿੜ੍ਹ ਨਿਸਚਾ ਰਾਖਹੁ ਮਨ ਮਾਂਹੀ।
ਮਿਲਹਿਂ ਕ੍ਰਿਪਾਲ ਦੇਰ ਕਛੂ ਨਾਹੀ।
ਅਸ ਕਹਿ ਕਰੀ ਪਰਸਪਰ ਬੰਦਨ।
ਗਵਨਜੋ ਸਿਮਰਤ ਬਿਘਨ ਨਿਕੰਦਨ।

(ਗੁਰ. ਨਾਨਕ, ਪ੍ਰਕਾਸ਼ ਪੂ: ਅਧਿ 44)

ਸਾਧਸੰਗਤ ਜੀ! ਲਿਖਿਆ ਹੈ ਕਿ ਤਬ ਉਹ (ਮਨਸੁਖ) ਵਿਦਾ ਹੋਇਆ ਓਥੋਂ। ਤੁਰਦੀ ਵੇਰ ਮਨਸੁਖ ਨੇ ਇਉਂ ਰਾਜੇ ਨੂੰ ਕਿਹਾ, ਰਾਜਾ ਜੀ ਤੂੰ ਧੰਨ ਹੈਂ! ਗੁਰੂ ਬਾਬਾ ਨਾਨਕ ਤੈਨੂੰ ਮਿਲੇਗਾ, ਪਰ ਤੂੰ ਲੱਖ ਸਕਹਿਗਾ ਨਹੀਂ। ਕਿਆ ਜਾਪੇ ਕਿਤ ਰੂਪ ਤੁਝ ਕਉ ਆਇ ਦਰਸਨ ਦੇਇਗਾ, ਜੋਗੀ ਕੇ ਰੂਪ, ਕਿ ਬ੍ਰਹਮਨ ਕੇ ਰੂਪ, ਕਿ ਦਿਗੰਬਰ ਕੇ ਰੂਪ, ਕਿ ਖਤ੍ਰੀ ਕੇ ਰੂਪ, ਬੈਰਾਗੀ ਕੇ ਰੂਪ, ਕਿ ਸਨਜਾਸੀ ਕੇ ਰੂਪ, ਕਿ ਬ੍ਰਹਮਚਾਰੀ ਕੇ ਰੂਪ, ਕਿ ਕਲੰਦਰ ਕੇ ਰੂਪ ਅਤੇ ਸਭੇ ਰੂਪ ਉਸਦੇ ਹੈਨ, ਇਉਂ ਨ ਜਾਣੀਐ ਤੇਰੇ ਤਾਂਈਂ ਕਿਤ ਰੂਪ ਦਰਸਨ ਦੇਵੈਗਾ। ਉਹ ਅਬਿਨਾਸੀ ਪੁਰਖ ਹੈ ਤੂੰ ਸਮਝਤਾ ਰਹੀਐ।

ਮਨਸੁਖ ਤਾਂ ਟੁਰ ਆਇਆ, ਰਾਜੇ ਦਾ ਪ੍ਰੇਮ ਵਿਛੋੜੇ ਵਿਚ ਵਧਦਾ ਗਿਆ, ਉਸ ਦਾ ਹੁਣ ਇਹ ਹਾਲ ਹੋ ਗਿਆ –

ਉਤ ਭੂਪਤਿ ਕੇ ਮਨਿ ਲਿਵ ਲਾਗੀ।
ਸਿਮਰਤ ਨਿਸ ਬਾਸੁਰ ਬਡਭਾਗੀ।
ਉਠਤਿ ਬੈਠਤਿ ਗਮਨਤਿ ਨਾਮੁ।
ਕਹਿ ਸ੍ਰੀ ਨਾਨਕ ਨਿਤ ਸੁਖ ਧਾਮੁ।
ਮੋਰ ਸਮਾਨ ਭਯੋ ਮਨ ਮੋਰਾ।
ਕਬਹਿ ਮਿਲਹਿਂ ਹ੍ਵੈ ਕੈ ਘਨਘੋਰਾ।
ਚਿਤ ਚਾਤ੍ਰਿਕ ਕੋ ਪਜਾਸ ਪੁਕਾਰਤ।
ਚਾਹਤਿ ਸ੍ਰਾਂਤਿ ਦਰਸ ਹਰਿ ਆਰਤਿ।
ਲੋਚਨ ਭਏ ਚਕੋਰ ਵਿਚਾਰੇ।
ਚੰਦ ਬਦਨ ਕਬਿ ਆਨ ਦਿਖਾਰੇਂ।
ਬਿਰਦ ਸੁਨਜੋ ਮੈਂ ਦੀਨ ਦਯਾਲਾ।
ਯਾਂਤੇ ਆਸਾ ਕਰੋਂ ਬਿਸਾਲਾ।
ਅਸ ਪ੍ਰਕਾਰ ਭੂਪਤਿ ਅਭਿਲਾਖਾ।
ਦਿਨ ਪ੍ਰਤਿ ਬਧਤ ਬਿਟਪ ਜਸੋਂ ਸਾਖਾ।
ਨੈਨ ਬਿਖੈ ਨਿੰਦ੍ਰਾ ਜਿਨ ਤਜਾਗੀ।
ਦਿਨ ਮੈਂ ਭੂਖ ਪਿਆਸਾ ਭਾਗੀ।
ਪ੍ਰੇਮ ਅਧਾਰ ਜੀਵਨਾਂ ਜਿਹ ਕੋ।
ਲੋਚਨ ਚਲਤ ਰਹਤ ਜਲ ਤਿਹ ਕੋ।
ਕਿਤਿਕ ਦਿਵਸ ਅਸ ਭਾਂਤਿ ਬਿਤਾਏ।
ਜਿਹ ਕੇ ਜਾਗੇ ਭਾਗ ਸੁਹਾਏ।

(ਗੁਰ. ਨਾਨਕ, ਪ੍ਰਕਾਸ਼ ਪੂ: ਅਧਿ 44)

ਸਤ ਅਨੁਭਵ ਮਹਾਂਪੁਰਸ਼ਾਂ ਦੇ

ਸੰਤ ਮਾਡੂ ਰਾਮ ਲਸੋਈ ਵਾਲੇ

ਪ੍ਰਸ਼ਨ - ਹੇ ਸਤਿਗੁਰੋ, ਦੇਸ਼ ਕਾਲ ਵਸਤੂ ਸੇ ਰਹਿਤ, ਨਿਰਅਭਿਮਾਨ ਕੈਸੇ ਰਹੇਂ? ਸੋ ਆਪ ਕਿਰਪਾ ਕਰ ਕੇ ਦੱਸੋ?

ਉੱਤਰ - ਹੇ ਸਿੱਖ-ਨੇਤਰ, ਕੰਠ, ਹਿਰਦਾ, ਇਹ ਤੀਨ ਦੇਸ਼ ਹੈਂ। ਜਾਗ੍ਰਤ, ਸੁਪਨ, ਸਖੋਪਤ, ਇਹ ਤੀਨ ਕਾਲ ਹੈ। ਅਸਥੂਲ, ਸ਼ੂਖਮ, ਕਾਰਨ ਇਹ ਤੀਨ ਵਸਤੂ ਹੈਂ। ਬ੍ਰਿਸ਼, ਤੇਜਸ, ਪ੍ਰਾਗ, ਇਹ ਤੀਨ ਅਭਿਮਾਨੀ ਹੈ। ਜੀਵ ਕੇ ਦੇਸ਼, ਕਾਲ, ਵਸਤੂ ਕਹੇ। ਅੱਗੇ ਈਸ਼ਵਰ ਕੇ ਦੇਸ਼, ਕਾਲ, ਵਸਤੂ ਸੁਣ ਅਭਿਆਕਿਰਤ, ਹਿਰਨਗਰਭ, ਵੈਸ਼ਵਾਨਰ, ਇਹ ਤੀਨ ਦੇਸ਼ ਹੈਂ, ਉਤਪਤੀ ਇਸਥਿਤੀ, ਲੈਤਾ, ਇਹ ਤੀਨ ਕਾਲ ਹੈ। ਰਜੋ, ਸਤੋ, ਤਮੋ ਇਹ ਤੀਨ ਵਸਤੂ ਹੈਂ। ਬ੍ਰਹਮਾ ਵਿਸ਼ਨੂੰ, ਸ਼ਿਵ ਇਹ ਤੀਨ ਅਭਿਮਾਨੀ ਹੈ। ਜੀਵ ਕੇ ਦੇਸ਼, ਕਾਲ, ਵਸਤੂ ਕਾ ਅਰ ਈਸ਼ਵਰ ਕੇ ਦੇਸ਼, ਕਾਲ, ਵਸਤੂ ਕਾ ਸਾਖੀ ਤੂੰ ਹੈਂ। ਸਾਖੀ ਏਕ, ਸਾਖ ਅਨੇਕ। ਸਾਖੀ ਜੜ੍ਹ, ਸਾਖੀ ਚੇਤੰਨ, ਸਾਖੀ ਮਿਥਿਆ, ਸਾਖੀ ਸੱਤਿ ਸਰੂਪ। ਸਮਸ਼ਟੀ ਵਾਚ ਈਸ਼ਵਰ ਕਾ ਤਿਆਗ ਕਰਨਾ। ਵਿਅਸ਼ਟੀ ਵਾਚ ਜੀਵ ਕਾ ਤਿਆਗ ਕਰਨਾ, ਦੋਨੋਂ ਕੋ ਏਕ ਲੱਖ ਗ੍ਰਹਿਣ ਕਰਨਾ, ਸੋ ਲੱਖ, ਆਪ ਕੋ ਜਾਨਣਾ। ਸਿੱਖੋ ਵਾਚ - ਹੇ ਸਤਿਗੁਰੋ, ਵਾਚ ਕੇ ਕੈਸੈ ਤਿਆਗਾਂ ਅਰ ਲੱਖ ਕੋ ਕੈਸੇ ਲਖੂੰ? ਸੋ ਆਪ ਕਿਰਪਾ ਕਰਕੇ ਦੱਸੋ। ਹੇ ਸਿੱਖ, ਮਹਾਂਵਾਕ ਕੇ ਵਿਚਾਰਿਆਂ, ਵਾਚ ਕਾ ਤਿਆਗ ਲੱਖ ਕਾ ਗ੍ਰਹਿਣ ਹੋਤਾ ਹੈ। ਸੋ ਮਹਾਂਵਾਕ ਚਾਰ ਹੈਂ, ਤੱਤੂੰ ਮਸੀ, ਸਿਆਮ ਵੇਦ ਕਾ ਮਹਾਂ ਵਾਕ ਹੈ। ਤੱਤ ਨਾਮ ਈਸ਼ਵਰ ਕਾ, ਤੂੰ ਨਾਮ ਜੀਵ ਕਾ, ਮਸੀ ਨਾਮ ਦੋਨੋਂ ਕੀ ਏਕਤਾ ਕਾ ਹੈ। ਪ੍ਰਾਗਿਆ ਨਾਮ ਅਨੰਦ, ਬ੍ਰਹਮ, ਰਿਗ ਵੇਦ ਕੋ ਵਾਕ ਹੈ। ਪ੍ਰਾਗਿਆ ਨਾਮ, ਜੀਵ ਕਾ ਹੈ। ਅਨੰਦ ਨਾਮ ਈਸ਼ਵਰ ਕਾ ਹੈ। ਬ੍ਰਹਮ ਨਾਮ ਦੋਨੋਂ ਕੀ ਏਕਤਾ ਕਾ ਹੈ। ਅਜੂੰ, ਆਤਮਾ, ਬ੍ਰਹਮ, ਥਰਵਣ ਵੇਦ ਕੋ ਵਾਕ ਹੈ। ਅਜੂੰ ਨਾਮ ਜੀਵ ਕਾ ਹੈ, ਆਤਮਾ, ਨਾਮ ਈਸ਼ਵਰ ਕਾ ਹੈ, ਬ੍ਰਹਮ ਨਾਮ, ਦੋਨੋਂ ਕੀ ਏਕਤਾ ਕਾ ਹੈ। ਅਜੂੰ, ਆਤਮਾ ਬ੍ਰਹਮ, ਜੁਜਰ ਵੇਦ ਕੋ ਵਾਕ ਹੈ। ਅਜੂੰ ਨਾਮ ਜੀਵ ਕਾ ਆਤਮਾ ਨਾਮ ਈਸ਼ਵਰ ਕਾ, ਬ੍ਰਹਮ ਨਾਮ ਦੋਨੋਂ ਕੀ ਏਕਤਾ ਕਾ ਹੈ। ਏਕ ਏਕ ਵਾਕ ਮੇਂ ਤੀਨ ਤੀਨ ਪਦ ਹੈ। ਦ੍ਰਿਸ਼ਟਾਂਤ ਜਲ, ਸਮੁੰਦਰ ਜੈਸੇ ਏਕ ਜਲ ਔਰ ਸਮੁੰਦਰ ਔਰ ਜਲ ਅਰ ਬੂੰਦ ਦੋਨੋਂ ਕਾ ਲਖ ਏਕ ਆਪ ਕੋ ਗ੍ਰਹਿਣ ਕਰਨਾ। ਸੋ ਲੱਖ ਆਪ ਕੋ ਜਾਨਣਾ। ਨਾਮ, ਬ੍ਰਹਮ ਗਿਆਨੀ ਆਪਿ ਪ੍ਰਮੇਸਰ। ਬ੍ਰਹਮਗਿਆਨੀ ਕਉ ਖੋਜਹਿ ਮਹੇਸੁਰ॥' ਵੇਦ ਪ੍ਰਮਾਣ (273) ਬ੍ਰਹਮਵਤਾ ਤਾ ਬ੍ਰਹਮ ਭਵਤੀ।" ਬ੍ਰਹਮ ਕੇ ਜਾਨਣੇ ਵਾਲਾ। ਬ੍ਰਹਮ ਹੀ ਹੈ, ਹੇ ਸਤਿਗੁਰੋ, ਵਾਚ ਕੋ ਕੈਸੇ ਤਿਆਗਾਂ ਅਰ ਲਖ ਕੇ ਕੈਸੇ ਲਖੂੰ? ਸੋ ਆਪ ਕਿਰਪਾ ਕਰਕੇ ਦੱਸੋ?

ਹੇ ਸਿੱਖ, ਲਖਣਾ ਤੀਨ ਪ੍ਰਕਾਰ ਕੀ ਹੈ। ਜਹਿਤੀ, ਅਜਹਿਤੀ, ਭਾਗ ਤਿਆਗ। ਜਹਿਤੀ ਲਖਣਾ ਵਾਚ ਕਾ ਤਿਆਗ ਅਰ ਕਿਨਾਰੇ ਕਾ ਗ੍ਰਹਿਣ ਕਰਤੀ ਹੈ। ਜੈਸੇ ਗੰਗਾ ਵਿਖੇ ਪਿੰਡ ਵੱਸਦਾ ਹੈ, ਗੰਗਾ ਇਕ ਨਦੀ ਹੈ, ਇਸ ਮੇਂ ਪਿੰਡ ਕਾ ਵੱਸਣਾ ਅਸੰਭਵ ਹੈ। ਇਸ ਲਈ ਪਿੰਡ ਕਿਨਾਰੇ ਤੇ ਵਸਦਾ ਹੈ, ਇਥੇ ਵਾਚ ਕਿਨਾਰਾ ਹੈ। ਜਹਿਤੀ ਲਖਣਾ ਮਹਾਂ ਵਾਕਾਂ ਮੇਂ ਨਹੀਂ ਘਟਦੀ, ਅੱਗੇ ਅਜਹਿਤੀ ਲੱਖਣਾ ਹੈ। ਇਹ ਜੈਸੇ ਕੋਈ ਕਹੇ ਕਿ ਮਨਾ ਪੁਕਾਰਤਾ ਹੈ, ਅਰ ਲਾਲ ਰੰਗ ਦੌੜਤਾ ਹੈ। ਮਨੇ ਕੀ ਲਖਣਾ ਮਾਨੁੱਖ ਵਿਖੇ ਹੋਈ, ਅਰ ਰੰਗ ਕੀ ਲਖਣਾ, ਘੋੜੇ ਵਿਖੇ ਹੋਈ। ਐਸੇ ਵਾਕ ਕੀ ਨਿਆਈਂ ਮਹਾਂ ਵਾਕ ਮੇਂ ਦੂਸਰੀ ਅਜਹਿਤੀ ਭੀ ਨਹੀਂ ਬਣਦੀ ਕਿਉਂਕਿ ਅਧਿਕ ਵਾਚ ਕਾ ਗ੍ਰਹਿਣ ਕਰਦੀ ਹੈ। ਅੱਗੇ ਭਾਗ ਤਿਆਗ ਲੱਖਣਾ ਹੈ। ਭਾਗ ਤਿਆਗ ਲੱਖਣਾ ਸੁਹੁ ਦੇਵਦੱਤ ਕੀ ਨਿਆਈਂ ਗ੍ਰਹਿਣ ਕਰਤੀ ਹੈ। ਜੈਸੇ ਕੋਈ ਕਾਂਸੀ ਕਾ ਪੁਰਖ, ਅੰਮ੍ਰਿਤਸਰ ਆਇਆ ਹੋਵੇ, ਪਰੋਖ ਕਾਂਸੀ ਕਾ ਤਿਆਗ ਕਰਨਾ। ਪ੍ਰਤੱਖ ਅੰਮ੍ਰਿਤਸਰ ਕਾ ਤਿਆਗ ਕਰਨਾ। ਦੋਨੋਂ ਦੇਸ਼ਾਂ ਕੋ ਛੱਡ ਕੇ ਏਕ ਮਨੁੱਖ ਗ੍ਰਹਿਣ ਕਰਨਾ। ਤੈਸੇ ਪ੍ਰੋਖ ਦੇਸ਼, ਕਾਲ, ਵਸਤੂ, ਈਸ਼ਵਰ ਕੇ ਤਿਆਗਣੇ, ਪ੍ਰਤੱਖ ਦੇਸ਼, ਕਾਲ ਵਸਤੂ ਜੀਵ ਕੇ ਤਿਆਗਣੇ, ਦੋਨੋਂ ਕਾ ਲੱਖ ਏਕ ਗ੍ਰਹਿਣ ਕਰਨਾ। ਸੋ ਲੱਖ ਆਪ ਕੋ ਜਾਨਣਾ, ਜੈਸੇ ਕੋਈ ਏਕ ਪੁਰਖ ਮਾਇਆ ਧਾਰੀ ਦੇਖਿਆ, ਫੇਰ ਉਹੀ ਕੰਗਾਲ ਦੇਖਿਆ। ਉਸ ਸਮੇਂ ਕੀ ਅਵਸਥਾ ਤਿਆਗਣੀ। ਦੋਨੋਂ ਕਾ ਲੱਖ ਏਕ ਗ੍ਰਹਿਣ ਕਰਨਾ। ਸੋ ਲੱਖ ਆਪ ਕੋ ਜਾਨਣਾ। ਤੈਸੇ ਈਸ਼ਵਰ ਕੀ ਸਰਬੱਗਤਾ ਮਾਇਆ ਤਿਆਗਣੀ, ਜੀਵ ਕੀ ਅਲਪੱਗਤਾ ਅਵਿਦਿਆ ਤਿਆਗਣੀ। ਦੋਨੋਂ ਕਾ ਲੱਖ ਏਕ ਗਰਹਿਣ ਕਰਨਾ, ਸੋ ਲੱਖ ਆਪ ਕੋ ਜਾਨਣਆ। "ਦਹਿਦਿਸ ਢੂੰਢਿ ਘਰੈ ਮਹਿ ਪਾਇਆ॥ ਮੇਲੁ ਭਇਆ ਸਤਿਗੁਰੂ ਮਿਲਾਇਆ॥" (932) ਹੇ ਸਿੱਖ, ਐਸੇ ਦੇਹ ਅਭਿਮਾਨ ਤੇ ਰਹਿਤ, ਦੇਹ ਤੇ ਨਿਆਰਾ ਹੋ। ਜੈਸੇ ਨਾਰੀਅਲ ਵਿਖੇ ਗਿਰੀ ਵੱਖਰੀ ਹੈ। ਜੈਸੇ ਬਦਾਮ ਵਿਖੇ ਗਿਰੀ ਵੱਖਰੀ ਹੈ। ਜੈਸੇ ਘਰ ਤੇ ਘਰ ਵਾਲਾ ਵੱਖਰਾ ਹੈ। ਤੈਸੇ ਦੇਹ ਤੋਂ ਵੱਖਰਾ ਆਪ ਕੋ ਜਾਣ। ਜੈਸੇ - "ਦੇਹ ਰਹੇ ਅਥਵਾ ਜਾਈ। ਜੋਗੀ ਕੋ ਦੁਖ ਹੋਏ ਨਾ ਰਾਈ॥" ਆਤਮ ਸਰੂਪ ਸਭ ਸੁੱਖਾਂ ਕੀ ਖਾਨ ਹੈ। ਦੇਹ ਕਰਕੇ ਸੰਸੇ ਹੈਂ। ਦੇਹ ਕਰਕੇ ਰੋਗ ਹੈਂ। ਦੇਹ ਕਰਕੇ ਗ੍ਰਿਹਸਤ ਹੈ। ਸੋ ਦੇਹ ਪੰਜਾਂ ਕੋਸ਼ਾਂ ਕੀ ਹੈ। ਹੇ ਸਤਿਗੁਰੋ, ਪੰਜ ਕੋਸ਼

ਕਿਸ ਕੋ ਕਹਿਤੇ ਹੈਂ? ਸੋ ਆਪ ਕਿਰਪਾ ਕਰਕੇ ਕਹੋ। ਹੇ ਸਿੱਖ, ਤੇਰੇ ਪ੍ਰਤੀ ਭਿੰਨ ਭਿੰਨ ਕਰਕੇ ਕਹਿਤੇ ਹੈਂ। ਸੋ ਸੁਣਨਾ ਕਰ, ਪ੍ਰਿਥਮੇਂ ਅਨਮਯ ਕੋਸ਼ ਕਹਿਤੇ ਹੈਂ, ਜੋ ਮਾਤਾ ਅੰਨ ਖਾਤੀ ਹੈ, ਤਿਸ ਤੇ ਰਕਤ ਹੋਤਾ ਹੈ, ਜੋ ਪਿਤਾ ਅੰਨ ਖਾਤਾ ਹੈ, ਤਿਸ ਤੇ ਬੀਰਜ਼ ਹੋਤਾ ਹੈ, ਭੋਗ ਸਮੇਂ ਦੋਨੋਂ ਮਿਲ ਜਾਤੇ ਹੈਂ, ਸਾਢੇ ਤੀਨ ਮਾਸ਼ੇ ਰਤ ਮਾਤਾ ਕੀ, ਡੇਢ ਮਾਸਾ ਬੀਰਜ ਪਿਤਾ ਕਾ, ਪੰਜਾਂ ਕੋਸ਼ਾਂ ਕੀ ਦੇਹ ਮਿਸ਼ਰਤ ਹੋਏ ਅਨੰ ਕੀ ਅੰਸ਼, ਅੰਨ ਕਰਕੇ ਬਣੀ ਹੈ, ਬਿਨਾਂ ਅੰਨ ਮਰ ਜਾਤੀ ਹੈ, ਤਾਂ ਤੇ ਅਸਥੂਲ ਦੇਹ ਕੋ ਅੰਨਮਯ ਕੋਸ਼ ਕਹਿਤੇ ਹੈਂ, "ਪੰਜੇ ਕਰਮ ਇੰਦ੍ਰੀਆਂ, ਛੇਵਾਂ ਮਨ, ਇਸ ਕੋ ਮਨੋਮਿਉ ਕੋਸ਼ ਕਹਿਤੇ ਹੈਂ।" "ਪੰਜੇ ਪਰਾਣ ਕੋ ਪ੍ਰਾਣਮਿਉ ਕੋਸ਼ ਕਹਿਤੇ ਹੈਂ।" "ਪੰਜੇ ਗਿਆਨ ਇੰਦ੍ਰੀਆਂ ਛੇਵੀਂ ਬੁੱਧੀ ਕੋ ਵਿਗਿਆਨਮਿਉ ਕੋਸ਼ ਕਹਿਤੇ ਹੈਂ," "ਅਵਿਦਿਆ ਕਾ ਨਾਮ ਅਨੰਦਮਿਉ ਕੋਸ਼ ਹੈ।" "ਹੇ ਸਿੱਖ ਜਾਗ੍ਰਤ ਵਿਖੇ ਅਸਥੂਲ ਦੇਹ ਕੋ ਅੰਨਮਿਉ ਕੋਸ਼ ਹੋਤਾ ਹੈ," "ਸੁਫਨ ਵਿਖੇ ਮਨੋਮਿਉ ਕੋਸ਼ ਹੋਤਾ ਹੈ।" ਪ੍ਰਾਣਮਿਉ ਕੋਸ਼, ਵਿਗਿਆਨਮਿਉ ਕੋਸ਼, ਤੀਨ ਕੋਸ਼ ਸੂਖਮ ਦੇਹ ਵਿਖੇ ਹੋਤੇ ਹੈਂ, "ਅਨੰਦਮਿਉ ਕੋਸ਼ ਸਖੋਵਤ ਵਿਖੇ ਹੋਤਾ ਹੈ, ਪੰਜਾਂ ਕੋਸ਼ਾਂ ਮੇਂ ਜੀਵ ਐਸੇ ਢਕਿਆ ਗਿਆ ਜੈਸੇ ਤੂਸ ਵਿਖੇ ਤੰਦਲ (ਚੋਲ)।" "ਜੈਸੇ ਖੜਗ, ਮਿਆਨ ਮੇਂ। ਰਾਹ ਵਿਖੇ ਰਾਹੀਂ, ਪੱਟ ਵਿਖੇ ਪਟ ਕੀੜਾ। ਦਲਦਲ ਵਿਖੇ ਹਸਤੀ। ਜੈਸੇ ਇਨ ਕਾ ਸਰੂਪ ਢਕਿਆ ਗਿਆ, ਤੈਸੇ ਜੀਵ ਕਾ ਸੱਤਿ ਚਿੱਤ ਅਨੰਦ ਸਰੂਪ ਢਕਿਆ ਗਿਆ, ਭਾਸਤਾ ਨਹੀਂ, ਪੰਜਾਂ ਕੋਸ਼ਾਂ ਕੀ ਦੁੱਖ ਰੂਪੀ ਨਦੀ ਮੇਂ ਢਕਿਆ ਗਿਆ, ਜੈਸੇ ਦਸ ਜੁਲਾਹੇ ਕਾਹੀਂ ਕਾ ਖੇਤ ਦੇਖ ਕਰ, ਨਦੀ ਜਾਣ ਕਰ ਲੀੜੇ ਜੋੜੇ ਲਾਹ ਕਰ, ਪਾਰ ਹੋ ਕਰ ਗਿਣਨੇ ਲੱਗੇ, ਨੌਵਾਂ ਕੋ ਗਿਣੇ, ਦਸਵਾਂ ਆਪ ਕੋ ਨਾ ਗਿਣੇ, ਏਕ ਕੋ ਡੁੱਬਿਆ ਜਾਣ ਕਰ ਰੋਣੇ ਪਿੱਟਣੇ ਲੱਗੇ, ਬਹੁਤ ਦੁਖੀ ਹੋਤੇ ਭਏ ਤਾਂ ਏਕ ਦਿਆਲੂ ਪੁਰਖ ਆਇਆ, ਉਸ ਨੇ ਗਿਣ ਕਰ ਦੱਸੇ, ਪੂਰੇ ਕਰ ਦਿਤੇ, ਰੋਣੇ ਤੇ ਰਹਿਤ ਹੋਏ, ਬੜੇ ਖੁਸ਼ੀ ਹੋਏ, ਘਰ ਕੋ ਜਾਤੇ ਭਏ। ਹੇ ਸਿੱਖ, ਤੈਸੇ ਪੰਜ ਕੋਸ਼ ਭਰਮ ਕੀ ਨਦੀ ਹੈ। ਜੀਵ ਰੂਪੀ ਜੁਲਾਹਾ ਹੈ। ਨੌਵਾਂ ਦੂਸਰਿਆਂ ਕੋ ਗਿਣਤਾ ਹੈ। ਦਸਵਾਂ ਆਪ ਕੋ ਨਹੀਂ ਗਿਣਤਾ। ਨੌਵਾਂ ਸਾਥ ਮਿਲ ਕੇ ਆਪਣਾ ਆਪ ਭੁੱਲ ਗਿਆ, ਜੰਮਣ ਮਰਣ ਦੁੱਖਾਂ ਕੋ ਪਾਵਤਾ ਹੈ, ਐਸੇ ਦੁੱਖ ਪਾਵਤੇ ਨੂੰ ਦੇਖ ਕੇ, ਸਤਿਗੁਰ ਕਿਰਪਾ ਕਰਕੇ ਕਹਿਤੇ ਹੈਂ, ਹੇ ਸਿੱਖ, ਸੰਸਾਰ ਕੇ ਜੋ ਸੁੱਖ ਹੈ, ਕੁਟੰਬ ਕੋ ਦੁਖਦਾਈ ਜਾਣਤਾ ਹੈ। ਆਧਿ ਜੋ ਤਾਪ ਦੇਹ ਕਾ ਫੋੜਾ ਫਿਨਸ਼ੀ ਤਿਸ ਆਧਿ ਤਾਪ ਸਾਥ ਦੇਹ ਕੋ ਦੁਖੀ ਦੇਖਤਾ ਹੈ, ਅਰ ਦੁਖੀ ਹੋਤਾ ਹੈ। ਬਿਆਧਿ ਹੈ, ਜੋ ਇੰਦ੍ਰੀ ਤਾਪ ਤਿਸ ਬਿਆਧਿ ਤਾਪ ਸਾਥ ਇੰਦ੍ਰੀਆਂ ਕੋ ਦੁਖੀ ਦੇਖ ਕੇ, ਦੁਖੀ ਹੋਤੀ ਹੈ। ਉਪਾਧਿ ਹੈ ਜੋ ਅੰਤਸ਼ਕਰਨ ਕਾ ਤਾਪ ਤਿਸ ਉਪਾਧਿ ਤਾਪ ਸਾਥ ਦੇਹ ਕੋ ਦੁਖੀ ਦੇਖ ਕੇ ਦੁਖੀ ਹੋਤਾ ਹੈ। ਬਿਆਧਿ ਹੈ, ਜੋ ਤਾਪ ਇੰਦਰੀਆਂ ਕਾ ਲੰਗੀ, ਗੁੰਗੀ ਕਾਣੀ, ਬੋਲੀ ਹੋ ਜਾਣਾ, ਤਿਸ ਬਿਆਧਿ ਤਾਪ ਸਾਥ ਇੰਦਰੀਆਂ ਕੋ ਦੁਖੀ ਦੇਖ ਕੇ ਦੁਖੀ ਹੋਤਾ ਹੈ। ਉਪਾਧਿ ਹੈ, ਜੋ ਤਾਪ ਅੰਤਸ਼ਕਰਨ ਕਾ ਧਨ, ਪੁੱਤਰ, ਇਸਤਰੀ, ਸੰਬੰਧੀ ਗੁਜ਼ਰ ਜਾਣਾ ਅਤਵਾ ਦੇਵੀ ਦੇਵਤੇ ਕੀ ਪੀੜਾ ਸਮਝਣੀ। ਤਿਸ ਉਪਾਧਿ ਤਾਪ ਸਾਥ ਦੇਹ ਕੋ ਦੁਖੀ ਦੇਖ ਕੇ ਦੁਖੀ ਹੋਤਾ ਹੈ। ਜੈਸੇ ਨਿਰਧਨ ਦੁਖੀ ਹੋਇਆ ਧਨ ਕੋ ਦੌੜਤਾ ਹੈ, ਤੈਸੇ ਜਗਿਆਸੂ ਸਤਿਗੁਰ ਕੀ ਸ਼ਰਨ ਕੋ ਜਾਤਾ ਹੈ, ਯਥਾ ਸ਼ਕਤਿ ਭੇਟਾ ਕਰ, ਹਾਥ ਜੋੜ ਅਰਦਾਸ ਕਰਤਾ ਹੈ। ਹੇ ਸਤਿਗੁਰੋ! ਮੈਂ ਬੜਾ ਦੁਖੀ ਹੂੰ, ਹੇ ਸਤਿਗੁਰੋ ਮੈਂ ਕੌਣ ਹੂੰ? ਜਿਸ ਨੇ ਇਤਨਾ ਦੁੱਖ ਪਾਇਆ ਹੈ, ਕਹਾਂ ਸੇ ਆਇਆ? ਕਹਾਂ ਜਾਵਾਂਗਾ? ਮੇਰਾ ਸਰੂਪ ਕਿਆ ਹੈ? ਜੰਮਣੇ ਮਰਨੇ ਸੇ ਕੈਸੇ ਛੂਟੂੰ? ਹੇ ਸਤਿਗੁਰੋ, ਜੰਮਣਾ ਮਰਨਾ ਬੜਾ ਭਾਰੀ ਦੁੱਖ ਹੈ, ਸੋ ਜਿਉਂ ਤਿਉਂ ਕਰਕੇ ਮੇਰਾ ਦੁੱਖ ਨਵਿਰਤ ਕਰੋ। ਅੱਗੇ ਸਤਿਗੁਰ ਕਿਰਪਾ ਕਰਕੇ ਕਹਿਤੇ ਹੈਂ। ਹੇ ਸਿੱਖ, ਸਰਬ ਦੁੱਖਾਂ ਕਾ ਕਾਰਨ ਦੇਹ ਹੈ। ਦੇਹ ਕਾ ਕਾਰਨ, ਧਰਮ ਅਧਰਮ ਹੈ। ਧਰਮ ਅਧਰਮ ਕਾ ਕਾਰਨ ਸ਼ੁੱਭ ਅਸ਼ੁੱਭ ਕਰਮ ਹੈ। ਸ਼ੁੱਭ ਅਸ਼ੁੱਭ ਕਰਮ ਕਾ ਕਾਰਨ ਰਾਗ ਦਵੈਖ ਹੈ। ਰਾਗ ਦਵੈਖ ਕਾ ਕਾਰਨ ਭਲੇ ਬੁਰੇ ਕਾ ਅਧਿਆਸ ਹੈ। ਭਲੇ ਬੁਰੇ ਕੇ ਅਧਿਆਸ ਕਾ ਕਾਰਨ, ਦਵੈਤ ਦ੍ਰਿਸ਼ਟਿ ਹੈ, ਦਵੈਤ ਦ੍ਰਿਸ਼ਟਿ ਕਾ ਕਾਰਨ ਬ੍ਰਹਮ ਵਿਖੇ ਐਸਾ ਝੂਠ ਹੈ, ਜੈਸੇ ਸਿੱਪੀ ਵਿਖੇ ਰੂਪਾ ਝੂਠ ਹੈ। ਰੱਸੀ ਵਿਖੇ ਸਰਪ ਝੂਠ ਹੈ। ਤੈਸੇ ਦਵੈਤ ਬ੍ਰਹਮ ਵਿਖੇ ਝੂਠ ਹੈ, ਤਿਸ ਤੇ ਦਵੈਤ ਕਾ ਕਾਰਨ ਜੋ ਅਗਿਆਨ ਹੈ। ਸੋ ਅਨਹੁੰਦਾ ਹੀ ਕਲਪਤ ਹੈ। ਤਿਸ ਅਗਿਆਨ ਕੀ ਨਵਿਰਤੀ ਤਬ ਹੋਤੀ ਹੈ। ਜਬ ਆਪਣੇ ਸਰੂਪ ਕਾ ਗਿਆਨ ਹੋਤਾ ਹੈ। ਆਪਣੇ ਸਰੂਪ ਕਾ ਗਿਆਨ ਤਬ ਹੋਤਾ ਹੈ। ਜਬ ਬਿਦਾਂਤ ਸ਼ਾਸ਼ਤਰ ਕਾ ਸਰਵਣ ਕਰੇ। ਬਿਤਾਂਤ ਕੀ ਪ੍ਰਾਪਤੀ ਤਬ ਹੋਤੀ ਹੈ। ਜਬ ਸ੍ਰੇਸ਼ਟ ਗੁਰਾ ਕੀ ਸੰਗਤ ਕਰੇ। ਸ੍ਰੇਸ਼ਟ ਗੁਰਾਂ ਬਿਨਾਂ ਗਿਆਨ ਕੀ ਪ੍ਰਾਪਤੀ ਨਹੀਂ ਹੋਤੀ। ਜੈਸੇ ਜੌਹਰੀ ਬਿਨਾਂ ਲਾਲ ਕੀ ਪ੍ਰੀਖਿਆ ਨਹੀਂ ਹੋਤੀ। ਜੈਸੇ ਵੈਦ ਬਿਨਾਂ ਰੋਗ ਕਾ ਗਿਆਨ ਨਹੀਂ ਹੋਤਾ, ਜੈਸੇ ਰਸਾਇਣੀ ਬਿਨਾਂ ਬੂਟੀ ਕੀ ਪ੍ਰੀਖਿਆ ਨਹੀਂ ਹੋਤੀ, ਤੈਸੇ ਸਤਿਗੁਰਾਂ ਬਿਨਾਂ ਗਿਆਨ ਕੀ ਪ੍ਰਾਪਤੀ ਨਹੀਂ ਹੋਤੀ। ਜਬ ਰਸਾਇਣੀ ਪ੍ਰਸੰਨ ਹੋਤਾ ਹੈ। ਤਬ ਰਸਾਇਣ ਕੀ ਸਰਵ ਵਿਧਿ ਸਿਖਾ ਦੇਤਾ ਹੈ। ਆਪਣੇ ਜਿਹਾ ਕਰ ਲੈਂਦਾ ਹੈ, ਤੈਸੇ ਤਨ ਮਨ ਧਨ ਸਤਿਗੁਰਾਂ ਕੇ ਅੱਗੇ ਅਰਪਨ ਕਰੇ, ਸਤਿਗੁਰਾਂ ਕੇ ਚਰਨ ਕਮਲ ਕੀ ਸੇਵਾ ਕਰੇ। ਬਰਨ ਆਸ਼ਰਮ ਕੇ ਅਭਿਮਾਨ ਨੂੰ ਤਿਆਗ ਕੇ, ਲੋਕ ਲਾਜ, ਕੁਲ ਲਾਜ, ਵੇਦ ਲਾਜ, ਤੀਨੋਂ ਲੱਜਾ ਕਾ ਤਿਆਗ ਕਰੇ। ਲੱਜਾ ਨਾਮ ਜੇਵੜੀ ਕਾ ਹੈ। ਜੈਸੇ ਜੇਵੜੀ ਰੱਸਾ ਲੈ ਕੇ ਕਿਸੇ ਕੇ ਗੱਲ ਨਾਲ ਬੰਨ੍ਹ ਦੇਈਏ, ਤੈਸੇ ਲੱਜਾ ਰੂਪੀ ਜੇਵੜੀ ਹੈ, ਤਿਸ ਕਾ ਤਿਆਗ ਕਰੇ।

"ਕਬੀਰਾ ਬਾਂਸੁ ਬਡਾਈ ਬੂਡਿਆ ਇਉਂ ਮਤ ਡੂਬਹੁ ਕੋਇ॥ ਚੰਦਨ ਕੈ ਨਿਕਟੇ ਬਸੈ, ਬਾਂਸੁ ਸੁਗੰਧ ਨ ਹੋਇ॥ (1365) ਬਾਂਸ ਮੇਂ ਤੀਨ ਔਗੁਣ ਹੈਂ। ਏਕ ਤੋ ਉਚਾ, ਦੂਜੇ ਗੰਢਾ, ਤੀਜੇ ਪੋਲ। ਤੈਸੇ ਲੋਕ ਲਾਜ, ਊਚਤਾਈ ਕੇ ਸਮਾਨ ਹੈ। ਕੁਲ ਲਾਜ ਕੁਟਲਤਾਈ ਕੇ ਸਮਾਨ ਹੈ, ਬੇਦ ਲਾਜ, ਗੰਢਾਂ ਕੇ ਸਮਾਨ ਹੈ। "ਕਬੀਰ ਸਤਿਗੁਰੂ ਪੂਰਾ ਕਿਆ ਕਰੈ ਜਉ ਸਿਖਾਂ ਮਹਿ ਚੂਕ॥ ਅੰਧੇ ਏਕ ਨਾ ਲਾਗਈ ਜਿਉਂ ਬਾਂਸੁ ਬਜਾਈਐ ਫੂਕ॥" ਆਪਣੇ ਅੰਤਰ ਕੇ ਵਿਕਾਰ ਤਿਆਗਣੇ। ਝੂਠ, ਹਠ, ਕਾਮ, ਕ੍ਰੋਧ, ਲੋਭ, ਮੋਹ, ਮਾਣ, ਅਪਮਾਨ, ਧ੍ਰੋਹ, ਦੰਭ, ਹੰਕਾਰ ਇਹ ਆਸੁਰੀ ਸੰਪਰਤਾ ਕੇ ਗੁਣ ਤਿਆਗਣੇ। ਦੈਵੀ ਸੰਪਰਤਾ ਕੇ ਗੁਣਾਂ ਕੋ ਧਾਰਨ ਕਰੇ। ਸ਼ੀਲ, ਸੰਤੋਖ, ਦਇਆ, ਧਰਮ, ਜਪ, ਤਪ, ਸਮ, ਨੇਮ ਇਹ ਜਾਨਣੇ। ਸਤਿਗੁਰਾਂ ਕੇ ਵਾਕ ਪਰ ਸ਼ਰਧਾ ਰੱਖਣੀ, ਜੋ ਸਤਿਗੁਰ ਕਹਿਣ, ਸੋ ਕਰਨਾ। ਭਲੀ ਪ੍ਰਕਾਰ ਅਭਿਆਸ ਕਰਨਾ, ਜਬ ਆਪਣੇ ਆਤਮਾ ਸਰੂਪ ਕੀ ਵਾਰਤਾ ਕਰਤੇ ਹੈਂ, ਉਪਦੇਸ਼ ਚਰਚਾ ਕਰਤੇ ਹੈਂ, ਤਬ ਬਾਦੀ ਪੱਖੀ ਤਰਕਾਂ ਮਾਰਤੇ ਹੈਂ, ਕਰਮਕਾਂਡੀ ਤਰਕਾਂ ਮਾਰਤੇ ਹੈਂ। ਜੈਸੇ ਕੋਈ ਉਲੂਆਂ ਕੇ ਦਿਨ ਕੀ ਵਾਰਤਾ ਕਰੇ, ਤਬ ਉੱਲੂ ਉਸ ਕੋ ਮਾਰਨ ਆਤੇ ਹੈਂ, ਕਹਿਤੇ ਹੈਂ, ਸੂਰਜ ਕਹਾਂ ਹੈ? ਤੈਸੇ ਬਾਦੀ ਪੱਖੀ, ਕਰਮ ਕਾਂਡੀ, ਤਰਕਾਂ ਮਾਰਤੇ ਹੈਂ। ਕਹਿਤੇ ਹੈਂ, ਪ੍ਰਮੇਸ਼ਰ ਕਹਾਂ ਹੈ? ਤਿਨ ਕੋ ਕਹੇ, ਸੁਣ ਮੂਰਖ, ਤੇਰੇ ਵੇਦ ਕਿਆ ਕਹਿਤੇ ਹੈਂ, ਪਰਮਾਣ ਸੁਰਤੀ 'ਸਰਬੰ, ਖਲੰ, ਈਦੰ, ਬ੍ਰਹਮੰ" "ਦ੍ਰਿਸ਼ਟ ਸਮਾਨ ਜੋ ਪਰਪੰਚ ਹੈ, ਸੋ ਬ੍ਰਹਮ ਹੀ ਹੈ, ਪ੍ਰਪੰਚ ਕਹਿਣੇ ਮਾਤਰ ਹੈ। ਜੈਸੇ ਭੂਖਣ ਕਹਿਣੇ ਮਾਤਰ ਹੈਂ, ਸਰਵਣ ਹੀ ਹੈ, ਸੋ ਬ੍ਰਹਮ ਹੀ ਹੈ, ਪ੍ਰਪੰਚ ਕਹਿਣੇ ਮਾਤਰ ਹੈ। ਜੈਸੇ ਭੂਖਣ ਕਹਿਣੇ ਮਾਤਰ ਹੈਂ, ਸਵਰਣ ਹੀ ਸਵਰਣ ਹੈ। ਤੈਸੇ ਬ੍ਰਹਮ ਹੀ ਬ੍ਰਹਮ ਹੈ, ਜੈਸੇ ਗੁਰੂ ਜੀ ਕਹਿਤੇ ਹੈਂ "ਬ੍ਰਹਮੁ ਦੀਸੈ, ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥ ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥" (846) ਹੇ ਸਤਿਗੁਰੋ, ਜੇ ਬ੍ਰਹਮ ਹੈ, ਤਾਂ ਨਜ਼ਰ ਕਿਉਂ ਨਹੀਂ ਆਉਂਦਾ? ਹੇ ਸਿੱਖ, ਸਤਿਗੁਰਾਂ ਬਿਨਾਂ ਦੇਖਿਆ ਨਹੀਂ ਜਾਂਦਾ, ਸਤਿਗੁਰ ਕੈਸੇ ਦਿਖਾਉਂਦੇ ਹੈਂ? ਸੋ ਸੁਣ - "ਪੂਰੇ ਗੁਰ ਕਾ ਸੁਨਿ ਉਪਦੇਸੁ॥ ਪਾਰਬ੍ਰਹਮੁ ਨਿਕਟਿ ਕਰਿ ਪੇਖੁ॥" (295) ਅਭਿਆਸ ਰੂਪੀ ਸ਼ਰੀਕ, ਪ੍ਰਮਾਦ ਰੂਪੀ ਤਰਕ, ਵੇਦ ਰੂਪੀ ਢਾਲ ਸਾਥ ਨਵਿਰਤ ਕਰੇ। ਜਬ ਐਸੇ ਸਮਰੱਥ ਹੋਵੇ, ਤਬ ਬ੍ਰਹਮ ਰੂਪੀ ਧਾਮ ਕੋ ਪਾਵੇ ਹੈ। ਜੰਮਣ ਮਰਨ ਰੂਪੀ ਚੱਕਰ ਤੇ ਛਉੱਟੇ, ਮੜ੍ਹੀ ਮਸਾਣੀ, ਗੁੱਗਾ, ਭੈਰੋਂ, ਦੇਵੀ ਦੇਵਤਿਆਂ ਦੀ ਪੀੜਾ ਤੇ ਰਹਿਤ ਹੋਵੇ। ਕਿਸੇ ਫਲ ਕੀ ਇੱਛਾ, ਕਿਸੀ ਕੇ ਅਧੀਨ ਨਹੀਂ ਹੋਵੇ। ਸਰਵ ਮਨੌਂਤ ਬੰਧਨ, ਜਗਤ ਕੇ ਦੂਰ ਕਰੇ, ਜੈਸੇ ਗੁਰੂ ਜੀ ਕਹਿਤੇ ਹੈਂ, "ਬੰਧਨ ਤੋਰਿ ਭਏ ਨਿਰਵੈਰ। ਅਨਿਦਿਨ ਪੂਜਹਿ ਗੁਰ ਕੇ ਪੈਰ। (192) ਜੈਸੇ ਕ੍ਰਿਸ਼ਨ ਭਗਵਾਨ ਜੀ, ਅਰਜਨ ਕੋ ਕਹਿਤੇ ਹੈਂ, ਹੇ ਅਰਜਨ, ਜਿਸ ਨੇ ਏਕ ਗਿਆਨੀ ਗੁਰੂ ਕੀ ਪੂਜਾ ਕਰੀ ਹੈ, ਤਿਸ ਨੇ ਤਿਰਲੋਕੀ ਪੂਜੀ ਹੈ, ਗਿਆਨੀ ਮੇਰਾ ਰੂਪ ਹੈ, ਮੈਂ ਗਿਆਨੀ ਕਾ ਰੂਪ ਹਾਂ। ਮੈਂ ਤੇ ਗਿਆਨੀ ਗੁਰੂ, ਦੋ ਨਹੀਂ, ਏਕ ਹੀ ਹਾਂ।" "ਤੈਸੇ ਗੁਰ ਪ੍ਰਮੇਸਰ ਭੇਦ ਨਾ ਭਾਈ॥ ਨਾਨਕ ਜਾ ਕਉ ਬੂਝ ਬੁਝਾਈ॥" ਤੈਸੇ ਗੁਰਾਂ ਕੋ, ਆਪ ਕੋ ਪਰਮੇਸ਼ਰ ਕੋ, ਏਕ ਹੀ ਸਮਝੋ। ਜੈਸੇ ਸਰਵ ਦੇਸ਼ ਕਾ ਲੂਣ ਏਕ ਹੀ ਹੈ। ਜੈਸੇ ਸਰਵ ਦੇਸ਼ ਕਾ ਦੁੱਧ ਏਕ ਹੀ ਹੈ। ਜੈਸੇ ਸਰਵ ਦੇਸ਼ ਕੀ ਅਗਨੀ ਏਕ ਹੀ ਹੈ। ਜੈਸੇ ਸਰਵ ਦੇਸ਼ ਕੀ ਘਟੋਂ ਮਟੋਂ ਕੀ ਮਿੱਟੀ ਏਕ ਹੀ ਹੈ। ਜੈਸੇ ਸਰਵ ਦੇਸ਼ ਕੀ ਅਗਨੀ ਏਕ ਹੀ ਹੈ। ਜੈਸੇ ਸਰਵ ਦੇਸ਼ ਕੀ ਘਟੋਂ ਮਟੋਂ ਕੀ ਮਿੱਟੀ ਏਕ ਹੀ ਹੈ। ਤੈਸੇ ਹੀ ਸਰਵ ਆਪਣਾ ਹੀ ਆਪ ਹੈ। ਦੁਵੈਤ ਵਿਖੇ ਕਹਿਣਾ, ਸੋ ਦੁਵੈਤ ਝੂਠ ਹੈ। ਤੈਸੇ ਸਰਵ ਆਪਣਾ ਹੀ ਆਪ ਹੈ, ਦੇਹ ਅਧਿਆਸ ਦੂਰ ਕਰੇ। ਆਤਮਾ ਅਧਿਆਸ ਧਾਰਨ ਕਰੇ, ਦੇਹ ਕੋ ਅਸਤਿ ਜੜ੍ਹ ਦੁੱਖ ਰੂਪ ਜਾਣੇ। ਆਤਮਾ ਕੋ ਸੱਤਿ ਚਿੱਤ ਅਨੰਦ ਰੂਪ ਜਾਣੇ। ਪ੍ਰਿਥਮੇ ਸਾਵਿਕਲਪ ਸਮਾਧ ਕਰੇ।

ਪ੍ਰਮਾਣ - "ਜਿਤਰ ਜਿਤਰ ਮਨ ਜਾਤੀ॥ ਤਿਤਰ ਤਿਤਰ ਸਰਬ ਬ੍ਰਹਮ ਦ੍ਰਿਸ਼ਟਾਤੀ।" ਜਹਾਂ ਜਹਾਂ ਮਨ ਜਾਵੇ, ਤਹਾਂ-ਤਹਾਂ ਬ੍ਰਹਮ ਦੇਖੇ। ਫਿਰ ਨਿਰਵਿਕਲਪ ਸਮਾਧ ਕਰੇ, ਫੁਰਨੇ ਤੋਂ ਰਹਿਤ ਹੋਵੇ। ਅੱਗੇ ਤੀਨ ਗੁੱਜਰ ਪ੍ਰਤੀਬੰਧ ਹੈਂ। ਏਕ ਤੋ ਗੁੱਜਰ ਪ੍ਰਤੀਬੰਧ ਇਹ ਹੈ ਕਿ ਜਦੋਂ ਅਭਿਆਸ ਕਰਦਿਆਂ ਨੂੰ, ਕੋਈ ਵਿਸ਼ਾ ਸਨਮੁਖ ਆ ਖੜੋਵੇ, ਜਿਸ ਵਿਸ਼ੇ ਸਾਥ ਪ੍ਰੀਤੀ ਹੋਵੇ, ਉਸ ਵਿਸ਼ੇ ਕੋ ਬ੍ਰਹਮ ਜਾਣੇ, ਤਬ ਦੂਰ ਹੋਤਾ ਹੈ, ਜਿਸ ਕਾ ਨਾਮ ਗੁੱਜਰ ਪ੍ਰਤੀਬਿੰਬ ਹੈ। ਵਿਸ਼ੇ ਵਾਸ਼ਨਾ, ਸਮ ਦਮ ਕਰਕੇ ਦੂਰ ਹੋਤੀ ਹੈ। ਮੰਦ ਬੁੱਧੀ ਸੁਣਨ ਕਰਕੇ ਦੂਰ ਹੋਤੀ ਹੈ। ਕੁਤਰਕ, ਹੱਠ, ਮੰਨਣ ਕਰਕੇ ਦੂਰ ਹੋਤਾ ਹੈ। ਵਿਪਰਜੇ, ਅਨਾਤਮਾ ਕੋ ਆਤਮਾ ਜਾਨਣਾ, ਇਹ ਨਿਧਿਆਸਨ ਕਰਕੇ ਦੂਰ ਹੋਤਾ ਹੈ। ਇਸੀ ਕਾ ਨਾਮ ਵਰਤਮਾਨ ਪ੍ਰਤੀਬੰਧ ਹੈ। ਅਭਿਆਸ ਕੀਏ ਤੇ ਜੋ ਸਾਖਿਆਤਕਾਰ ਨਾ ਹੋਏ, ਤੋ ਜਾਣੀਏ ਇਸ ਕਾ ਨਾਮ ਭਾਵੀ ਪ੍ਰਤੀਬੰਧ ਹੈ। ਭਲੀ ਪ੍ਰਕਾਰ ਅਭਿਆਸ ਕਰੇ, ਤਬ ਇਹ ਦੂਰ ਹੋਤਾ ਹੈ। ਫੇਰ ਸਾਖਿਆਤਕਾਰ ਰੂਪ ਹੋ ਜਾਤਾ ਹੈ। ਜੈਸੇ ਕੀੜਾ ਭਰੰਗੀ ਰੂਪ ਹੋਤਾ ਹੈ। "ਨਾਨਕ ਗੁਰੂ ਤੇ ਗੁਰ ਹੋਇਆ॥" (੪੯੦) "ਹਰਿ ਕਾ ਸੇਵਕੁ ਸੋ ਹਰਿ ਜੇਹਾ। ਭੇਦੁਨ ਜਾਣਹੁ ਮਾਣਸ ਦੇਹਾ॥" (1076) ਅੱਗੇ ਸ਼ਾਸ਼ਤਰ ਵੇਦ ਕੇ ਅਨੁਸਾਰ ਚਾਰ ਵਾਕ ਹੈਂ, ਰੋਚਕ, ਭਿਆਨਕ, ਯਥਾਰਥ, ਵਿਗਿਆਨ। ਸ਼ਰੀਅਤ, ਤਰੀਕਤ, ਹਰੀਕਤਮ, ਮਾਰਫ਼ਤ ਇਹ ਚਾਰ ਮੁਸਲਮਾਨਾ ਦੀਆਂ ਮੰਜਲਾਂ ਹੈਂ। ਗਿਆਨ ਕਾਂਡ, ਉਪਾਸਨਾ ਕਾਂਡ, ਕਰਮਕਾਂਡ ਇਹ ਤੀਨ

ਕਾਂਡ ਹੈਂ। ਉਤਮ ਕੋ ਗਿਆਨ ਕਾਂਡ, ਮੱਧਮ ਕੋ ਉਪਾਸਨਾ ਕਾਂਡ, ਕਨਿਸ਼ਟ ਕੋ ਕਰਮ ਕਾਂਡ॥

ਦੋਹਿਰਾ – "ਰੋਗ ਦੂਰ ਕੇ ਕਾਰਨੇ ਪਿਤਾ ਕਹੇ ਨਿੰਮ ਪੁੰਨ ਪੀਉ॥ ਪੁਨ ਤੋ ਕੋ ਲੱਡੂਆ ਦੇਊਂ ਸੁਖੀ ਹੋਏ ਤਬ ਜੀਉ॥" ਤੈਸੇ ਵੈਦ ਰੂਪੀ ਪਿਤਾ ਨੇ, ਸੁਰਗ ਰੂਪੀ ਲੱਡੂ ਦਿਖਾਇਆ ਹੈ, ਅਗਿਆਨ ਰੂਪੀ ਰੋਗ ਕੋ ਨਵਿਰਤ ਕਰਨ ਵਾਸਤੇ, ਫੇਰ ਤਿਸ ਕੋ ਭੀ ਦੂਰ ਕਰੇ ਹੈ, "ਜਿਉਂ ਕੋਈ ਬਾਲਕ ਰੋਗੀ ਹੋਵੇ। ਔਖਧ ਕਟੂ ਨਾਮ ਸੁਣ ਰੋਵੇ। ਔਖਧ ਕੋ ਫਲ ਲਾਡੂ ਨਾਹੀਂ। ਔਖਧ ਖਾਏ ਰੋਗ ਸਭ ਜਾਈ॥" ਪਰਮਾਣ ਸੁਰਤੀ – "ਇੰਦਰ ਲੋਕ ਕੇ ਮਹਿਤ ਦੁਖੀਆ ਪ੍ਰਜਾਪਤ ਤਿਤੀ। ਬਚਾ ਬਿਸ਼ਨੇ ਚਰ ਦਰੈਚ ਦੁਖ ਛੰਡੋਵਤੀ।" ਤਾਂ ਕੋ ਪਿਤਾ ਲੱਡੂ ਦਿਖਲਾਵੇ। ਔਖਧ ਕਾਜ ਲੋਭ ਉਪਜਾਵੇ। ਇੰਦਰ ਲੋਕ ਦੁੱਖ ਰੂਪ, ਬਿਸ਼ਨ ਲੋਕ ਦੁੱਖ ਰੂਪ, ਸ਼ਿਵ ਲੋਕ ਦੁੱਖ ਰੂਪ, ਸਰਵ ਲੋਕ ਦੁੱਖ ਰੂਪ ਹੈਂ, ਏਕ ਆਤਮਾ ਹੀ ਸੁੱਖ ਰੂਪ ਹੈ। ਦੋਹਿਰਾ – "ਪ੍ਰਮਾਤਮਾ ਪ੍ਰਮਾਨੰਦ ਮੇਂ ਸਭ ਲੈ ਲੀਣ। ਜਨਮ ਮਰਨ ਕੇ ਦੁਖ ਸਭ ਭਏ ਜਗਤ ਮਤਿ ਖੀਣ।।" ਜੈ ਪ੍ਰਮਾਤਮਾ ਪਰੀਪੂਰਨ॥ ਵਿਵੇਕ ਸੰਪੂਰਨ॥

ੴ ਸਤਿਗੁਰ ਪ੍ਰਸਾਦਿ॥ ਨਿਜਾ ਨੰਦ ਨਮਹ॥

ਅਥ. ਗਿਆਨ ਕਰੋੜੇ ਛੰਦ, ਲਿਖਿਅਤੇ

ਸਿਮਰਨ ਤੇ ਦੁੱਖ ਹਰੇ ਜਨਣ ਕੇ,
ਭਗਤ ਬਸਲ ਹਿਤਕਾਰੀ ਹੈ॥
ਚਾਰ ਪਦਾਰਥ ਕੇ ਸੁਖ ਦਾਤੇ,
ਦੇਤ ਭਾਵਨ ਅਨੁਸਾਰੀ ਹੈ॥
ਜੈਸੀ ਮਨਸਾ ਕਰ ਕੋਊ ਧਿਆਵਤ,
ਤਤ ਛਿੰਨ ਦੇਤ ਵਿਚਾਰੀ ਹੈ।
ਜਹਾਂ ਜਹਾਂ ਪੁਨ ਭੀੜ ਪੜੇ ਜਨ,
ਤਹਾਂ ਤਹਾਂ ਲੇਤ ਉਭਾਰੀ ਹੈ॥
ਮਾਡੂ ਰਾਮ ਇਤ ਮੋਖ ਧਿਆਵਤ,
ਤਿਨ ਹਿਤ ਗੁਰ ਦੇਹ ਧਾਰੀ ਹੈ॥
"ਗੁਰ ਦੇਵਨ ਕੇ ਦੇਵ ਜਗਤ ਮੇਂ
ਗੁਰ ਸਮ ਮੀਤ ਨ ਕੋਈ ਰੇ॥
ਗੋਬਿੰਦ ਤੇ ਪੁਨ ਅਧਿਕ ਦੇਵ
ਗੁਰ ਭਵ ਦਿਖਾਏ ਭਵ ਖੋਈ ਰੇ॥
ਅਉਰ ਦੇਵ ਵਰ ਦੇਤ ਦਰਵ
ਬਹੁ ਬਿਨਸ਼ ਜਾਤ ਪੁੰਨ ਸੋਈ ਰੇ॥
ਸਤਿਗੁਰ ਸੋ ਵਰ ਦੇਤ ਜਨੋਂ ਕੋ,
ਬਿਨਸ਼ ਜਾਤ ਨਾਹੀ ਜੋਈ ਰੇ॥
ਇਤ ਸੁਖੀ ਉਤ ਮੋਖ ਲਹੇ ਨਰ,
ਸੰਵਰੇ ਲੋਕ ਸੋ ਦੋਈ ਰੇ॥
ਮਾਡੂ ਰਾਮ ਬਲਿਹਾਰ ਗੁਰਾਂ ਪੁਰ
ਜਾਂ ਮਿਲ ਸਤਿਗੁਰ ਹੋਈ ਰੇ॥੨॥"
"ਜਿਉਂ ਚੰਦਨ ਢਿਗ ਅਉਰ ਦੁਰਮ ਜੋ,
ਚੰਦਨ ਰੂਪ ਸਮ ਹੋਵੇ ਹੈਂ॥
ਪਾਰਸ ਛੋਹੇ ਤਾਂਬੋ ਹੋਤ ਕੰਚਨ ਜਿਉਂ
ਨਿਜ ਸਰੂਪ ਕੋ ਖੋਵੇ ਹੈ।
ਭਿਰੰਗੀ ਕਰਤ ਕੀਟ ਕੋ ਨਿੱਜ ਸਮ,
ਭਿੰਨ ਨਾ ਕੋਊ ਜੋਵੇ ਹੈ॥
ਜਿਉਂ ਅਤੀ ਮੈਲੋ ਬੀਥਨ ਕੋ
ਮਿਲਤ ਗੰਗ ਜਲ ਮਲ ਧੋਵੇ ਹੈਂ॥
ਦੀਪ ਸੰਗ ਤੇ ਅਨ ਦੀਪਕ ਜਿਉਂ,
ਦੀਪ ਮਾਨ ਸਮ ਹੋਵੇ ਹੈ॥
ਮਾਡੂ ਰਾਮ ਗੁਰ ਸੰਗਤ ਤੇ ਸਿੱਖ
ਸਤਿਗੁਰ ਰੂਪ ਸਮ ਹੋਵੇ ਹੈ॥੩॥"
"ਬਾਰ ਬਾਰ ਗੁਰੂ ਕਰੂੰ ਬੰਦਨਾ
ਜਾ ਮਤਿ ਨਿਰਮਲ ਕੀਨੀ ਹੈ॥
ਦਵੈਤ ਅਵਿਦਿਆ ਦੂਰ ਕਰੀ ਜਿਨ,
ਨਿਜ ਪਦ ਕੀ ਸ਼ੁੱਧ ਦੀਨੀ ਹੈ।।
ਤੁਛ ਜੀਵ ਤੇ ਕੀਉ ਬ੍ਰਹਮ ਪੁਨ,
ਸਰਵ ਕਲਪਨਾ ਛੀਨੀ ਹੈ॥
ਏਕ ਰਸਨ ਕਿਆ ਉਪਮਾ ਭਨੀਏ
ਮੋਹਿ ਮਤਿ ਗੁਣ ਤੇ ਹੀਨੀ ਹੈ।.
ਗੁਰ ਸਿੰਧ ਸਮ ਕਹਿਤ ਸ਼ੇਸ਼ ਸਹਸ
ਜੀਭ ਉਪਮਾ ਤਿਨ ਕੋ ਨਾ ਚੀਨੀ ਹੈ॥
ਮਾਡੂ ਰਾਮ ਨਹੀਂ ਅਉਰ ਸਿਆਣਪ
ਚਰਨ ਕਮਲ ਮਤਿ ਭੀਨੀ ਹੈ॥
"ਮੋਹਿ ਦਾਸਨ ਕੋ ਦਾਸ ਜਾਣ ਕਰ
ਦੁੱਖ ਤੇ ਆਪ ਉਬਾਰਿਉ ਹੈ॥
ਦੇ ਕਰ ਨਾਮ ਜਹਾਜ ਆਸਰੋ,
ਜਗਤ ਸਿੰਘ ਤੇ ਤਾਰਿਉ ਹੈ॥
ਭਰਮ ਕਰ ਫਿਰਤ ਅਨੇਕ ਜੂਨਨ ਮੇਂ,
ਸੋ ਭਰਮ ਕੋ ਮੂਲ ਉਖਾੜਿਉ ਹੈ।
ਪਾਪੀ ਪੱਥਰ ਮੂੜ੍ਹ ਬੁੱਧ ਕੋ,
ਪਲ ਮੇਂ ਆਪ ਸੰਵਾਰਿਉ ਹੈ॥
ਕੀਉ ਮਿਰਗਿੰਧ ਕੀਟ ਤੇ ਜਨ ਕੋ,
ਐਸੋ ਬਲ ਗੁਰ ਧਾਰਿਉ ਹੈ॥
ਮਾਡੂ ਰਾਮ ਗੁਣ ਬੁੱਧ ਨਾ ਮੋਹਿ ਮਹਿਂ,
ਬਾਲ ਜਾਣ ਪ੍ਰਿਤਪਾਰਿਉ ਹੈ॥੫॥"
'ਦਿਬ ਦ੍ਰਿਸ਼ਟ ਮੋਹਿ ਸਤਿਗੁਰ ਦੀਨੀ
ਆਤਮ ਸਰਵ ਨਿਹਾਰਾ ਰੇ॥
ਸੈਲ ਕੀਆ ਬ੍ਰਹਮੰਡ ਪਿੰਡ ਕਾ,
ਦਵੈਤ ਭਰਮ ਕੋ ਡਾਰਾ ਰੇ॥
ਜਲ ਤਰੰਗ, ਜਿਉਂ ਭੂਖਣ ਕੰਚਨ
ਏਕ ਅਭੇਦ ਵਿਚਾਰਾ ਰੇ॥
ਸੋਹੰ ਹੰਸੋ ਅਨੁਭਵ ਪਰਗਟਿਉ
ਜਗਤ ਭਰਮ ਕੋ ਡਾਰਾ ਰੇ॥
ਭਏ ਖਲਾਸੇ ਹਿੰਦੂ ਤੁਰਕ ਤੇ
ਦੇਹ ਅਭਿਮਾਨ ਚਮਾਰਾ ਰੇ॥
ਮਾਡੂ ਰਾਮ-ਬਲਿਹਾਰੀ ਸਤਿਗੁਰ
ਜਿਨ ਇਹ ਭਰਮ ਬਿਦਾਰਾ ਰੇ॥੬॥"

“ਦੇਖੋ ਨੈਣ ਉਘਾੜ ਬ੍ਰਹਮ ਕੋ,
ਜਗਤ ਨਾ ਤਿਸ ਬਿਨ ਦੂਆ ਰੇ॥
ਆਦਿ ਅੰਤ ਨਹੀਂ ਤਿਸ ਬਿਨ ਕੋਈ
ਇਹ ਮਧ ਦਵੈਤ ਕਹਾਂ ਹੂਆ ਰੇ॥
ਅਹੰ ਬ੍ਰਹਮ, ਜਬ ਗਿਆਨ ਪ੍ਰਕਾਸ਼ਿਓ
ਕੋ ਜਨਮਤ ਕੋ ਮੂਆ ਰੇ॥
ਸਸੇ ਸੀਂਗ, ਜਿਉਂ ਫੂੱਲ ਆਕਾਸੇ,
ਵਾਂਝ ਪੂਤ ਜਿਮ ਸੂਆ ਰੇ॥
ਆਪਣੇ ਭਰਮ ਕਰ ਆਪ ਬੰਧਾਇਉ
ਜਿਵੇਂ ਸ਼ੇਰ ਭਰਮ ਕਰ ਕੂਆ ਰੇ॥
ਮਾਰੂ ਰਾਮ ਗੋਬਿੰਦ ਸਰਵ ਲਖ
ਜੀਤੇ ਜਨਮ ਜਗ ਜੂਆ ਰੇ॥੭॥”
“ਸੁਪਨ ਸ੍ਰਿਸ਼ਟ ਵਤ,
ਸਗਲ ਜਗਤ ਇਹ ਮਾਤਾ ਪਿਤਾ ਕਹੋ ਕਾ ਕੋ ਰੇ।
ਕੁਲ ਕੁਟੰਬ ਕਾ ਮੇਲ ਸਰਵ ਹੀ
ਨਦੀ ਨਾਵ ਲਖ ਤਾਂ ਕੋ ਰੇ॥
ਆਪਣੇ ਮਤਲਬ ਕੇ ਹੈਂ ਸਾਰੇ ਹੀ
ਆਪਣੇ ਕਹਿਤਾ ਹੈਂ ਜਾਂ ਕੋ ਰੇ॥
ਬਿਪਤ ਪੜੀ ਕੋਊ ਨੇੜੇ ਨਾ ਆਵਤ
ਮੀਤ ਸੋ ਤੇਰੇ ਨਾ ਕੋ ਰੇ॥
ਬੇਮੁੱਖ ਕਰੇ ਪ੍ਰਭ ਤੇ ਏਹੀ,
ਪਰਮ ਸ਼ਤਰੂ ਲਖ ਤਾਂ ਕੋ ਕਰੇ॥
ਮਾਰੂ ਰਾਮ ਲੈ ਓਟ ਗੁਰਾਂ ਦੀ,
ਗਾਵਤ ਸੁਰਤ ਜਸ ਜਾ ਕੋ ਰੇ॥ ੮॥”
“ਮੋਹ ਗਰਭ ਮੇਂ ਡੂਬੇ,
ਸਕਲ ਜਨ ਸੁਖ ਦੁਖ ਗੋਤੇ ਖਾਵੇ ਹੈਂ॥
ਪਾਪ ਪੁੰਨ ਕੀ ਪੋਟ ਉਠਾ ਕਰ,
ਉਲਟੇ ਬਹਿਣ ਸੋ ਜਾਵੇ ਹੈਂ॥
ਰਾਗ ਦਵੈਸ਼ ਕੀ ਲਹਿਰ ਲਿਤਾੜੇ,
ਨਾਹਿ ਕਿਨਾਰਾ ਪਾਵੇ ਹੈਂ॥
ਜਾਂ ਪੁਰ ਸਤਿਗੁਰ ਭਏ ਦਿਆਲਾ
ਨਾਮ ਜਹਾਜ਼ ਝੜਾਵੇ ਹੈਂ॥
ਸ਼ੰਸੇ ਸ਼ੋਕ ਮਿਟੇ ਤਿਸ ਜਨ ਕੇ,
ਖਿਨ ਮਹਿ ਪਾਰ ਕਰਾਵੇਂ ਹੈ॥
ਮਾਰੂ ਰਾਮ ਦੁਖ ਤਿਆਗ ਸਰਵ ਹੀ,
ਬ੍ਰਹਮ ਅਨੰਦ ਸਮਾਵੇ ਹੈਂ॥੯॥”
“ਸਤਿਗੁਰ ਭਾਨ ਸਮਾਨ ਜਗਤ ਮੇ
ਕਿਰਨ ਬਚਨ ਪ੍ਰਕਾਸ਼ੇ ਹੈਂ॥
ਉਲੂ ਕੇ ਸਮ ਅੰਧ ਮੂੜ੍ਹ ਜੋ
ਤਿਨ ਕੋ ਕਭੀ ਨਾ ਭਾਸੇ ਹੈਂ॥
ਉਲੂ ਕੇ ਸਮ ਅੰਧ ਮੂੜ੍ਹ ਜੋ,
ਤਿਨ ਕੋ ਕਭੀ ਨਾ ਭਾਸੇ ਹੈਂ॥
ਗੁਰਮੁਖਿ ਦੇਖ ਕੰਵਲ ਸਮ ਖਿੜ ਹੈਂ,
ਤਿਨ ਕੋ ਰਿਦਾ ਹੁਲਾਸੇ ਹੈਂ॥
ਮਨਮੁਖ ਪੇਖ ਕੰਵੋਧਨ ਸਮ ਮਤਿ
ਸੁਰਤਿ ਨਾਹਿ ਰ ਭਾਸੇ ਹੈਂ॥
ਨਿੰਦਿਆ ਮਹਿ ਪਚ ਮਰਤੇ ਸਾਕਤ
ਲਖਤ ਨਾ ਸੰਤਨ ਆਸੇ ਹੈਂ॥
ਮਾਰੂ ਰਾਮ ਧ੍ਰਿਗ ਜਨਮ ਤਿਨ੍ਹਾਂ ਦਾ
ਗਰਧਭ ਤੇ ਨਰ ਖਾਸੇ ਹੈਂ॥੧੦॥”
“ਗੁਣ ਕੋ ਤਿਆਗ ਲੇਤ ਪੁਨ ਔਗੁਣ
ਨਿੰਦਕ ਮਤਿ ਤੇ ਹੀਨੋ ਹੈਂ॥
ਪਲਟੇ ਮੂਲ ਸੁਭਾਵ ਨਾ ਤਾਂ ਕੇ
ਐਸੇ ਵਿਧ ਕੁਛ ਕੀਨੋ ਹੈਂ॥
ਮਰਕਟ, ਮਾਖੀ, ਚੀਚੜ,
ਗਰਧਭ ਭੂੰਡ ਹੀ ਲਪਟਾਨੋ ਹੈਂ॥
ਸੁਆਨ ਪੂੰਛ ਸਮ ਹੋਤ ਨਾ ਸੂਧੋ,
ਨਿੰਦਿਆ ਮੇਂ ਮਨ ਦੀਨੋ ਹੈ॥
ਪਾਹਿਨ ਜਲ ਮੇਂ ਵਸੇ ਬਰਸ ਬਹੁ,
ਸੋ ਪੁਨ ਕਬਹੂੰ ਨਾ ਭੀਨੋ ਹੈ॥
ਮਾਰੂ ਰਾਮ ਏਹੋ ਹਰੇਕ ਆਦ ਕੀ,
ਹੋਤ ਨਾ ਅਜੋਂ ਨਮੀਨੋ ਹੈਂ॥ ੧੧॥”
“ਉਪਰ ਕੋਮਲ ਰਿਦੇ ਜ਼ਹਿਰ ਤਹ ਕਾਗ ਦ੍ਰਿਸ਼ਟ ਸਦ
ਤਾ ਕੇ ਹੈਂ॥
ਪਰ ਕੇ ਛਿੱਦਰ ਤਕਾਵੇ ਸਦ ਹੀ,
ਬਗ ਸਮਾਧ ਬਹੁ ਲਾ ਕੇ ਹੈਂ॥
ਜਿਉਂ ਬਿਲਾਰ ਪੁਨ ਦੇਖਤ ਮੂਸਨ,
ਚੁਪ ਮੁਖ ਕਹਿਤ ਨਾ ਵਾਂ ਕੇ ਹੈ॥
ਅੰਤਰ ਕਪਟ ਹੇੜੀ ਕੇ
ਸਮ ਤਨ ਕੋ ਬਹੁ ਛੁਪਾ ਕੇ ਹੈ॥
ਮਾਰੂ ਰਾਮ ਸ਼ੁੱਧ ਹੋਤ ਨ ਨਿੰਦਕ,
ਕੋਟਕ ਤੀਰਥ ਨਾ ਕੇ ਹੈ॥ ੧੨॥”
“ਨਿੰਦਕ ਸੰਤਨ ਕਾ ਸੁਖਦਾਈ,
ਸੰਤਨ ਜਸ ਪਰਗਟਾਵੇ ਹੈ॥
ਨਿੰਦਿਆ ਕਰਮ ਮੈਲ ਸਭ ਹੂੰਝੇ,
ਨਿੰਦਕ ਸੰਤਨ ਮਨ ਬਹੁ ਭਾਵੇ ਹੈ॥
ਜੈਸੇ ਗ੍ਰਿਹ ਮੇਂ ਮੈਲੂ ਦੂਰ ਕਰ
ਭੰਗੀ ਸਾਫ ਬਣਾਵੇ ਹੈ॥
ਤੈਸੇ ਔਗੁਣ ਵਿਕਾਰ ਦੇਹ ਕੋ,
ਨਿੰਦਕ ਤੁਰਤ ਉਠਾਵੇ ਹੈ॥
ਭਾਨ, ਗੰਗ ਸਮ ਸੰਤ ਨਿਰਮਲੇ,
ਤਾਂ ਕੋ ਕਛਊ ਨਾ ਲਗਾਵੇ ਹੈ।।
ਮਾਰੂ ਰਾਮ ਪੁਨ ਨਿੰਦਿਆ ਕੋ ਫਲ
ਨਿੰਦਕ ਅਗੇ ਫਲ ਪਾਵੇ ਹੈ॥੧੩॥
ਸੰਤ ਸਦਾ ਨਿਰਵੈਰ ਸਰਵ ਸੇ,
ਵੈਰੀ ਮੀਤ ਨਾ ਤਾ ਕੋ ਹੈ॥
ਭਾਵਨ ਸਮ ਫਲ ਦੇਤ ਸਰਵ ਕੋ
ਜੈਸੀ ਭਾਵਨ ਜਾ ਕੋ ਹੈਂ॥
ਕਲਪ ਬ੍ਰਿਛ ਜਿਉਂ ਰੀਤ ਸੰਤਨ ਕੀ,
ਅਪਨਾ ਪਰਾਇਆ ਨਾ ਕੋ ਹੈ॥
ਭਾਨ ਸਮਾਨ ਪ੍ਰਕਾਸ਼ੇ ਸਰਵ ਕੋ,
ਸਮ ਦ੍ਰਿਸ਼ਟ ਸੋ ਤਾ ਕੋ ਹੈ॥
ਅਹੰ ਬ੍ਰਹਮ, ਜਬ ਗਿਆਨ ਪ੍ਰਕਾਸ਼ਿਉ,
ਰਾਗ ਦਵੈਸ਼ ਪੁਨ ਕਾਂ ਕੋ ਹੈ॥

ਮਾਰੂ ਰਾਮ ਜਬ ਮੂਲ ਪਛਾਤਾ,
ਨ ਤਿਸ ਬਾਪ ਨਾ ਮਾਂ ਕੌ ਹੈ॥੧੪॥"
"ਫੱਕਰ ਵੇਨਵਾ ਜਗਤ ਚਮਨ
ਜੋ ਦੇਖਤ ਬੈਠ ਤਮਾਸ਼ਾ ਰੇ॥
ਭੇਦ ਭਰਮ ਕੌ ਦੂਰ ਉਠਾ ਕਰ
ਕਰ ਹੈ ਬਾਲ ਬਿਲਾਸਾ ਰੇ॥
ਦਵੈਤ ਦੁੰਦ ਕੌ ਦੂਰ ਕੀਆ ਜਿਨ
ਕੌ ਠਾਕਰ ਕੌ ਦਾਸਾ ਰੇ॥
ਚਾਮ ਦਾਮ ਮੇਂ ਦ੍ਰਿਸ਼ਟੀ ਜਾ ਕੀ,
ਲਖਤ ਨਾ ਸੰਤਨ ਆਸਾ ਰੇ॥
ਜੀਵ ਈਸ਼ਵਰ ਕੀ ਡਾਰ ਕਲਪਨਾ,
ਖੁਦ ਮੋ ਤਾਂਹਿ ਨਿਵਾਸਾ ਰੇ॥
ਮਾਰੂ ਰਾਮ ਯਿਹ ਰਿਹੋ ਨਾ ਕਰਤਵ
ਫੱਕਰ ਵੇਨਵਾ ਖਾਸਾ ਰੇ॥੧੫॥"
"ਫੱਕਰ ਵੇਨਵਾ ਬੇ-ਮੁਹਤਾਜੇ
ਆਨ ਕਾਨ ਜਗ ਤਿਆਗੇ ਹੈਂ॥
ਕਰਤਵ ਤਿਨ ਕੌ ਰਿਹੋ ਨਾ ਰਾਈ,
ਸੋਵਤ ਭਾਵੇਂ ਜਾਗੇ ਹੈਂ॥
ਹਾਣ ਲਾਭ ਕੀ ਡਾਰ ਕਲਪਨਾ,
ਕਿਸੀ ਸਿਉਂ ਦਵੈਸ਼ ਨਾ ਰਾਗੇ ਹੈਂ॥
ਬੇ-ਪ੍ਰਵਾਹਿ ਗਿਆਨ ਮਦ ਮਾਤੇ
ਦੁੰਦ ਸਰਵ ਉਠ ਭਾਗੇ ਹੈਂ॥
ਸਿਰ ਪੁਰ ਅੰਕੁਸ਼ ਰਿਹੋ ਨਾ ਤਿਨ ਕੌ
ਨਿਜ ਸਰੂਪ ਮੇਂ ਲਾਗੇ ਹੈਂ॥
ਮਾਰੂ ਰਾਮ ਸਰਵ ਖਿਆਲ ਆਪ ਲਖ
ਦਹਦਿਸ ਪਾਛੇ ਆਗੇ ਹੈਂ॥੧੬॥"
"ਭਾਵੇਂ ਵਾਸਾ ਸ਼ੀਸ਼ ਮਹਿਲ ਹੈ
ਭਾਵੇਂ ਭੂਮ ਵਿਰਾਜੇ ਹੈਂ॥
ਭਾਵੇਂ ਓਢੇ ਚੀਰ ਰੇਸ਼ਮੀ
ਨਗਨ ਫਿਰਤ ਨਹੀਂ ਲਾਜੇ ਹੈਂ॥
ਭਾਵੇਂ ਚੜ੍ਹ ਹੈ ਫੀਲ ਪਾਲਕੀ,
ਅੱਗੇ ਧੁਨ ਵੀ ਵਾਜੇ ਹੈਂ॥
ਭਾਵੇਂ ਮਾਂਗੇ ਘਰ ਘਰ ਟੁੱਕੜੇ
ਅਥਵਾ ਵਿੰਜਨ ਖਾਜੇ ਹੈਂ॥
ਫੀਲ ਮਸਤ ਜਿਉਂ ਫਿਰੇ ਵੇਨਵਾ
ਆਗੇ ਅਨੁਭਵ ਗਾਜੇ ਹੈਂ॥
ਮਾਰੂ ਰਾਮ ਬਹੇ ਸਬਰ ਸਿੰਘਾਸਨ
ਫੱਕਰ ਸਰਵ ਕੇ ਰਾਜੇ ਹੈਂ॥ ੧੭॥"
"ਘਟ ਮੇਂ ਭਯੋ ਵਿਵੇਕ ਜਾਸ ਕੌ
ਸਰਵ ਕਲਪਨਾ ਨਾਸੀ ਹੈ॥
ਭਾਵੇਂ ਛੂਟੇ ਦੇਹ ਆਜ ਹੀ
ਭਾਵੇਂ ਜੁਗ ਭਰਭਾਸੀ ਹੈ॥
ਭਾਵੇਂ ਛੂਟੇ ਦੇਹ ਜਾਇ ਬਿਪਰ ਗ੍ਰਹਿ
ਭਾਵੇਂ ਸੁਪਚਨ ਵਾਸੀ ਹੈ॥
ਭਾਵੇਂ ਛੂਟੇ ਦੇਹ ਦੇਸ ਹੜੰਬੇ
ਭਾਵੇ ਸ਼ਿਵ ਕੀ ਕਾਂਸ਼ੀ ਹੈ॥
ਭਾਵੇਂ ਛੂਟੇ ਦੇਹ ਰੁਦਨੁ ਕਰਦਿਆਂ
ਭਾਵੇਂ ਹਾਸ ਬਿਲਾਸੀ ਹੈ॥
ਮਾਰੂ ਰਾਮ ਨ੍ਰਿਸੰਸੇ ਸਾਧੂ
ਮੋਖ ਤਿਸੇ ਕੀ ਦਾਸੀ ਹੈ॥੧੮॥"
"ਸੋਹੰ ਹੰਸੋ ਭੇਦ ਰੰਚ ਨਾ ਜਾਨਿਓ,
ਕਰਤਵ ਤਾਂ ਕੌ ਕਰਨਾ ਕਿਆ?
ਦੇਹ ਭਾਵਨਾ ਛੂਟੀ ਜਾਸ ਕੀ
ਬਹੁਰ ਤਿਸੀ ਨੇ ਮਰਨਾ ਕਿਆ?
ਮੂਲ ਅਵਿਦਿਆ ਦੂਰ ਕਰੀ ਜਿਨਿ
ਬਹੁਰ ਤਿਸੀ ਕਰਨਾਂ ਕਿਆ?
ਮ੍ਰਿਗ ਤ੍ਰਿਸ਼ਨਾ ਵਤ ਜਗਤ ਜਾਨਿਓ,
ਸੂਕੇ ਸਰ ਮੋ ਤਰਨਾ ਕਿਆ?
ਕਾਮ ਕ੍ਰੋਧ ਜਿਸ ਅਜਰ ਜਰੇ ਹੈਂ,
ਅਵਰ ਕਠਨ ਤਿਸ ਜਰਨਾ ਕਿਆ?
ਮਾਰੂ ਰਾਮ ਮਨਸੂਰ ਜੀਤਿਓ
ਬਹੁਤ ਅਵਰ ਸੋ ਲੜਨਾ ਕਿਆ॥੧੯॥
"ਸੋਇ ਸਰੂਪ ਕਾ ਬੋਧ ਭਯੋ ਜਿਸ
ਲਖੇ ਨਾ ਕਿਤ ਵਿਧ ਜਾਤੇ ਹੈਂ॥
ਕੋਊ ਕਹੇ ਇਹ ਚਤਰ ਬਾਤ ਮੇਂ,
ਮੂਰਖ ਕੋਊ ਬਿਤਾਤੇ ਹੈਂ॥
ਕੋਊ ਕਹੇਂ ਇਹ ਤਿਆਗੀ ਜਗ ਮੇ,
ਕੋਊ ਕਹੇ ਵਿਖਿਆ ਰਾਤੇ ਹੈਂ॥
ਕੋਊ ਕਹੇ ਇਹ ਵਡੇ ਸ਼ਾਂਤਕੀ
ਕੋਈ ਕਹੇ ਅਤੀ ਤਾਤੇ ਹੈਂ॥
ਕੋਊ ਕਹੇ, ਇਹ ਕਰਮ ਭਰਿਸ਼ਟੀ
ਕੋਊ ਉਚਾਰੀ ਗਾਤੇ ਹੈਂ॥
ਮਾਰੂ ਰਾਮ ਤਹਾਂ ਅਸਚਰਜ ਮਹਿਮਾ
ਗੁਰਮੁਖਿ ਕਿਸੇ ਲਖਾਤੇ ਹੈਂ॥੨੦॥"
"ਓਤ ਪੋਤ ਮੇਂ ਏਕ ਬਿਉਮ ਸਮ
ਇਕ ਰਸ ਸਰਵ ਸਮਾਏ ਹੈਂ॥
ਤਾਣੇ ਬਾਣੇ ਏਕ ਸੂਤ ਸਮ
ਜੇਤੇ ਬਸਤ੍ਰ ਬਣਾਏ ਹੈਂ॥
ਜਲ ਤਰੰਗ ਜਿਉਂ ਫੇਨ ਬੁਦਬੁਦਾ
ਕਿਆ ਕੋ ਭਿੰਨ ਬਤਾਏ ਹੈਂ॥
ਕੰਚਨ ਭੂਖਨ ਏਕ ਰੂਪ ਸਮ
ਨਾਮ ਮਾਤਰ ਦੋ ਗਾਏ ਹੈਂ॥
ਪੁਹਮੀ ਪਾਤਰ ਅਨੇਕ ਭਾਂਤ ਕੇ
ਭਿੰਨ ਕਵਣ ਕੌ ਗਾਏ ਹੈਂ॥
ਮਾਰੂ ਰਾਮ ਨਾਹਿ ਵਸਤੂ ਦੂਸਰ
ਵੇਦ ਪੁਰਾਨ ਅਲਾਏ ਹੈਂ॥
"ਏਕ ਬੀਜ਼ ਜਿਉਂ ਪੁਨ ਪਸਰ ਰਿਹੋ
ਦਵੈਤ ਕਰ ਅਨੇਕ ਪ੍ਰਕਾਰਾ ਰੇ॥
ਜੈਸੇ ਏਕ ਪਾਵਕ ਸਰਵ ਕਾਠ ਮਹਿ
ਸ਼ੂਖਮ ਨਾਹਿ ਨਿਹਾਰਾ ਰੇ॥
ਏਕ ਲੋਹੇ ਕੇ ਔਜੁਧ ਬਹੁ ਵਿਧਿ
ਨਾਮ ਰੂਪ ਬਹੁ ਧਾਰਾ ਰੇ॥
ਏਕ ਦੂਏ ਕੇ ਸ਼ਕਲ ਨਾ ਮਿਲ ਹੈ

ਜੇਤੇ ਔਜੁਧ ਸਾਰਾ ਰੇ॥
ਦ੍ਰਿਸ਼ਟ ਵਸਤੂ ਮੇਂ ਜਬ ਹੀ ਪਰ ਹੈ
ਤਬ ਕਿਆ ਭਿੰਨ ਅਭਿੰਨ ਉਚਾਰਾ ਰੇ॥
ਮਾਤ੍ਰ ਰਾਮ ਅਦ੍ਵੈਤ ਪ੍ਰਾਪਤ
ਦਵੈਤ ਕਲਪਨਾ ਡਾਰਾ ਰੇ॥੨੨॥"
"ਜਾਂ ਕੀ ਦ੍ਰਿਸ਼ਟੀ ਪੜੀ ਮੂਲ ਮੇਂ
ਤਾਂ ਫਿਰ ਸਕਲ ਕਲਪਨਾ ਡਾਰੀ ਹੈ॥
ਖੁਦ ਬਿਨ ਹੂਆ ਨਾ ਅੱਗੇ ਹੋਏ ਹੈ,
ਅਨਭਵ ਦ੍ਰਿਸ਼ਟ ਪਸਾਰੀ ਹੈ॥
ਭਾਂਤ ਭਾਂਤ ਜਿਉਂ ਸੁਪਨ ਨੀਂਦ ਮੋਂ,
ਦੇਖਤ ਅਨੇਕ ਪ੍ਰਕਾਰੀ ਹੈ॥
ਜਬ ਹੀ ਦੇਖਿਉ ਨੈਣ ਖੋਲ੍ਹ ਕਰ
ਅਨਭਵ ਸਮਤਾ ਸਾਰੀ ਹੈ॥
ਫੁਰਨੇ ਤੇ ਇਹ ਭਯੋ ਸਰਵ ਜਗ
ਨਾਮ ਰੂਪ ਵਿਸਥਾਰੀ ਹੈ॥
ਮਾਤ੍ਰ ਰਾਮ ਤੂੰ ਸਮਝ ਸੋਚ ਕਰ
ਗਾਵਤ ਵੇਦ ਸੋ ਚਾਰੀ ਹੈ॥੨੩॥"
"ਜੈਸੇ ਰਜੂ ਮੇਂ ਅਨੇਕ ਕਲਪਨਾ
ਸਰਪ ਆਦਿਕ ਬਹੁ ਭਾਸੇ ਹੈਂ॥
ਮੁਕਤ ਮਾਹਿ ਪੁਨਹ ਰੂਪਾ ਜੋਈ
ਸਤਾ ਤਿਸੇ ਪ੍ਰਕਾਸ਼ੇ ਹੈਂ॥
ਚੋਰ ਠੂਠ ਮੋਂ ਨੀਰ ਮਰੀਚ ਕਾ
ਸੋ ਅਧੀਕਰਨ ਹੁਲਾਸੇ ਹੈਂ॥
ਤੀਨ ਕਾਲ ਅਧੀਕਰਨ ਬਿਨਾਂ ਨਾਹਿ
ਕਲਪਤ ਸਤਾ ਲੇ ਤਾਸੇ ਹੈਂ॥
ਤਾਂ ਕੋ ਹੋਤ ਯਥਾਰਥ ਦ੍ਰਿਸ਼ਟੀ
ਬੋਧ ਜਾਸ ਉਰ ਭਾਸੇ ਹੈਂ॥
ਮਾਤ੍ਰ ਰਾਮ ਭਰਮ ਰਹਿਤ ਫੱਕਰ ਜੋ
ਸਭ ਜਗ ਤਾਂਹਿ ਬਿਲਾਸੇ ਹੈਂ॥੨੪॥"
"ਦਮਕ ਲਾਲ ਕੀ ਲਾਲ ਰੂਪ ਹੀ
ਤਿਸ ਬਿਨ ਕਾ ਕੀ ਗਾਈਏ ਰੇ॥
ਰਵ ਕੀ ਧੂਪ, ਧੂਪ ਹੀ ਰਵ ਹੈ
ਰਵ ਬਿਨ ਕਹਾਂ ਦਿਖਾਈਏ ਰੇ॥
ਨਾਮ ਰੂਪ ਤਿਉਂ ਭਾਸਤਾ ਸਭ ਕੋ,
ਤਿਸ ਬਿਨ ਭਿੰਨ ਨਾ ਪਾਈਏ ਰੇ॥
ਜਾਂ ਕੇ ਪ੍ਰਗਟੇ, ਜੋਊ ਪਰਗਟ ਹੈ,
ਜਾਂ ਮੇਂ ਅੰਤ ਸਮਾਈਏ ਰੇ॥
ਏਕ ਆਤਮਾ ਅਨੁਭਵ ਕਰਕੇ
ਸਰਵੇ ਦਵੈਤ ਨਸਾਈਏ ਰੇ॥
ਮਾਤ੍ਰ ਰਾਮ ਹਰ ਹਾਲ ਮੇਂ ਵਿਚਰੇ,
ਸ਼ੰਕ ਨਾ ਉਰ ਮੇਂ ਲਿਆਈਏ ਰੇ॥੨੫॥
"ਭਾਵੇਂ ਗਾਵੇ ਵੇਦ ਪੁਰਾਨਾ,
ਅਥਵਾ ਸੁਣੇ ਨਾ ਕਾਨਾ ਰੇ॥
ਭਾਵੇਂ ਵਿਚਰੇ ਸੰਤ ਦਨਿਆਈ
ਅਥਵਾ ਫਿਰੇ ਦਿਵਾਨਾ ਰੇ॥
ਭਾਵੇਂ ਕੂਕ ਸੁਣਾਵੇ ਢੋਲੇ
ਭਾਵੇਂ ਕਥੇ ਗਿਆਨਾ ਰੇ॥
ਭਾਵੇਂ ਨਿਸ ਦਿਨ ਭੋਗ ਭੋਗ ਹੈ
ਅਥਵਾ ਸੰਜਮ ਠਾਨਾ ਰੇ॥
ਹਾਣ ਲਾਭ ਤਾਂਹਿ ਰਿਹੋ ਨਾ ਰਾਈ
ਵਿਚਰੇ ਜਿਉਂ ਮਸਤਾਨਾ ਰੇ॥
ਮਾਤ੍ਰ ਰਾਮ ਇਹ ਹਸਤ ਬਿਲਾਵਤ
ਸੋਇ ਸਰੂਪ ਕੋ ਜਾਨਾ ਰੇ॥ ੨੬॥"
"ਨਿਰਭੈ ਸੂਰਾ ਸੋਈ ਜਗਤ ਮੇਂ,
ਤ੍ਰਿਸ਼ਨਾ ਜਿਸਨੇ ਮਾਰੀ ਹੈ॥
ਵਰਨ ਆਸ਼ਰਮ ਕਾ ਤੋੜ ਪਿੰਜਰਾ
ਬਲ ਆਪਨ ਸੰਭਾਰੀ ਹੈ।।
ਭਯੋ ਖੁਲਾਸਾ ਸਿੰਘ ਕੇਸਰੀ
ਜਾਣ ਮਿਰਗਾਬਲ ਸਾਰੀ ਹੈ॥
ਤਾਂ ਕੋ ਰੋਕ ਨਾ ਸਿਰ ਪੁਰ ਕਾਈ
ਵਿਚਰੇ ਇਛਾ ਚਾਰੀ ਹੈ॥
ਸੋਵਤ ਪੈਰ ਪਸਾਰ ਸੰਕ ਤਜਿ
ਸਰਵ ਕਲਪਨਾ ਡਾਰੀ ਹੈ॥
ਮਾਤ੍ਰ ਰਾਮ ਸੁੱਖ ਸਾਗਰ ਮਿਲ ਕੇ
ਬ੍ਰਹਮ ਨੇਸ਼ਟਾ ਸਾਰੀ ਹੈ॥ ੨੭॥"
"ਸਰਵ ਰੂਪ ਮੋਂ ਸਰਵੇ ਸਮੇਂ
ਸਮਤਾ ਰੂਪ ਵਿਰਾਜੇ ਹੈਂ॥
ਨਭ ਸਮਾਨ ਬਹੁ ਪਸਰਿਉ
ਜਹਾਂ ਤਹਾਂ ਚੰਤਨ ਮੋਂ ਨਾਹਿ ਭਾਸੇ ਹੈਂ॥
ਪਵਣ ਸਮਾਨ ਮਿਲਤ ਪੁਨ ਸਭ ਸੋਂ
ਬੰਧਨ ਕਿਤ ਹੂੰ ਕਾਜੇ ਹੈਂ॥
ਤੇਜ ਸਮਾਨ ਬਿਰਕਤ ਕਰਤਬ ਕੋ
ਵਾਕ ਸੁਣਤ ਮੋਹਿ ਲਾਜੇ ਹੈਂ॥
ਜਲ ਸਮਾਨ ਸਦ ਸੀਤਲ ਉਰ ਤੇ,
ਮਧੁਰ ਸ਼ਬਦ ਧੁਨ ਗਾਜੇ ਹੈਂ॥
ਮਾਤ੍ਰ ਰਾਮ-ਉਰ ਖ਼ਿਮਾ ਧੀਰਜ਼ ਮੇਂ
ਆਰਫ ਬੇ-ਮੁਹਿਤਾਜੇ ਹੈਂ॥੨੮॥"
"ਸੁਤੇ ਸਮਾਧ ਤਾਸ ਕੀ ਸਦ ਹੀ,
ਬਗਲ ਸਮਾਧ ਨ ਲਾਵੇ ਹੈਂ॥
ਠੌਰ ਟੌਰ ਮੇਂ ਠਾਕੁਰ ਜਾਨਿਉ
ਫਿਰ ਕਿਸ ਪੂਜਾ ਕਰਾਵੇ ਹੈਂ॥
ਜਪਿਉ ਨਾ ਜਾਪ ਅਜਪਾ ਆਪਣਾ,
ਫਿਰ ਕਾਂ ਕਾਂ ਕਿਸੇ ਸੁਣਾਵੇ ਹੈਂ॥
ਠਾਕਰ ਪਾਹਿਨ ਜਲ ਸਭ ਤੀਰਥ,
ਤੁਲਸੀ ਵੈਣ ਸਭ ਗਾਵੇ ਹੈਂ॥
ਬੋਲਤ ਤਾ ਕੇ ਵੇਦ ਰੂਪ ਸਭ
ਜੋ ਕੁਛ ਮੁਖੋਂ ਅਲਾਵੇ ਹੈਂ॥
ਮਾਤ੍ਰ ਰਾਮ ਗਤੀ ਤਾਸ ਕੀ,
ਵਿਰਲਾ ਕੋਊ ਜਨ ਪਾਵੇ ਹੈਂ॥ ੨੯॥"
"ਅਸਲ ਬਾਤ ਕੋਊ ਵਿਰਲਾ ਪਾਵਤ
ਮਕਰ ਫਕੀਰੀ ਸਾਰੀ ਹੈ॥
ਲੋਕ ਰੁਝਾਂਵਨ ਕਾਰਨ ਜਗ ਮੇਂ

ਬਹੁਤੇ ਸੋ ਭੇਖਧਾਰੀ ਹੈ॥
ਪ੍ਰੇਮ ਨਮਿਤ ਕਰੇ ਕੋਊ ਕੋਟਨ ਮੇਂ
ਕਰਤੇ ਲੋਕਾ ਚਾਰੀ ਹੈਂ॥
ਛਲ ਬਲ ਕਰ ਨਿਤ ਪਾਲੇ ਤਨ ਕੋ
ਅੰਤਿਕਾਲ ਬਹੁ ਖੁਵਾਰੀ ਹੈ॥
ਆਪ ਅੰਧ ਕਛੂ ਸੂਝਤ ਨਾਹੀ
ਔਰਤ ਕੀ ਮਤਿ ਮਾਰੀ ਹੈ॥
ਮਾਡੂ ਰਾਮ ਕੁਛ ਸਮਝ ਗਿਆਨ ਕਰ
ਖਰ ਕੀ ਜਗ ਗੀਤ ਵਿਚਾਰੀ ਹੈ॥੩੦॥"
"ਚਾਰੇ ਹਰਫ ਫਕੀਰੀ ਵਾਲੇ ਪੜ੍ਹੇ
ਤਾਂਹਿ ਅਸਲ ਫਕੀਰੀ ਹੈ॥
ਅਵਲ ਫਾਕਾ ਕਰ ਮਨਜ਼ੂਰੀ
ਸਰਵ ਜਗਤ ਤੇ ਪੀਰੀ ਹੈ॥
ਇਸ ਦੁਨੀਆਂ ਤੇ ਪਕੜ ਕਿਨਾਰਾ
ਜੇ ਮਨ ਦਾਮਨ ਗੀਰੀ ਹੈ॥
ਧਾਰ ਰਿਹੋ ਦਾਤ ਮੁਰਸ਼ਦ ਵਾਲੀ
ਤਿਨ ਕੀ ਜ਼ਬਾਂ ਮੇਂ ਸੀਰੀ ਹੈ॥
ਯਾਰੀ ਲਾਏ ਹਮੇਸ਼ਾ ਖਾਲਕ ਸੰਗ
ਤਜਿ ਕਰ ਦਿਲ ਦਿਲਗੀਰੀ ਹੈ॥
ਮਾਡੂ ਰਾਮ ਇਹ ਫੱਕਰ ਇਲਾਹੀ
ਬਾਕੀ ਉਲਟੀ ਸਭ ਹੀ ਪੀਰੀ ਹੈ॥੩੧॥"
"ਸਰਬ ਸਬੂਰੀ ਮੂਲ ਨਾ ਜੇ ਕਰ
ਤਨ ਪਰ ਭੇਸ ਵਟਾਵਣ ਕਿਆ॥
ਸਿਦਕ ਨਾ ਕੀਓ ਕਿਹੋ ਜੋ ਮੁਰਸ਼
ਧਰ ਪੁਰ ਸੀਸ ਘਸਾਵਣ ਕਿਆ॥
ਚੜ੍ਹਿਉ ਨਾ ਰੰਗ ਇਲਾਹੀ ਮਨ ਪੁਰ,
ਕਪੜੇ ਰੰਗ ਚੜ੍ਹਾਵਣ ਕਿਆ॥
ਹੁਆ ਨਾ ਮਹਿਰਮ ਦਿਲ ਆਪਣੇ ਕਾ
ਜਗ ਦਰਵੇਸ਼ ਸਦਾਵਣ ਕਿਆ॥
ਤਨ ਅਭਿਮਾਨ ਨਾ ਛੋਡਿਉ ਜਬ ਲਗ
ਤਜ ਕੁਟੰਬ ਬਣ ਜਾਵਣ ਕਿਆ॥੩੨॥"
"ਜੋਊ ਵਿਵੇਕ ਕਰ ਹੁਆ ਨਾ ਫਾਰਗ
ਨਾਮ ਅਤੀਤ ਧਰਾਵਣ ਕਿਆ॥
ਅਹੰ ਬ੍ਰਹਮ ਜਬ ਰਿਦੇ ਨਾ ਗਾਇਓ
ਪੜ੍ਹ ਕਰ ਲੋਕ ਸੁਨਾਵਣ ਕਿਆ॥
ਧਾਵਤ ਮਨੂਆ ਥਿਰ ਨਹੀਂ ਰਾਖਿਓ
ਆਸਨ ਬੈਠ ਲਗਾਵਣ ਕਿਆ॥
ਮਨ ਆਪਣਾ ਜਿਨ ਕੀਉ ਨਾ ਨਿਰਮਲ
ਤੀਰਥ ਮਨ-ਮਲ ਨ੍ਹਾਵਣ ਕਿਆ॥
ਮੋਖ ਪੰਥ ਜਬ ਆਪ ਨਾ ਲਖਿਓ
ਅਉਰੇ ਰਾਹ ਵਤਾਵਣ ਕਿਆ॥
ਮਾਡੂ ਰਾਮ ਜਿਨ ਮਿਲਿਉ ਨਾ ਮੁਰਸ਼ਦ
ਨਿਜ ਸਰੂਪ ਤਿਸ ਪਾਵਣ ਕਿਆ॥੩੩॥"
"ਜਪਿਉ ਨਾ ਜਾਪ ਅਜਪਾ ਮਨ ਕਰ
ਮਣਕੇ ਹਾਥ ਘਸਾਵਣ ਕਿਆ॥
ਹਰ ਰੰਗ ਮੇਂ ਹਰ ਰੂਪ ਨਾ ਜਾਤਾ
ਤਨ ਪੁਰ ਭੇਸ ਵਟਾਵਣ ਕਿਆ॥
ਆਤਮ ਦੇਵ ਨਾ ਪੂਜਿਉ ਜਬ ਲਗ,
ਦੇਵੀ ਦੇਵ ਪੁਜਾਵਣ ਕਿਆ॥
ਪੜ੍ਹਿਉ ਨਾ ਅੱਖਰ ਏਕ ਪ੍ਰੇਮ ਕਾ,
ਪੜ੍ਹ ਪੜ੍ਹ ਸੀਸ ਖਪਾਵਣ ਕਿਆ॥
ਜਬ ਲਗ ਸੈਲ ਨਾ ਕੀਉ ਪਿੰਡ ਕਾ
ਦੇਸ਼ ਦਿਸੰਤਰ ਜਾਵਣ ਕਿਆ॥
ਮਾਡੂ ਰਾਮ ਗੁਰ ਮਿਲਿਆ ਬਾਹਜੋਂ
ਮਨ ਕਾ ਭਰਮ ਮਿਟਾਵਣ ਕਿਆ॥ ੩੪॥"
"ਸੋਅੰ ਪ੍ਰਕਾਸ਼ ਜਿਨ ਆਤਮ ਨਾ ਲਖਿਉ
ਸਾਧਨ ਪੁਨਹ ਵਤਾਵਣ ਕਿਆ॥
ਬ੍ਰਹਮ ਦ੍ਰਿਸ਼ਟਿ ਜਿਨ ਭਈ ਨਾ ਸਰਵ ਦਿਸ
ਅੰਤਰ ਧਿਆਨ ਲਗਾਵਨ ਕਿਆ॥
ਵਿਧਿ ਨਿਖੇਧ ਤੇ ਪਰੇ ਨਾ ਲਖਿਉ ਜਿਨ
ਦੁੰਦ ਸ਼ਬਦ ਉਠ ਧਾਵਣ ਕਿਆ॥
ਦੇਹ ਅਭਿਮਾਨ ਨਾ ਜਲਾਇਓ ਜਬ ਲੱਗ
ਧੂਣੀ ਪੁਨਹ ਤਪਾਵਣ ਕਿਆ॥
ਇੜਾ ਪਿੰਗਲਾ ਅਰ ਸੁਖਮਨਾ
ਪਰਾਣਾਯਾਮ ਕਰਾਵਣ ਕਿਆ॥
ਮਾਡੂ ਰਾਮ ਕੁਦ ਹਾਲ ਮਸਤ ਜੋ
ਮਦਰਾ ਤਿਸੇ ਪਿਲਾਵਣ ਕਿਆ॥੩੫॥
"ਹੋ ਕਰ ਵੈਦ ਜਣਾਏ ਨਾ ਜੇ ਪੱਥ
ਔਖਧ ਤਿਸ ਕੀ ਖਾਵਣ ਕਿਆ॥
ਮੰਤ੍ਰੀ ਹੋਏ ਕਰ ਨਿਰਪ ਪੈ ਸਾਸਨਾ ਕਹਿਵੋ
ਨਿਮਕ ਹਲਾਲ ਸਦਾਵਣ ਕਿਆ॥
ਸੂਰਾ ਹੋਇ ਕਰ ਡਰੇ ਮਰਨ ਤੋਂ
ਰਣ ਮੇਂ ਤੇਗ ਚਲਾਵਣ ਕਿਆ॥
ਬੈਹ ਕਰ ਤਖਤ ਅਦਾਲਤ ਨ ਕੀਨੀ
ਪ੍ਰਜਾ ਤਿਸੇ ਸੁਖ ਪਾਵਣ ਕਿਆ॥
ਗਾਇਨ ਮੇਂ ਜੋ ਕਰੇ ਲਜਿਆ
ਫਿਰ ਤਿਸ ਰਾਗ ਅਲਾਪਣ ਕਿਆ॥
ਮਾਡੂ ਰਾਮ ਗੁਰ ਸਾਚ ਨਾ ਕਹਿਬੋ
ਸਿੱਖ ਕੋ ਭਰਮ ਮਿਟਾਵਨ ਕਿਆ॥੩੬॥"
"ਫੱਕਰ ਨਾ ਫਿਕਰੇ ਇਛਾ ਚਾਰੀ
ਸਦਾ ਮਸਤ ਮਨ ਰਹਿੰਦੇ ਨੇ॥
ਸ਼ਾਦੀ ਗਮੀ ਹਾਨ ਲਾਭ ਨ
ਸਬਰ ਸਿੰਘਾਸਨ ਬਹਿੰਦੇ ਨੇ॥
ਸੁਖ ਦੁਖ ਮੇ ਨਾ ਡੋਲਤ ਕਬਹੂੰ
ਸਿਰ ਪੁਰ ਸਭ ਕੁਛ ਸਹਿੰਦੇ ਨੇ॥
ਫਾਕੇ ਮਾਹਿ ਖੁਸ਼ਹਾਲੀ ਤਿਨ ਕੋ
ਸਵਾਲ ਕਿਸੇ ਨਾ ਕਹਿੰਦੇ ਨੇ॥
ਆਪ ਸਮਾਨ ਕਰੇ ਤਿਸ ਜਨ ਕੋ
ਜੋ ਜਨ ਆ ਕਰ ਬਹਿੰਦੇ ਨੇ॥
ਮਾਡੂ ਰਾਮ ਜਗ ਲਾਲ ਗੂਝੜੇ
ਗੁਰਮੁਖਿ ਛਿਪੇ ਨਾ ਰਹਿੰਦੇ ਨੇ॥ ੩੭॥"
"ਸਿਰ ਪੁਰ ਟੋਪੀ ਚੌਹਾਂ ਤਰਫਾਂ ਕੀ
ਫਿਰਤੇ ਮਸਤ ਇਲਾਹੀ ਹੈ॥
ਪਹਿਲੀ ਤਰਫ ਉਠਾ ਕਰ ਦੁਨੀਆਂਦਾਰੀ,

ਬਿਰਤਿ ਅਤੀ ਖੁਸ਼ਹਾਲੀ ਹੈ॥
ਦੂਜੀ ਤਰਫ ਮਾਰਗ ਉਪਰ
ਦੁਈ ਦਵੈਤ ਤੋਂ ਬਿਰਤਿ ਉਠਾਲੀ ਹੈ॥
ਖੁਦ ਬਿਨ ਹੋਰ ਕੁਦਾ ਜੋ ਮਾਨਿਓ
ਤਾਂ ਕੋ ਭਾਵਨਾ ਟਾਲੀ ਹੈ॥
ਕਿਸੇ ਨਿੰਦਿਆ, ਕਿਸੇ ਸਾਲਾਹੇ,
ਤਿਸ ਬਿਨ ਜਾਏ ਨਾ ਖਾਲੀ ਹੈ॥
ਮਾੜੂ ਰਾਮ ਪੁਨ ਤਰਕ ਤਰਕ ਕਰ
ਫੱਕਰ ਕੁਲ ਕਾ ਵਾਲੀ ਹੈ॥੩੮॥"
"ਅਸਲ ਬਾਤ ਕੇ ਪਾਏ ਬਾਹਜੋ
ਸੰਤਨ ਮਕਰ ਬਣਾਏ ਰੇ॥
ਜਬ ਲਗ ਰਿਦੇ ਰਾਮ ਨਾ ਹੋਵੇ
ਕਿਆ ਫਲ ਧਿਆਨ ਲਗਾਏ ਰੇ॥
ਕੋਟ ਕਰਮ ਬਹੁ ਜਪ ਤਪ ਧਾਰੇ
ਅਥਵਾ ਅੰਨ ਨਾ ਖਆਏ ਰੇ॥
ਸੁਚ ਸੰਜਮ ਬਹੁ ਹਠ ਕਰ ਧਾਪੇ
ਪਰਾਣਾਯਾਮ ਕਰਾਏ ਰੇ॥
ਮਾੜੂ ਰਾਮ ਬਿਨ ਸਾਚ ਪ੍ਰਾਪਤ
ਜੂਏ ਜਨਮ ਠਗਾ ਰੇ॥੩੯॥"
"ਪੜ੍ਹ ਪੜ੍ਹ ਪੰਡਤ ਵੇਦ ਪੁਰਾਨਾ
ਅਉਰਨ ਕੋ ਸਮਝਾਵੇ ਹੈ2॥
ਸੂਤਕ ਪਾਤਕ ਪਾਪ ਕਰਮ ਲੈ
ਆਪੇ ਸਭ ਹੀ ਖਾਵੇ ਹੈ॥
ਦੇ ਕਰ ਅੰਮ੍ਰਿਤ ਲੇਵਤ ਵਿਖਿਆ
ਸਿਰ ਪੁਰ ਭਾਰ ਉਠਾਵੇ ਹੈ॥
ਗ੍ਰਿਹੀਅਨ ਸੇ ਕਰ ਬਾਤਾਂ ਬਹੁ ਵਿਧਿ,
ਲੋਗਨ ਕੋ ਭਰਮਾਵੇ ਹੈਂ॥
ਡੂਬੇ ਆਪ ਮਹਾਂ ਭਵ ਸਾਗਰ
ਸੰਗੀ ਸਾਥ ਡੁਬਾਵੇ ਹੈ॥
ਮਾੜੂ ਰਾਮ ਜੋ ਇਨ ਕੇ ਖੋਜ਼ੀ
ਤਿਨ ਕੇ ਨਿਟ ਨਹੀਂ ਆਵੇ ਹੈਂ॥੪੦॥"
"ਜੋ ਪੁਨ ਵੇਦ ਪੁਰਾਨ ਖੋਜ਼ ਕਰ
ਤਾਂ ਕੋ ਮਤਿ ਉਰਧਾਰੇ ਹੈਂ॥
ਹਿਰਦੇ ਗ੍ਰੰਥ ਕੋ ਛੇਦ ਭੇਦ ਕਰ
ਭਰਮ ਕਰਮ ਗ੍ਰੰਥ ਕੋ ਫਾਰੇ ਹੈਂ॥
ਕੂਕਰ ਸ਼ੂਕਰ ਗਊ ਬ੍ਰਹਮਣ ਮੇ
ਸਮਤਾ ਦ੍ਰਿਸ਼ਟ ਸੋ ਧਾਰੇ ਹੈਂ॥
ਜੀਵ ਈਸ਼ ਕਾ ਭੇਦ ਉਠਾ ਕਰ
ਅਦਵੈ ਰੂਪ ਵਿਚਾਰੇ ਹੈਂ॥
ਖੁਦ ਕੋ ਸਮਝੇ ਅਰ ਸਮਝਾਵੇ
ਤਿਸ ਕੋ ਪਰਉਪਕਾਰੇ ਹੈਂ॥
ਮਾੜੂ ਰਾਮ ਉਹ ਪੰਡਤ ਐਸੋ
ਆਪ ਤਰੇ ਕੁਲ ਤਾਰੇ ਹੈਂ॥੪੧॥"
"ਪਰਉਪਕਾਰੀ ਸੰਤ ਜਗਤ ਮੇਂ
ਜਿੰਨ੍ਹ ਇਹ ਗਰੰਥ ਉਚਾਰਿਉ ਹੈ॥
ਸਰਬ ਵੇਦ ਕੋ ਸਾਰ ਸਮਝ ਕਰ,
ਸ਼ੂਖਮ ਭਾਵ ਵਿਸਥਾਰਿਉ ਹੈ॥
ਦੇ ਕਰ ਨਾਮ ਜਹਾਜ ਜਨੋਂ ਕੋ
ਜਗਤ ਸਿੰਘ ਤੇ ਤਾਰਿਉ ਹੈ॥
ਹਸਤ ਬਿਲਵਤ ਬੋਧ ਯਥਾਰਤ ਕਰ
ਭਰਮ ਕੋ ਮੂਲ ਉਖਾਰਿਉ ਹੈ॥
ਪੜ੍ਹ ਪੜ੍ਹ ਭੂਲੇ ਭਰਮ ਮੇਂ ਭਾਈ
ਤੱਤ ਨ ਰੰਚ ਵਿਚਾਰਿਉ ਹੈ॥
ਮਾੜੂ ਰਾਮ ਸਮਝ ਬਿਨਾਂ ਉਨ ਕੋ
ਮਜ਼ਬ ਫਾਸ ਮੇ ਡਾਰਿਉ ਹੈ॥੪੨॥"
"ਕਛਹਿਰਾ, ਕੜਾ ਕਰਦ ਕੇਸ ਪੁਨ,
ਕੰਘਾ, ਪਾਂਚ ਬਤਾਵੇ ਹੈਂ॥
ਸ਼ਰਬਤ ਘੋਲ ਛਕਾਵਤ ਪਾਹੁਲਾ
ਰਹਿਤਾ ਬਹੁਤ ਸੁਣਾਵੇ ਹੈਂ॥
ਨੜੀ ਕੁੜੀ ਕੇ ਮਾਰਨ ਹਾਰੇ
ਤਿਨ ਤੇ ਵਰਜ ਰਖਾਵੇ ਹੈਂ॥
ਤਿਨ ਕੋ ਕਿਹੋ ਨਾ ਮਾਨਿਉ ਕੋਊ
ਮਨ ਮੇ ਤਰਕ ਕਮਾਵੇ ਹੈਂ॥
ਲੋਭੀ ਗੁਰੂ, ਮਤਲਬ ਕੇ ਸਿੱਖ ਹੈਂ,
ਦੋਨੋਂ ਦਾਉ ਤਕਾਵੇ ਹੈਂ॥
ਮਾੜੂ ਰਾਮ ਜਗ ਮੇਂ ਐਸੇ ਗੁਰੂ ਸਿੱਖ
ਦੋਨੋਂ ਗੋਤੇ ਖਾਵੇ ਹੈਂ॥੪੩॥"
"ਪੜ੍ਹ ਕਰ ਅੱਖਰ ਹੋਏ ਆਲਸੀ
ਕਿਰਤ ਨਾ ਜਾਏ ਕਮਾਈ ਰੇ॥
ਭਾਈ ਨਾਮ ਧਰਾਇਓ ਮੂਰਖ
ਕਾਰ ਜਗਤ ਕੀ ਲਾਈ ਰੇ॥
ਲਾਗੀ ਹੋਏ ਬੜੇ ਵਿਚ ਨਗਰੀ,
ਘਰ ਘਰ ਟਿਕੀ ਲਾਈ ਰੇ॥
ਤੁਰਦੇ ਨਰ ਕੀ ਕਰੇ ਖੁਸ਼ਾਮਦ,
ਜੈਸੇ ਕਰਦਾ ਨਾਈ ਰੇ॥
ਏਕ ਕਿਸੇ ਦੀ ਹੋਏ ਨਾ ਆਈ,
ਭੜੂਆ ਆਖ ਸੁਣਾਈ ਰੇ॥
ਮਾੜੂ ਰਾਮ ਨਹੀਂ ਔਰ ਨਿਕਾਰਾ,
ਜੈਸੇ ਜਗ ਮੇਂ ਭਾਈ ਰੇ॥ ੪੪॥
"ਭਾਵ ਨਾ ਰੰਚ ਸਦਾਵੇ ਭਾਈ,
ਧਨ ਹਿਤ ਕਰਮ ਕਮਾਵੇ ਹੈਂ॥
ਰਾਸ ਨਾ ਰਹੇ, ਪੜ੍ਹੇ ਰਹਿਰਾਸਾ,
ਸੁੱਤੇ ਜਿਉਂ ਬਰੜਾਵੇ ਹੈਂ॥
ਪੜ੍ਹ ਪੜ੍ਹ ਵੇਚੇ ਨਾਮ ਅਸਲ
ਖਰ ਸਿਰ ਉਪਰ ਭਾਰ ਉਠਾਵੇਂ ਹੈਂ॥
ਜੇ ਕੋਈ ਟਕਾ ਧਰੇ ਹਥ ਪਰ
ਕਰ ਅਰਦਾਸ ਸੁਣਾਵੇ ਹੈਂ॥
ਸੰਤ ਪ੍ਰਮੇਸ਼ਰ ਭੇਦ ਨਾ ਭਾਈ
ਤਿਨ ਸੋ ਵਾਦ ਰਚਾਵੇ ਹੈਂ॥
ਮਾੜੂ ਰਾਮ ਜੋ ਅੜੇ ਸੰਤਨ ਸਿਉਂ
ਅਪਨਾ ਜਨਮ ਗਵਾਵੇ ਹੈਂ॥੪੫॥"
"ਅੱਖਾਂ ਮੀਚ ਦਿਖਾਵੇ ਜਗ ਕੋ,
ਪੜ੍ਹ ਕਰ ਅਵਰ ਸੁਣਾਵੇ ਹੈਂ॥

(ਬਾਕੀ ਪੰਨਾ 49 ਤੇ)

ਕਰਮ ਬੰਧਨ ਤੋਂ ਮੁਕਤੀ
(Freedom from the Bond of Karma)

ਡਾ. ਸਵਾਮੀ ਰਾਮ ਜੀ
ਅਨੁਵਾਦਕ ਡਾ. ਤੇਜਿੰਦਰ ਮਲਹੋਤਰਾ

ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਦੇ ਬਾਨੀ ਸੰਤ ਮਹਾਰਾਜ ਜੀ ਦੇ ਆਦੇਸ਼ ਦੀ ਪਾਲਣਾ ਕਰਦੇ ਹੋਏ ਬਹੁਤ ਹੀ ਸਤਿਕਾਰਯੋਗ ਬੀਬੀ ਡਾ. ਤਜਿੰਦਰ ਮਲਹੋਤਰਾ ਸੰਸਾਰ-ਸੁ-ਪ੍ਰਸਿੱਧ ਮਹਾਨ ਯੋਗੀ ਡਾ. ਸਵਾਮੀ ਰਾਮ ਜੀ ਦੀਆਂ ਇੰਗਲਿਸ਼ ਵਿਚ ਰਚਿਤ ਪੁਸਤਕਾਂ ਦਾ ਪੰਜਾਬੀ ਅਨੁਵਾਦ ਕਰਕੇ ਬਹੁਤ ਵੱਡੀ ਸਾਹਿਤਕ ਦੇਣ ਦੇ ਰਹੇ ਹਨ। ਸਵਾਮੀ ਰਾਮ ਜੀ ਦੀਆਂ ਫਿਲਾਸਫੀ ਦੀਆਂ ਮਹਾਨ ਰਚਨਾਵਾਂ ਦਾ ਪੰਜਾਬੀ ਅਨੁਵਾਦ ਕਰਨਾ ਅਤਿਅੰਤ ਔਖਾ ਕਾਰਜ ਹੈ। ਮਹਾਰਾਜ ਜੀ ਦੇ ਅਸ਼ੀਰਵਾਦ ਨਾਲ ਬੀਬੀ ਜੀ ਆਪਣੇ ਸਰੀਰ ਦੀ ਅਰੋਗਤਾ ਦਾ ਖਿਆਲ ਨਾ ਰੱਖਦੇ ਹੋਏ ਦਿਨ ਰਾਤ ਇਹ ਮਹਾਨ ਸੇਵਾ ਨਿਭਾ ਰਹੇ ਹਨ। ਸਵਾਮੀ ਜੀ ਮਹਾਰਾਜ ਦੀਆਂ ਦੋ ਹੋਰ ਨਵੀਆਂ ਪੁਸਤਕਾਂ 'ਅਨੰਦਮਈ ਜੀਵਨ ਜਾਚ' (The Art of living) ਅਤੇ 'ਬ੍ਰਹਮਗਿਆਨ ਉਪਦੇਸ਼ ਮੰਡੂਕ ਉਪਨਿਸ਼ਦ' ਸਮਾਗਮ ਸਮੇਂ ਪ੍ਰਕਾਸ਼ਿਤ ਕੀਤੀਆਂ ਜਾ ਰਹੀਆਂ ਹਨ। ਇਹ ਪੁਸਤਕਾਂ ਸਮਾਗਮ ਸਮੇਂ ਪਰਮ ਪੂਜਯ ਸਤਿਕਾਰਯੋਗ ਬੀਜੀ ਵੱਲੋਂ ਰਿਲੀਜ਼ ਕੀਤੀਆਂ ਜਾਣਗੀਆਂ। ਜਿਨ੍ਹਾਂ ਵੀ ਸਵਾਮੀ ਜੀ ਦਾ ਸਾਹਿਤ ਗੁਰਮਤਿ ਦੇ ਪ੍ਰਕਾਸ਼ ਵਿਚ ਆਤਮ ਮਾਰਗ ਵਿਚ ਪ੍ਰਕਾਸ਼ਿਤ ਹੁੰਦਾ ਹੈ ਇਸ ਦੀਆਂ ਪੁਸਤਕਾਂ ਛਪਾ ਕੇ ਇਤਿਹਾਸਕ ਕਾਰਜ ਬੀਬੀ ਡਾ. ਤਜਿੰਦਰ ਮਲਹੋਤਰਾ ਰਾਹੀਂ ਹੋ ਰਿਹਾ ਹੈ। ਇਸ ਲਈ ਅਦਾਰਾ ਆਤਮ ਮਾਰਗ ਬੀਬੀ ਜੀ ਦਾ ਸਦਾ ਹੀ ਰਿਣੀ ਹੈ। ਗੁਰੂ ਮਹਾਰਾਜ ਬਖਸ਼ਿਸ਼ ਕਰਨ ਇਸ ਤਰ੍ਹਾਂ ਦੇ ਨਿਸ਼ਕਾਮ ਸੇਵਕ ਬੀਬੀ ਜੀ ਨੂੰ ਦੀਰਘ ਆਯੂ ਦੇਹ ਅਰੋਗਤਾ ਪ੍ਰਾਪਤ ਹੋਵੇ ਤਾਂ ਜੋ ਆਪਣੇ ਪਿਆਰੇ ਦੇ ਪਿਆਰ ਵਿਚ ਹੋਰ ਵੀ ਵੱਧ ਤੋਂ ਵੱਧ ਨਿਸ਼ਕਾਮ ਸੇਵਾ ਕਰਦੇ ਰਹਿਣ।

ਸੰਪਾਦਕ 'ਆਤਮ ਮਾਰਗ'

ਮੁੱਖ ਬੰਧ

ਸਵਾਮੀ ਰਾਮ ਦੇ ਪ੍ਰਵਚਨ ਜੋ ਉਨ੍ਹਾਂ ਨੇ ਇਕ ਗੋਸ਼ਟੀ ਵਿਚ ਕੀਤੇ ਸੀ ਜੋ ਇਕ ਬਹੁਤ ਹੀ ਮਹੱਤਵਪੂਰਣ ਵਿਸ਼ਾ ਹੈ, ਉਸਨੂੰ ਅਸੀਂ ਕਰਮਬੱਧ ਕਰ ਰਹੇ ਹਾਂ। ਉਹ ਵਿਸ਼ਾ ਹੈ ਕਰਮਾਂ ਦੇ ਬੰਧਨ ਤੋਂ ਛੁਟਕਾਰਾ। ਇਹ ਗੋਸ਼ਟੀ Center for Higher Consciousness is Minneapolis ਨੇ ਕਰਾਈ ਸੀ। ਇਹ ਪੁਸਤਕ ਉਸ ਗੋਸ਼ਟੀ ਵਿਚ ਕੀਤੇ ਗਏ ਪ੍ਰਵਚਨ ਹਨ ਕੋਸ਼ਿਸ਼ ਇਹ ਕੀਤੀ ਗਈ ਹੈ ਕਿ ਜੋ ਕੁਝ ਵੀ ਸਵਾਮੀ ਜੀ ਨੇ ਕਿਹਾ ਹੈ ਉਸਨੂੰ ਉਸੇ ਤਰ੍ਹਾਂ ਹੀ ਪਾਠਕਾਂ ਤੱਕ ਪਹੁੰਚਾਇਆ ਜਾਵੇ। ਉਚ ਕੋਟੀ ਦੇ ਗੁਰੂ ਦੀ ਇਹ ਵਿਲੱਖਣਤਾ ਹੈ ਕਿ ਜਿੰਨਾਂ ਡੂੰਘਾ ਗਿਆਨ ਉਹ ਪ੍ਰਵਚਨ ਕਰਕੇ ਦਿੰਦਾ ਹੈ ਓਨਾ ਹੀ ਜਾਂ ਉਸ ਤੋਂ ਵੱਧ ਗਿਆਨ ਉਹ ਆਪਣੇ ਗੁੱਝੇ ਹਾਵ ਭਾਵ ਨਾਲ ਦਿੰਦਾ ਹੈ। ਇਹ ਪ੍ਰਵਚਨ ਇਥੇ ਲਿਖਤੀ ਰੂਪ ਵਿਚ ਦਿੱਤੇ ਜਾ ਰਹੇ ਹਨ ਤਾਂ ਜੋ ਇਹ ਸਾਧਕਾਂ ਲਈ ਪ੍ਰੇਰਨਾ ਦਾ ਮੁੱਢ ਬਣ ਸਕਣ ਤੇ ਸਾਧਕ ਉਨ੍ਹਾਂ ਦਾ ਵਿਸ਼ਲੇਸ਼ਨ ਕਰ ਸਕਣ। ਵਿਸ਼ੇਸ਼ ਤੌਰ ਤੇ ਉਹ ਸਾਧਕ ਜਿਹੜੇ ਜੀਵਨ ਮਨੋਰਥ ਭਾਲ ਰਹੇ ਹਨ ਜਿਹੜੇ ਜੀਵਨ ਜੀਉਣ ਲਈ ਕਰਮ ਕਰਨਾ ਚਾਹੁੰਦੇ ਹਨ ਆਪਣਾ ਹਾਲਾਤ ਦਾ ਅਰਥ ਜਾਨਣਾ ਚਾਹੁੰਦੇ ਹਨ।

ਇਹ ਅੱਠ ਪ੍ਰਵਚਨਾਂ ਦਾ ਸੰਗ੍ਰਹਿ ਹੈ ਸਵਾਮੀ ਜੀ ਇਸ ਵਿਚ ਬਹੁਤ ਹੀ ਮਹੱਤਵਪੂਰਨ ਵਿਸ਼ੇ ਤੇ ਚਾਨਣਾ ਪਾ ਰਹੇ ਹਨ ਭਾਵ – ਆਪਣੇ ਆਪ ਨੂੰ ਜਾਨਣਾ ਤੇ ਸਮਝਣਾ ਅਸੀਂ ਕਹਿ ਸਕਦੇ ਹਾਂ। ਸਿੱਖੀ ਵਿਚ ਇਸਨੂੰ ਆਪਾ ਚੀਨਣਾ ਕਿਹਾ ਗਿਆ ਹੈ। ਕਰਮ ਭਾਵ ਹੈ ਆਪਣੀ ਹੋਂਦ ਹੋਣੀ ਤੇ ਫੇਰ ਕਰਮ ਕਰਨਾ ਇਹ ਇਕ ਵਾਟਵੀ ਰੱਸੀ ਦੀ ਤਰ੍ਹਾਂ ਹੈ ਜਿਸ ਨੇ ਆਪੇ ਨੂੰ ਬੰਨ੍ਹਿਆ ਹੋਇਆ ਹੈ, ਦੁੱਖ ਸੰਤਾਪ ਨਾਲ ਜਕੜਿਆ ਹੋਇਆ ਹੈ ਤੇ ਜਨਮ ਮਰਨ ਦੇ ਗੇੜ ਵਿਚ ਪਾਇਆ ਹੋਇਆ ਹੈ। ਇਸ ਕਰਮਾਂ ਦੀ ਰੱਸੀ ਦੇ ਲੜ ਹਨ ਕੰਮ ਕਾਰਜ, ਸੋਚ ਵਿਚਾਰ, ਇਛਾਵਾਂ ਤੇ ਗੁਪਤ ਪ੍ਰਵਿਰਤੀਆਂ। ਸਾਡੇ ਵਿਅਕਤੀਤ੍ਵ ਦੀਆਂ ਪ੍ਰਵਿਰਤੀਆਂ ਜਿਹੜੀਆਂ ਕਿ ਸਾਡੇ ਅਚੇਤ ਮਨ ਦੀਆਂ ਡੂੰਘਾਈਆਂ ਵਿਚ ਦਬੀਆਂ ਪਈਆਂ ਹਨ ਜਾਂ ਅਰਧ ਅਚੇਤ ਮਨ ਦੀਆਂ ਡੂੰਗਾਈ ਵਿਚ ਹਨ। ਕਰਮਾਂ ਦਾ ਇਹ ਅੰਸ਼ ਮਨ ਨੂੰ ਸਦਾ ਹੀ ਦੁਖੀ ਰਖਦਾ ਹੈ ਤੇ ਸਦਾ ਮਨ ਨੂੰ ਬਾਹਰ ਵਲ ਹੀ ਦੌੜਾਈ ਰਖਦਾ ਹੈ ਤੇ ਮਨ ਸਦਾ ਹੀ ਸੁਖ ਤੇ ਖੁਸ਼ੀ ਦੀ ਭਾਲ ਕਰਦਾ ਰਹਿੰਦਾ ਹੈ। ਇਸ ਗੱਲ ਦਾ ਨਤੀਜਾ ਕੀ ਹੁੰਦਾ ਹੈ ? ਨਤੀਜਾ ਹੁੰਦਾ ਹੈ ਮਨ ਇਕ ਗੁਲਾਮ ਬਣ ਕੇ ਰਹਿੰ ਜਾਂਦਾ ਹੈ, ਚੀਜ਼ਾਂ ਦਾ ਗੁਲਾਮ, ਵਿਚਾਰਾਂ ਦਾ ਗੁਲਾਮ, ਸੁਖ ਐਸ਼ ਦਾ ਗੁਲਾਮ ਤੇ ਕਲਪਨਾ ਦਾ ਗੁਲਾਮ ਬਣ ਜਾਂਦਾ ਹੈ ਤੇ ਇਨ੍ਹਾਂ ਵਿਚ ਹੀ ਉਲਝਿਆ ਰਹਿੰਦਾ ਹੈ।

ਜਦੋਂ ਤਕ ਮਨ ਖਿਲਰਿਆ ਹੋਇਆ ਹੈ ਖੇਰੂੰ ਖੇਰੂੰ ਹੈ ਉਦੋਂ ਤਕ ਕਰਮ ਬੰਧਨ ਤੋਂ ਛੁਟਣ ਦੀ ਕੋਈ ਆਸ ਨਹੀਂ ਕੀਤੀ ਜਾ ਸਕਦੀ। ਇਸ ਪੁਸਤਕ ਵਿਚ ਸਵਾਮੀ ਜੀ ਕਰਮ ਗਤੀ ਦਾ ਵਿਸ਼ਲੇਸ਼ਨ ਕਰਦੇ ਹਨ ਤੇ ਨਾਲ ਹੀ ਮਨ ਦੀਆਂ ਬਿਰਤੀਆਂ ਦਾ ਕਾਰਜ ਦਸਦੇ ਹੋਏ ਆਪਾ ਚੀਨਣ ਦੀ ਵਿਧੀ ਵੀ ਦਸਦੇ ਹਨ ਜਿਹੜੀ ਹਰ ਇਕ ਉਸ ਸਾਧਕ ਲਈ ਅਵੱਸ਼ਕ ਹੈ ਜੋ ਆਪਣੇ ਆਪ ਨੂੰ ਕਰਮਾਂ ਦੇ ਬੰਧਨ ਤੋਂ ਛੁਡਾਉਣਾ ਚਾਹੁੰਦਾ ਹੈ।

ਆਪਾ ਮੁਕਤ ਕਰਨ ਦੀ ਇਸ ਪ੍ਰਤੀਕ੍ਰਿਆ ਦੇ ਤਿੰਨ ਪੜਾਓ ਹਨ ਜਿਹੜੇ ਕਿ ਅਤਿ ਮਹੱਤਵਪੂਰਣ ਹਨ। ਪਹਿਲਾ

(ਪੰਨਾ 47 ਦੀ ਬਾਕੀ)

ਇਹ ਕਿ ਫਲ ਦੀ ਇੱਛਾ, ਆਪਣੇ ਕਰਮਾਂ ਦੇ ਫਲ ਦੀ ਇੱਛਾ ਹੀ ਸਾਰੀ ਗੁਲਾਮੀ ਦਾ ਕਾਰਣ ਹੈ ਇਸ ਕਰਕੇ ਸਾਨੂੰ ਮੋਹ ਤੋਂ ਛੁਟਕਾਰਾ ਪਾਉਣ ਦਾ ਅਭਿਆਸ ਕਰਨਾ ਚਾਹੀਦਾ ਹੈ ਤੇ ਨਾਲ ਆਪਣੇ ਕੀਤੇ ਕਰਮਾਂ ਦਾ ਫਲ ਵੀ ਦੂਸਰਿਆਂ ਦੇ ਭਲੇ ਨੂੰ ਹੀ ਅਰਪਣ ਕਰਨਾ ਚਾਹੀਦਾ ਹੈ। ਕੀਤੇ ਕਰਮ ਭਾਵੇਂ ਮਾੜੇ ਹੋਣ ਭਾਵੇਂ ਚੰਗੇ ਦੋਨੋਂ ਹੀ ਸਾਨੂੰ ਆਪਣੇ ਅਧੀਨ ਕਰ ਲੈਂਦੇ ਹਨ ਜੇ ਉਨ੍ਹਾਂ ਨੂੰ ਦੂਸਰਿਆਂ ਦੇ ਭਲੇ ਲਈ ਜਾਂ ਪ੍ਰਭੂ ਨੂੰ ਅਰਪਣ ਨਾ ਕੀਤਾ ਜਾਵੇ। ਸਾਨੂੰ ਨਿਰਸੁਆਰਥ ਹੋ ਕੇ ਜੀਣਾ ਸਿੱਖਣਾ ਚਾਹੀਦਾ ਹੈ।

ਦੂਸਰਾ ਬਹੁਤ ਹੀ ਜ਼ਰੂਰੀ ਪੜਾਅ ਹੈ ਸਵੈ ਪ੍ਰਕਾਸ਼ਨ, ਸਵੈ ਗਿਆਨ ਇਕ ਤਰ੍ਹਾਂ ਦੀ ਸ਼ੁੱਧਤਾ ਹੈ, ਚੇਤਨਾ ਦੀ ਸ਼ੁਧਤਾ ਉਪਚੇਤਨ ਮਨ ਦੀ ਸ਼ੁਧਤਾ ਹੈ ਮਨ ਨੂੰ ਇਛਾਵਾਂ ਤੋਂ, ਵਿਚਾਰਾਂ ਤੋਂ, ਬਿਰਤੀਆਂ ਤੋਂ ਮੁਕਤ ਕਰਨਾ ਹੈ ਕਿਉਂਕਿ ਇਹ ਹੀ ਇਕ ਪੜਦੇ ਦੀ ਤਰ੍ਹਾਂ ਹੈ ਇਹ ਉਹ ਪੜਦਾ ਹੈ ਜੋ ਆਪਣੇ ਤਕ ਨਹੀਂ ਪਹੁੰਚਣ ਦਿੰਦਾ। ਸਤਿ ਤਕ ਨਹੀਂ ਪਹੁੰਚਣ ਦਿੰਦਾ। ਮਨ ਤੇ ਤਾਂ ਭਰਮ ਦਾ ਪੜਦਾ ਪਿਆ ਹੋਇਆ ਹੈ। ਜਦੋਂ ਤਕ ਭਰਮ ਨਹੀਂ ਮਿਟਦਾ ਸਤਿ ਦੀ ਪ੍ਰਾਪਤੀ ਨਹੀਂ ਹੁੰਦੀ। ਅਸਤਿ ਤੇ ਸਤਿ ਦਾ ਨਿਤਾਰਾ ਨਹੀਂ ਹੁੰਦਾ। ਅਜਰ-ਅਮਰ-ਅਟੱਲ ਕੀ ਹੈ, ਨਾਸ਼ਵਾਨ ਕੀ ਹੈ ਇਸ ਦਾ ਗਿਆਨ ਨਹੀਂ ਹੁੰਦਾ, ਕਰਮ ਬੰਧਨ ਤੋਂ ਛੁਟਕਾਰਾ ਨਹੀਂ ਹੋ ਸਕਦਾ। ਯੋਗ ਦੀਆਂ ਵਿਧੀਆਂ ਦੱਸੀਆਂ ਗਈਆਂ ਹਨ ਜਿਨ੍ਹਾਂ ਨਾਲ ਜਗਿਆਸੂ ਆਤਮ ਸ਼ੁੱਧਤਾ, ਵਿਵੇਕ, ਤਕ ਪਹੁੰਚ ਕੇ ਕਰਮ ਬੰਨ ਤੋਂ ਛੁੱਟ ਸਕਦਾ ਹੈ।

ਤੀਸਰਾ ਤੇ ਅੰਤਮ ਪੜਾਅ ਹੈ ਕਿ ਕਰਮਾਂ ਤੋਂ ਪੂਰੀ ਤਰ੍ਹਾਂ ਉਦੋਂ ਹੀ ਮੁਕਤ ਹੋ ਸਕਦੇ ਹੋ ਜਦੋਂ ਮਨ ਤੋਂ ਉਪਰ ਉਠ ਜਾਂਦੇ ਹੋ ਤੇ ਪਰਾ ਚੇਤਨਤਾ ਜਿਸਨੂੰ ਸਮਾਧੀ ਜਾਂ ਸਮਾਚਿਤ ਦੀ ਸਥਿਤੀ ਕਹਿੰਦੇ ਹਨ। ਇਸ ਅਵਸਥਾ ਤੇ ਪਹੁੰਚਣ ਲਈ ਕੇਵਲ ਅਭਿਆਸ ਦੀ ਲੋੜ ਹੈ, ਜਿੰਨੀ ਮੈਡੀਟੇਸ਼ਨ ਕਰੋਗੇ ਜਿੰਨਾਂ ਅਭਿਆਸ ਕਰੋਗੇ, ਓਨਾਂ ਹੀ ਡੂੰਘੇ ਜਾਓਗੇ ਸਤਿ ਦਾ ਖੋਜੀ ਜਗਿਆਸੂ ਅੰਤਰ ਦ੍ਰਿਸ਼ਟੀ, ਅੰਤਰ ਗਿਆਨ ਪ੍ਰਾਪਤ ਕਰ ਲੈਂਦਾ ਹੈ। ਆਪਣੇ ਉਤਮ ਆਪੇ ਨੂੰ ਪ੍ਰਾਪਤ ਹੋ ਜਾਂਦਾ ਹੈ। ਉਹ ਆਪਣੇ ਕਰਮ ਸੁਤੰਤਰ ਹੋ ਕੇ ਕਰਦਾ ਹੈ ਨਿਰਸੁਆਰਥੀ ਹੋ ਕੇ ਕਰਦਾ ਹੈ, ਉਹ ਕੇਵਲ ਪਿਆਰ ਵਿਚ ਹੀ ਸਭ ਕੁਝ ਕਰਦਾ ਹੈ।

ਕਰਮ ਅਸੀਂ ਆਪ ਬਣਾਉਂਦੇ ਹਾਂ, ਜੋ ਵੀ ਅਸੀਂ ਅੱਜ ਅਨੁਭਵ ਕਰਦੇ ਹਾਂ ਜੋ ਕੁਝ ਵੀ ਸਾਨੂੰ ਅੱਜ ਮਿਲ ਰਿਹਾ ਹੈ, ਉਹ ਅਸੀਂ ਪਿੱਛੇ ਬੀਜ ਕੇ ਆਏ, ਪਿੱਛੇ ਕਰਕੇ ਆਏ ਹਾਂ। ਏਸੇ ਹੀ ਤਰ੍ਹਾਂ ਸਾਡਾ ਅੱਗਾ ਹੈ ਜਿਹੜਾ ਅਸੀਂ ਆਪ ਬਣਾਉਣਾ ਹੈ, ਆਪ ਸਵਾਰਨਾ ਹੈ ਇਹ ਸਾਡੇ ਆਪਣੇ ਹੱਥ ਹੈ। ਇਹ ਪੁਸਤਕ ਉਨ੍ਹਾਂ ਸਾਰਿਆਂ ਲਈ ਹੈ ਜਿਹੜੇ ਅੱਗਾ ਸੁਆਰਨਾ ਚਾਹੁੰਦੇ ਹਨ ਉਨ੍ਹਾਂ ਲਈ ਸਹਾਇਕ ਹੈ ਜਿਹੜੇ ਕਰਮਾਂ ਤੋਂ ਮੁਕਤ ਹੋ ਸਤਿ ਦੀ ਖੋਜ ਕਰਨਾ ਚਾਹੁੰਦੇ ਹਨ।

ਜਿਉਂ ਜਿਉਂ ਆਖੇ ਵਾਹ ਭਾਈ ਜੀ
ਤਿਉਂ ਤਿਉਂ ਫੁਲਦਾ ਜਾਵੇ ਹੈਂ॥
ਗੱਡੀਆਂ ਖਿੱਚਣ ਕੇ ਹਿਤਕਾਰੀ
ਭਾਈ ਬੈਲ ਬਣਾਵੇ ਹੈਂ॥
ਜੇਠ ਸਸੁਰ ਕੌ ਜਿਉਂ ਕਰ ਨਾਰੀ
ਭਾਈ ਆਖ ਬੁਲਾਵੇ ਹੈਂ॥
ਤੈਸੇ ਭਾਈ ਕਹਿ ਕਰ ਸਭ ਹੀ,
ਨਰਕ ਕੀ ਸੈਲ ਕਰਾਵੇ ਹੈਂ॥
ਮਾੜੂ ਰਾਮ ਇਨ ਕੀ ਮਤਿ ਦੇਖੋ
ਭੇਦ ਨਾ ਰੰਚਕ ਪਾਵੇ ਹੈਂ॥੪੬॥"
"ਭਾਈ ਸੋ ਜੋ ਭਾਉ ਕਰੇ,
ਇਨ ਪਾਂਚੌਂ ਕਾ ਸੰਗ ਤਿਆਗੇ ਹੈਂ॥
ਕਾਮ ਕਰੋਧ ਅਰ ਕੂੜ ਕਪਟ ਪੁਨ
ਕੰਚਨ ਛਲ ਤੇ ਭਾਗੇ ਹੈਂ॥
ਭਉ ਪ੍ਰੇਮ ਅਰ ਭਉ ਭਾਵਨਾ
ਨਿ ਦਿਨ ਉਰ ਮੇਂ ਜਾਗੇ ਹੈਂ॥
ਪੁੱਤਰ ਕਲੱਤਰ ਕੁਟੰਬ ਸਭ ਤਿਆਗੇ
ਤੀਰਤ ਭਯੋ ਵਿਰਾਗੇ ਹੈਂ॥
ਗਿਆਨ ਗੁਰੂ ਉਪਦੇਸਿਓ ਜੋਈ
ਤਾਂ ਮੈਂ ਨਿਸ ਦਿਨ ਲਾਗੇ ਹੈਂ॥
ਮਾੜੂ ਰਾਮ ਸੋ ਦੁਰਲੱਭ ਭਾਈ
ਅਵਰ ਬਨਾਰਸ ਕੇ ਠਾਗੇ ਹੈਂ॥੪੭॥"
"ਕੇਸ਼ਵ ਕੇਸ ਧਰੇ ਸਿਰ ਊਪਰ,
ਕੰਘਾ ਕਹੇ ਗਮ ਖੋਵੇ ਹੈਂ॥
ਤਨ ਕੌ ਕਾਛ ਕਛਹਿਰੀ ਪਾਵੇ,
ਕੜਾ ਕਰਮ ਮਲ ਧੋਵੇ ਹੈਂ॥
ਕਰਦ ਕਰਮ ਕਰ ਤਿਆਗੇ ਸਭ ਹੀ
ਮੀਠ ਬਚਨ ਬਗੋਵੇ ਹੈਂ॥
ਗੋਬਿੰਦ ਆਪ ਜਗਤ ਸਭ ਗੋਬਿੰਦ
ਗੋਬਿੰਦ ਬਿਨਾ ਨਾ ਜੋਵੇ ਹੈਂ॥
ਬਰਣ ਆਸ੍ਰਮ ਕਾ ਤੋੜ ਪਿੰਜਰਾ
ਸਿੰਘ ਖੁਲਾਸਾ ਹੋਵੇ ਹੈਂ॥
ਮਾੜੂ ਰਾਮ ਜੋ ਹੈਂ ਸਿਖ ਐਸੋ
ਲੋਕ ਸੁਹਾਵਾ ਦੋਵੇ ਹੈਂ॥੪੮॥"
"ਐਸੀ ਸਿਖਿਆ ਜਿਨ ਮਨ ਮਾਨੀ
ਸੋ ਸਿੱਖ ਉਤਮ ਕਹਾਵੇਂ ਰੇ॥
ਅਵਰ ਬਨਾਵਟ ਕੇ ਸਿੱਖ ਹੈਂ ਸਭ
ਅੰਤਕਾਲ ਪਛਤਾਵੇ ਰੇ॥
ਧਾਰੇ ਭੇਖ ਅਲੇਪ ਨਾ ਪਾਵੇ
ਵੇਦ ਪੁਰਾਨ ਬਤਾਵੇ ਰੇ॥
ਏਕ ਨਾਮ ਕੇ ਸਿਮਰੇ ਬਾਝੋਂ,
ਮੂੰਹ ਮੂੰਹ ਪਾਣਾ ਖਾਵੇ ਰੇ॥
ਮਾੜੂ ਰਾਮ ਸੱਚ ਹੋਏ ਪ੍ਰਾਪਤ
ਸੰਤ ਸ਼ਰਨ ਜੇ ਆਵੇ ਰੇ॥ ੪੯॥"
ਕੋਰੜੇ ਛੰਦ ਸੰਪੂਰਨ

ਸਤਿ ਬਚਨ ਸਾਧੂ ਕਹਹਿ
(ਬਾਈਬਲ ਵਿਚੋਂ)

ਸੰਤ ਵਰਿਆਮ ਸਿੰਘ ਜੀ
ਬਾਨੀ ਵਿ. ਗੁ. ਰੂ. ਮਿਸ਼ਨ।

ਪੈਸਾ : ਧਨ-ਦੌਲਤ

ਇਹ ਨਿਸ਼ਚਿਤ ਹੈ ਕਿ ਨਾ ਅਸੀਂ ਇਸ ਜਗਤ ਵਿਚ ਕੁਝ ਲਿਆਏ ਹਾਂ ਅਤੇ ਨਾ ਹੀ ਇਥੋਂ ਕੁਝ ਲਿਜਾ ਸਕਦੇ ਹਾਂ। ਸਾਡੇ ਪਾਸ ਜੋ ਕੁਝ ਵੀ ਖਾਣ-ਪਹਿਨਣ ਲਈ ਹੈ, ਸਾਨੂੰ ਉਸੇ ਉਪਰ ਸੰਤੋਖ ਕਰਨਾ ਚਾਹੀਦਾ ਹੈ। ਜੋ ਧਨੀ ਹੋਣਾ ਚਾਹੁੰਦੇ ਹਨ, ਉਹ ਕਈ ਫੰਧਿਆਂ ਅਤੇ ਹਾਨੀਕਾਰਕ ਵਾਸ਼ਨਾਵਾਂ ਵਿਚ ਫਸਦੇ ਹਨ, ਜੋ ਮਨੁੱਖ ਨੂੰ ਵਿਗਾੜ ਦਿੰਦੀਆਂ ਹਨ ਅਤੇ ਵਿਨਾਸ਼ ਦੇ ਸਾਗਰ ਵਿਚ ਡੁਬੋ ਦਿੰਦੀਆਂ ਹਨ।

ਰੁਪਏ ਦਾ ਲੋਭ ਹਰ ਪ੍ਰਕਾਰ ਦੀਆਂ ਬੁਰਾਈਆਂ ਦੀ ਜੜ੍ਹ ਹੈ। ਪੈਸੇ ਨੂੰ ਪ੍ਰਾਪਤ ਕਰਦਿਆਂ ਹੋਇਆਂ ਕਿੰਨੇ ਹੀ ਲੋਕਾਂ ਨੇ ਸ਼ਰਧਾ ਤੋਂ ਭਟਕ ਕੇ ਆਪਣੇ ਆਪ ਨੂੰ ਕਈ ਪ੍ਰਕਾਰ ਦੇ ਦੁਖਾਂ ਨਾਲ ਵਿੰਨ੍ਹ ਲਿਆ ਹੈ।

ਪਰ ਹੇ ਰੱਬ ਦੇ ਬੰਦੇ! ਤੂੰ ਇਹਨਾਂ ਗੱਲਾਂ ਤੋਂ ਦੂਰ ਰਹਿ ਅਤੇ ਧਰਮ, ਭਗਤੀ, ਸ਼ਰਧਾ, ਪ੍ਰੇਮ, ਧੀਰਜ ਅਤੇ ਨਿੰਮ੍ਰਤਾ ਦਾ ਪਾਲਣ ਕਰ।

ਇਸ ਸੰਸਾਰ ਦੇ ਧਨਵਾਨਾਂ ਨੂੰ ਚਾਹੀਦਾ ਹੈ ਕਿ ਉਹ ਅਭਿਮਾਨ ਨਾ ਕਰਨ ਅਤੇ ਚੰਚਲ ਧਨ ਉਪਰ ਆਸ ਨਾ ਰੱਖਣ, ਸਗੋਂ ਈਸ਼ਵਰ ਉਪਰ, ਜੋ ਸਾਡੇ ਸੁਖਾਂ ਲਈ ਬਹੁਤ ਕੁਝ ਦਿੰਦਾ ਹੈ, ਜੀਵਤ ਸ਼ਰਧਾ ਰੱਖਣ ਅਤੇ ਭਲਾਈ ਦੇ ਕੰਮ ਕਰਨ, ਉਦਾਰ ਬਣਨ, ਸਭ ਦੀ ਸਹਾਇਤਾ ਲਈ ਤਤਪਰ ਰਹਿਣ ਅਤੇ ਭਲੇ ਕੰਮਾਂ ਦੇ ਧਨੀ ਬਣਨ। ਇੰਜ ਅਗਾਂਹ ਲਈ ਇਕ ਚੰਗੀ ਨੀਂਹ ਰੱਖ ਲੈਣ ਤਾਂ ਜੋ ਸੱਚ ਦੇ ਜੀਵਨ ਨੂੰ ਵਸ ਵਿਚ ਕਰ ਸਕਣ।

(ਤੀਮੋਥਿਉਸ ਦੇ ਨਾਮ ਪੌਲੁਸ ਪ੍ਰੇਰਿਤ ਦਾ ਪਹਿਲਾ ਪੱਤਰ-੬/੭-੧੯)

ਮਾਇਆ ਸੰਚਿ ਰਾਜੇ ਅਹੰਕਾਰੀ।।
ਮਾਇਆ ਸਾਥਿ ਨ ਚਲੈ ਪਿਆਰੀ।। *ਅੰਗ - 1342*

ਮਾਇਆਧਾਰੀ ਅਤਿ ਅੰਨਾ ਬੋਲਾ।।
ਸਬਦੁ ਨ ਸੁਣਈ ਬਹੁ ਰੌਲ ਘਚੋਲਾ।। *ਅੰਗ - 313*

ਬਾਬਾ ਮਾਇਆ ਸਾਥਿ ਨ ਹੋਇ।।
ਇਨਿ ਮਾਇਆ ਜਗੁ ਮੋਹਿਆ ਵਿਰਲਾ ਬੂਝੈ ਕੋਇ।।
ਅੰਗ - 595

ਇਸੁ ਜਰ ਕਾਰਣਿ ਘਣੀ ਵਿਗੁਤੀ
ਇਨਿ ਜਰ ਘਣੀ ਖੁਆਈ।।
ਪਾਪਾ ਬਾਝਹੁ ਹੋਵੈ ਨਾਹੀ ਮੁਇਆ ਸਾਥਿ ਨ ਜਾਈ।।
ਅੰਗ - 417

ਧਨ ਦਾ ਲੋਭ ਅਤੇ ਧਨੀ ਲੋਕ

ਸੁਚੇਤ ਰਹੋ ਅਤੇ ਹਰ ਪ੍ਰਕਾਰ ਦੇ ਲੋਭ ਤੋਂ ਆਪਣੇ ਆਪ ਨੂੰ ਬਚਾਈ ਰੱਖੋ, ਕਿਉਂਕਿ ਕਿਸੇ ਦਾ ਜੀਵਨ ਉਸ ਦੇ ਅਧਿਕਾਰ ਵਿਚ ਰਹਿਣ ਵਾਲੀਆਂ ਵਸਤਾਂ ਅਤੇ ਸੰਪਤੀ ਦੀ ਬਹੁਤਾਤ ਨਾਲ ਸੰਪੰਨ ਨਹੀਂ ਹੁੰਦਾ। ਜੋ ਲੋਭ ਵਸ ਆਪਣੇ ਲਈ ਧਨ ਬਟੋਰਦਾ ਹੈ, ਉਹ ਈਸ਼ਵਰ ਦੀ ਦ੍ਰਿਸ਼ਟੀ ਵਿਚ ਧਨੀ ਨਹੀਂ, ਨਿਰਧਨ ਹੈ।

(ਲੂਕਾ-੧੨/੧੫ ਅਤੇ ੨੧)

ਮੈਂ ਸੱਚ ਕਹਿੰਦਾ ਹਾਂ ਕਿ ਧਨਵਾਨ ਦਾ ਈਸ਼ਵਰੀ ਰਾਜ ਵਿਚ ਪ੍ਰਵੇਸ਼ ਕਰਨਾ ਕਠਿਨ ਹੈ। ਸੂਈ ਦੇ ਨੱਕੇ ਵਿਚੋਂ ਊਠ ਦਾ ਨਿਕਲ ਜਾਣਾ ਸਹਿਜ ਹੈ, ਪਰ ਈਸ਼ਵਰ ਦੇ ਰਾਜ ਵਿਚ ਧਨਵਾਨ ਦਾ ਪ੍ਰਵੇਸ਼ ਕਰਨਾ ਕਠਿਨ ਹੈ।
(ਮੱਤੀ-੧੯/੩੩-੩੪)

ਜੇ ਤੂੰ ਪੂਰਣ ਹੋਣਾ ਚਾਹੁੰਦਾ ਹੈ ਤਾਂ ਜਾਹ ਆਪਣਾ ਮਾਲ ਵੇਚ ਕੇ ਗਰੀਬਾਂ ਵਿਚ ਵੰਡ ਦੇ, ਤੈਨੂੰ ਸੁਅਰਗ ਵਿਚ ਵਾਸਾ ਅਤੇ ਧਨ ਮਿਲੇਗਾ।

(ਮੱਤੀ-੧੯/੩੧)

ਜਿਉ ਕੂਕਰੁ ਹਰਕਾਇਆ ਧਾਵੈ ਦਹ ਦਿਸ ਜਾਇ।।
ਲੋਭੀ ਜੰਤੁ ਨ ਜਾਣਈ ਭਖੁ ਅਭਖੁ ਸਭ ਖਾਇ।।
ਅੰਗ - 50

ਲੋਭੀ ਕਾ ਵੇਸਾਹੁ ਨ ਕੀਜੈ ਜੇ ਕਾ ਪਾਰਿ ਵਸਾਇ।।
ਅੰਤਿ ਕਾਲਿ ਤਿਥੈ ਧੁਹੈ ਜਿਥੈ ਹਥੁ ਨ ਪਾਇ।।
ਮਨਮੁਖ ਸੇਤੀ ਸੰਗੁ ਕਰੇ ਮੁਹਿ ਕਾਲਖ ਦਾਗੁ ਲਗਾਇ।।
ਮੁਹ ਕਾਲੇ ਤਿਨ ਲੋਭੀਆਂ ਜਾਸਨਿ ਜਨਮੁ ਗਵਾਇ।।
ਅੰਗ - 1417

ਦਮੜਾ ਤਿਸੀ ਕਾ ਜੋ ਖਰਚੈ ਅਰ ਖਾਇ।
ਦੇਵੈ ਦਿਲਾਵੈ ਰਜਾਵੈ ਖੁਦਾਇ।
ਹੋਤਾ ਨ ਰਾਖੈ ਅਕੇਲਾ ਨ ਖਾਇ।
ਤਹਕੀਕ ਦਿਲ ਦਾਨੀ ਵਹੀ ਭਿਸਤ ਜਾਇ।
(ਨਸੀਹਤ ਨਾਮਾ)

ਬਦਲਾ (ਬਦਲੇ ਦੀ ਭਾਵਨਾ)

ਤੁਸੀਂ ਸੁਣ ਚੁਕੇ ਹੋ ਕਿ ਅੱਖ ਦੇ ਬਦਲੇ ਅੱਖ ਅਤੇ

ਦੰਦ ਦੇ ਬਦਲੇ ਦੰਦ। ਪਰ ਨਹੀਂ, ਤੁਸੀਂ ਬੁਰੇ ਪ੍ਰਤੀ ਬਦਲੇ ਦੀ ਭਾਵਨਾ ਨਾ ਰੱਖੋ। ਜੇ ਕੋਈ ਤੁਹਾਡੀ ਸੱਜੀ ਗੱਲ੍ਹ ਤੇ ਚਪੇੜ ਮਾਰੇ ਤਾਂ ਉਸ ਅੱਗੇ ਆਪਣੀ ਖੱਬੀ ਗਲ੍ਹ ਵੀ ਕਰ ਦਿਉ। ਜੋ ਕੋਈ ਜ਼ਬਰਦਸਤੀ ਤੁਹਾਡਾ ਕੁੜਤਾ ਲੈਣਾ ਚਾਹਵੇ ਤਾਂ ਉਸਨੂੰ ਦੂਜੇ ਵਸਤਰ ਵੀ ਦੇ ਦਿਉ। ਜੇ ਕੋਈ ਜ਼ਬਰਦਸਤੀ ਤੁਹਾਨੂੰ ਇਕ ਕੋਹ ਲੈ ਜਾਣਾ ਚਾਹਵੇ ਤਾਂ ਉਸਦੇ ਨਾਲ ਦੋ ਕੋਹ ਚਲੇ ਜਾਉ। ਜੇ ਕੋਈ ਤੁਹਾਥੋਂ ਮੰਗੇ, ਉਸਨੂੰ ਦਿਉ ਅਤੇ ਜੋ ਕੋਈ ਉਧਾਰ ਲੈਣਾ ਚਾਹਵੇ, ਉਸ ਤੋਂ ਮੂੰਹ ਨਾ ਮੋੜੋ। *(ਮੱਤੀ-੫/੩੯-੪੨)*

ਫਗੰਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ॥
ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ॥

ਅੰਗ - 1381

ਅਨੈਤਿਕਤਾ

ਅਨੈਤਿਕਤਾ ਤੋਂ ਬਚਣ ਲਈ ਜ਼ਰੂਰੀ ਹੈ ਕਿ ਹਰ ਇਕ ਪੁਰਸ਼ ਦੀ ਆਪਣੀ ਪਤਨੀ ਹੋਵੇ ਅਤੇ ਹਰੇਕ ਇਸਤ੍ਰੀ ਦਾ ਆਪਣਾ ਪਤੀ ਹੋਵੇ।

(ਕੁਰਿੰਥੀਆਂ ਦੇ ਨਾਮ ਪੌਲੁਸ ਪ੍ਰੇਰਿਤ ਦਾ ਪਹਿਲਾ ਪੱਤਰ-੭/੨)

ਏਕਾ ਨਾਰੀ ਜਤੀ ਹੋਇ ਪਰ ਨਾਰੀ ਧੀ ਭੈਣ ਵਖਾਣੈ॥
(ਭਾਈ ਗੁਰਦਾਸ ਜੀ, ਵਾਰ-੬/੮)

ਦੁਨੀਆਂ ਤੋਂ ਵੈਰਾਗ (ਦੀਨ ਅਤੇ ਦੁਨੀਆਂ)

ਤੁਸੀਂ ਨਾ ਤਾਂ ਦੁਨੀਆਂ ਨਾਲ ਅਤੇ ਨਾ ਹੀ ਦੁਨੀਆਂ ਦੀਆਂ ਵਸਤਾਂ ਨਾਲ ਪ੍ਰੇਮ ਰਖੋ। ਜੇ ਕੋਈ ਦੁਨੀਆਂ ਨਾਲ ਪ੍ਰੇਮ ਰਖਦਾ ਹੈ ਤਾਂ ਸਮਝੋ ਕਿ ਉਸਨੂੰ ਪਿਤਾ-ਪ੍ਰਮੇਸ਼ਰ ਨਾਲ ਪ੍ਰੇਮ ਨਹੀਂ ਹੈ, ਕਿਉਂਕਿ ਜੋ ਕੁਝ ਦੁਨੀਆਂ ਵਿਚ ਹੈ ਅਰਥਾਤ ਸਰੀਰ ਦੀ ਵਾਸ਼ਨਾ, ਅੱਖਾਂ ਦੀ ਵਾਸ਼ਨਾ ਅਤੇ ਵੈਭਵ (ਦੁਨਿਆਵੀ ਸੁੱਖ ਸਾਧਨਾਂ ਦਾ ਭੰਡਾਰ) ਦਾ ਝੂਠਾ ਘੁਮੰਡ ਆਦਿ, ਇਹ ਸਭ ਪਿਤਾ ਪਰਮੇਸ਼ਰ ਵਲੋਂ ਨਹੀਂ, ਦੁਨੀਆਂ ਵਲੋਂ ਹੀ ਹੈ। ਦੁਨੀਆਂ ਤੇ ਉਸਦੀਆਂ ਵਾਸ਼ਨਾਵਾਂ ਦੋਵੇਂ ਹੀ ਮਿਟਦੇ ਜਾਂਦੇ ਹਨ ਪਰ ਜੋ ਈਸ਼ਵਰ ਦੀ ਇੱਛਾ ਉਪਰ ਚਲਦਾ ਹੈ, ਉਹ ਸਦ-ਸਥਿਰ ਰਹਿੰਦਾ ਹੈ।

(ਯੂਹੰਨਾ ਦੀ ਪਹਿਲੀ ਚਿੱਠੀ-੨/੧੫-੧੭)

ਦੁਨੀਆਵੀ ਨਹੀਂ, ਸਗੋਂ ਸਵਰਗੀ-ਵਸਤੂਆਂ ਉਪਰ ਧਿਆਨ ਲਗਾਉ।

(ਕੁਲੁਸੀਆਂ ਦੇ ਨਾਮ ਪੌਲੁਸ ਪ੍ਰੇਰਿਤ ਦਾ ਪੱਤਰ-੩/੨)

ਸਾਥਿ ਤੇਰੈ ਚਲੈ ਨਾਹੀ
ਤਿਸੁ ਨਾਲਿ ਕਿਉ ਚਿਤੁ ਲਾਈਐ॥
ਐਸਾ ਕੰਮੁ ਮੂਲੇ ਨ ਕੀਚੈ
ਜਿਤੁ ਅੰਤਿ ਪਛੋਤਾਈਐ॥ *ਅੰਗ - 918*

ਸ਼ਰਧਾ-ਧੀਰਜ ਆਸ਼ਾ

ਸਭ ਨੇ ਪਾਪ ਕੀਤਾ ਹੈ ਅਤੇ ਉਹ ਈਸ਼ਵਰ ਦੀ ਮਹਿਮਾ ਤੋਂ ਵੰਚਿਤ ਹਨ। ਇਸ ਲਈ ਅਸੀਂ ਇਸ ਨਤੀਜੇ ਤੇ ਪਹੁੰਚਦੇ ਹਾਂ ਕਿ ਧਰਮ ਸਾਸ਼ਤ੍ਰ ਵਿਚ ਕਥਿਤ ਕਰਮਾਂ ਨੂੰ ਕੀਤੇ ਬਿਨਾਂ ਵੀ ਕੇਵਲ ਸ਼ਰਧਾ ਨਾਲ ਮਨੁੱਖ ਪੁੰਨੀ-ਪੁੰਨ ਸ਼ਾਲੀ ਮੰਨਿਆ ਜਾਂਦਾ ਹੈ।

(ਰੋਮੀਆਂ ਦੇ ਨਾਮ ਪੌਲੁਸ ਪ੍ਰੇਰਿਤ ਦਾ ਪੱਤਰ-੩/੨੩, ੨੮)

ਸੰਕਟ ਸਹਿਣ ਕਰਨ ਨਾਲ ਧੀਰਜ ਆਉਂਦਾ ਹੈ, ਧੀਰਜ ਤੋਂ ਸੱਤ ਅਤੇ ਸੱਤ ਤੋਂ ਆਸ਼ਾ ਉਤਪੰਨ ਹੁੰਦੀ ਹੈ। ਆਸ਼ਾ ਦੇ ਕਾਰਣ ਸਾਨੂੰ ਸ਼ਰਮਿੰਦਾ ਨਹੀਂ ਹੋਣਾ ਪੈਂਦਾ ਕਿਉਂਕਿ ਸਾਨੂੰ ਪਵਿੱਤਰ ਆਤਮਾ ਦੇ ਕੇ ਈਸ਼ਵਰ ਨੇ ਸਾਡੇ ਹਿਰਦੇ ਵਿਚ ਪ੍ਰੇਮ ਦੀ ਵਰਖਾ ਕੀਤੀ ਹੈ।

(ਰੋਮੀਆਂ ਦੇ ਨਾਮ ਪੌਲੁਸ ਪ੍ਰੇਰਿਤ ਦਾ ਪੱਤਰ-੫/੩-੫)

ਆਸ਼ਾ ਦੇ ਰਾਹੀਂ ਤਾਂ ਸਾਡਾ ਉਧਾਰ ਹੋਇਆ ਹੈ, ਪਰ ਜਿਸ ਵਸਤੂ ਦੀ ਆਸ਼ਾ ਕੀਤੀ ਜਾਂਦੀ ਹੈ, ਜਦੋਂ ਉਹ ਪ੍ਰਾਪਤ ਹੋ ਜਾਵੇ ਤਾਂ ਫਿਰ ਉਹ ਆਸ਼ਾ ਕਿੱਥੇ ਰਹੀ? ਕਿਉਂਕਿ ਜਿਸ ਵਸਤੂ ਨੂੰ ਕੋਈ ਪ੍ਰਾਪਤ ਕਰ ਰਿਹਾ ਹੈ, ਉਸਦੀ ਆਸ਼ਾ ਉਹ ਕੀ ਕਰੇਗਾ? ਪਰ ਜਿਸ ਵਸਤੂ ਨੂੰ ਅਸੀਂ ਨਹੀਂ ਪ੍ਰਾਪਤ ਕਰਦੇ, ਜੇਕਰ ਉਸਦੀ ਆਸ਼ਾ ਰਖਦੇ ਹਾਂ ਤਾਂ ਧੀਰਜ ਨਾਲ ਉਸਦੀ ਉਡੀਕ ਵੀ ਕਰਦੇ ਹਾਂ।

(ਰੋਮੀਆਂ ਦੇ ਨਾਮ ਪੌਲੁਸ ਪ੍ਰੇਰਿਤ ਦਾ ਪੱਤਰ-੮/੨੪, ੨੫)

ਸ਼ਰਧਾ ਵੀ ਜੇ ਕਰਮ ਸਹਿਤ ਨਾ ਹੋਵੇ ਤਾਂ ਉਹ ਮਿਰਤ ਸਮਾਨ ਹੈ: ਪਰ ਹੇ ਨਿਕੰਮੇ ਮਨੁੱਖ! ਕੀ ਤੂੰ ਇਹ ਸਮਝਦਾ ਹੈਂ ਕਿ ਕਰਮ ਬਿਨਾਂ ਸ਼ਰਧਾ ਮਿਰਤ ਸਮਾਨ ਹੈ?

(ਯਾਕੂਬ ਦੀ ਚਿੱਠੀ-੨/੧੭-੨੦)

ਧੀਰਜ ਕਰੋ, ਦੇਖੋ, ਕਿਸਾਨ ਧਰਤੀ ਤੋਂ ਵਡਮੁੱਲੀ ਉਪਜ ਦੀ ਆਸ਼ਾ ਰਖਦਾ ਹੋਇਆ ਪਹਿਲੀ ਅਤੇ ਅੰਤਿਮ ਵਰਖਾ ਹੋਣ ਤਕ ਧੀਰਜ ਕਰਦਾ ਹੈ। ਤੁਸੀਂ ਵੀ ਧੀਰਜ ਕਰੋ ਅਤੇ ਆਪਣੇ ਹਿਰਦੇ ਨੂੰ ਦ੍ਰਿੜ੍ਹ ਕਰੋ। *(ਯਾਕੂਬ ਦੀ ਚਿੱਠੀ-੫/੭-੮)*

ਮਿਠਾ ਬੋਲਣ

ਆਪਣੀ ਵਾਣੀ ਨੂੰ ਸਦਾ ਮਧੁਰ ਅਤੇ ਰਸਮਈ ਰਖੋ ਤਾਂ ਜੋ ਤੁਹਾਨੂੰ ਹਰੇਕ ਮਨੁੱਖ ਨੂੰ ਉਚਿਤ ਢੰਗ ਨਾਲ ਉਤਰ ਦੇਣਾ ਆ ਜਾਵੇ।

(ਕੁਲੁਸੀਆਂ ਦੇ ਨਾਮ ਪੌਲੁਸ ਪ੍ਰੇਰਿਤ ਦਾ ਪੱਤਰ-੪/੬)

ਮਿਠਾ ਬੋਲਣ ਨਿਵ ਚਲਣ

ਹੱਥਹੁ ਦੇਣ ਭਗਤ ਗੁਰ ਗਜਾਨਾ॥
ਭਾਈ ਗੁਰਦਾਸ ਜੀ, ਵਾਰ - ੩੦/੧੫

ਪਵਿਤਰਤਾ

ਜੋ ਕਿਸੇ ਇਸਤ੍ਰੀ ਵਲ ਬੁਰੀ ਨਜ਼ਰ ਦੇਖੇ, ਉਸਨੇ ਮਾਨੋ ਮਨ ਹੀ ਮਨ ਉਸ ਇਸਤ੍ਰੀ ਨਾਲ ਵਿਭਚਾਰ ਕਰ ਲਿਆ ਹੈ।

ਜੇਕਰ ਤੇਰੀ ਸੱਜੀ ਅੱਖ ਤੈਥੋਂ ਦੋਸ਼ ਕਰਾਵੇ ਤਾਂ ਉਸਨੂੰ ਕੱਢ ਕੇ ਬਾਹਰ ਸੁੱਟ ਦੇ, ਕਿਉਂਕਿ ਤੇਰੇ ਲਈ ਇਹੀ ਭਲਾ ਹੈ ਕਿ ਤੇਰੇ ਅੰਗਾਂ ਵਿਚੋਂ ਇਕ ਦਾ ਨਾਸ਼ ਹੋ ਜਾਵੇ ਅਤੇ ਤੇਰਾ ਸਾਰਾ ਸਰੀਰ ਨਰਕ-ਕੁੰਡ ਵਿਚ ਨਾ ਸੁਟਿਆ ਜਾਵੇ।

ਜੇਕਰ ਤੇਰਾ ਸੱਜਾ ਹੱਥ ਤੈਥੋਂ ਕੁਕਰਮ ਕਰਾਵੇ ਤਾਂ ਉਸਨੂੰ ਕੱਟ ਕੇ ਸੁੱਟ ਦੇ, ਕਿਉਂਕਿ ਤੇਰੇ ਲਈ ਇਹੀ ਠੀਕ ਹੈ ਕਿ ਤੇਰੇ ਅੰਗਾਂ ਵਿਚੋਂ ਇਕ ਦਾ ਨਾਸ ਹੋ ਜਾਵੇ ਅਤੇ ਤੇਰਾ ਸਾਰਾ ਸਰੀਰ ਨਰਕ-ਕੁੰਡ ਵਿਚ ਨਾ ਸੁਟਿਆ ਜਾਵੇ। *(ਮੱਤੀ-੫/੨੮-੩੦)*

ਨੈਣ ਨ ਦੇਖਹਿ ਸਾਧ ਸਿ ਨੈਣ ਬਿਹਾਲਿਆ॥
ਕਰਨ ਨ ਸੁਨਹੀ ਨਾਦੁ ਕਰਨ ਮੁੰਦਿ ਘਾਲਿਆ॥
ਰਸਨਾ ਜਪੈ ਨ ਨਾਮੁ ਤਿਲੁ ਤਿਲੁ ਕਰਿ ਕਟੀਐ॥
ਅੰਗ - 1262-63
ਪਰ ਤ੍ਰਿਅ ਰੂਪੁ ਨ ਪੇਖੈ ਨੇਤ੍ਰ॥ *ਅੰਗ - 274*
ਕਰਨ ਨ ਸੁਨੈ ਕਾਹੂ ਕੀ ਨਿੰਦਾ॥ *ਅੰਗ - 274*

ਦਾਨ

ਦਿਖਾਵੇ ਮਾਤਰ ਦਾਨ ਨਾ ਕਰੋ, ਇੰਜ ਤੁਸੀਂ ਪਰਮ ਪਿਤਾ ਤੋਂ ਕੋਈ ਫਲ ਪ੍ਰਾਪਤ ਨਹੀਂ ਕਰ ਸਕਦੇ। ਦਾਨ ਦੇਣ ਲਗਿਆਂ ਧਰਮ ਅਸਥਾਨਾਂ ਦੇ ਢੋਂਗੀਆਂ ਦੀ ਨਿਆਈਂ, ਲੋਕਾਂ ਲਈ ਆਪਣੇ ਅੱਗੇ-ਅੱਗੇ ਬੈਂਡ ਬਾਜੇ ਨਾ ਬਜਵਾਉ। ਦਾਨ ਨੂੰ ਗੁਪਤ ਰੱਖੋ, ਇੰਨਾ ਗੁਪਤ ਕਿ ਸੱਜੇ ਹੱਥ ਨਾਲ ਦਿਤੇ ਦਾਨ ਦਾ ਤੁਹਾਡੇ ਖੱਬੇ ਹੱਥ ਨੂੰ ਵੀ ਪਤਾ ਨਾ ਲਗ ਸਕੇ। ਤਾਂ ਹੀ ਅੰਤਰਯਾਮੀ ਪਰਮ ਪਿਤਾ ਤੁਹਾਨੂੰ ਫਲੀਭੂਤ ਕਰੇਗਾ। *(ਮੱਤੀ-੬/੧-੪)*

ਕਿਰਤ ਵਿਰਤ ਕਰ ਧਰਮ ਦੀ
ਹੱਥਹੁਂ ਦੇ ਕੈ ਭਲਾ ਮਨਾਵੈ॥
ਭਾਈ ਗੁਰਦਾਸ ਜੀ, ਵਾਰ ੬/੧੨
ਘਾਲਿ ਖਾਇ ਕਿਛੁ ਹਥਹੁ ਦੇਇ॥
ਨਾਨਕ ਰਾਹੁ ਪਛਾਣਹਿ ਸੇਇ॥ *ਅੰਗ - 1245*

ਪਸ਼ਚਾਤਾਪ

ਈਸ਼ਵਰ ਨੂੰ ਚੰਗਾ ਲਗਣ ਵਾਲਾ ਸ਼ੋਕ ਅਜਿਹਾ ਪਸ਼ਚਾਤਾਪ ਉਤਪੰਨ ਕਰਦਾ ਹੈ ਜੋ ਮੁਕਤੀ ਵਲ ਲੈ ਜਾਂਦਾ ਹੈ ਅਤੇ ਫਿਰ ਪਛਤਾਣਾ ਨਹੀਂ ਪੈਂਦਾ, ਪਰ ਸੰਸਾਰੀ ਸ਼ੋਕ ਮੌਤ ਵਲ ਲੈ ਜਾਂਦਾ ਹੈ। ਜ਼ਰਾ ਦੇਖੋ ਤਾਂ ਸਹੀ! ਤੁਹਾਡੇ ਅੰਦਰ ਜੇ ਈਸ਼ਵਰ ਨੂੰ ਚੰਗਾ ਲਗਣ ਵਾਲਾ ਸ਼ੋਕ ਉਤਪੰਨ ਹੋਇਆ ਹੈ ਤਾਂ ਉਸਦੇ ਕਾਰਣ ਤੁਹਾਡੇ ਅੰਦਰ ਕਿੰਨੀ ਸਾਵਧਾਨੀ ਅਤੇ ਚਿੱਤ-ਸ਼ੁਧੀ ਦੀ ਕਿੰਨੀ ਪ੍ਰੇਰਣਾ ਪੈਦਾ ਹੋਈ ਹੈ, ਕਿੰਨਾ ਕ੍ਰੋਧ, ਕਿੰਨਾ ਭੈਅ, ਕਿੰਨੀ ਤਤਪਰਤਾ ਅਤੇ ਬਦਲੇ ਦੀ ਕਿੰਨੀ ਪ੍ਰਬਲ ਭਾਵਨਾ ਜਾਗ੍ਰਤ ਹੋਈ ਹੈ। ਹਰ ਪ੍ਰਕਾਰ ਨਾਲ ਤੁਹਾਨੂੰ ਆਪਣੇ ਆਪ ਨੂੰ ਸ਼ੁਧ ਅਤੇ ਨਿਰਦੋਸ਼ ਸਾਬਤ ਕਰਨਾ ਹੈ।

(ਕੁਰਿੰਥੀਆਂ ਦੇ ਨਾਮ ਪੌਲੁਸ ਪ੍ਰੇਰਿਤ ਦਾ ਦੂਸਰਾ ਪੱਤਰ-੭/੧੦-੧੧)

ਜੇਕਰ ਅਸੀਂ ਕਹੀਏ ਕਿ ਸਾਡੇ ਵਿਚ ਕੋਈ ਪਾਪ ਨਹੀਂ ਤਾਂ ਅਸੀਂ ਆਪਣੇ ਆਪ ਨੂੰ ਧੋਖਾ ਦੇ ਰਹੇ ਹਾਂ ਅਤੇ ਅੰਦਰ ਸੱਚ ਦੀ ਅਣਹੋਂਦ ਹੈ।

ਜੇਕਰ ਅਸੀਂ ਆਪਣੇ ਪਾਪਾਂ ਨੂੰ ਸਵੀਕਾਰ ਕਰ ਪਸ਼ਚਾਤਾਪ ਕਰੀਏ ਤਾਂ ਵਿਸ਼ਵਾਸ਼-ਪਾਤਰ ਅਤੇ ਧਰਮ-ਮੂਰਤੀ ਹੋਣ ਦੇ ਕਾਰਣ ਈਸ਼ਵਰ ਸਾਨੂੰ ਖਿਮਾ ਕਰੇਗਾ ਅਤੇ ਸਾਡੇ ਸਾਰੇ ਦੋਸ਼ਾਂ ਨੂੰ ਧੋ ਦੇਵੇਗਾ। *(ਯੂਹੰਨਾ ਦੀ ਪਹਿਲੀ ਚਿੱਠੀ-੧/੮-੯)*

ਜੈਸਾ ਬਾਲਕੁ ਭਾਇ ਸੁਭਾਈ
ਲਖ ਅਪਰਾਧ ਕਮਾਵੈ॥
ਕਰਿ ਉਪਦੇਸੁ ਝਿੜਕੇ ਬਹੁ ਭਾਤੀ
ਬਹੁੜਿ ਪਿਤਾ ਗਲਿ ਲਾਵੈ॥
ਪਿਛਲੇ ਅਉਗੁਣ ਬਖਸਿ ਲਏ
ਪ੍ਰਭੁ ਆਗੈ ਮਾਰਗਿ ਪਾਵੈ॥ *ਅੰਗ - 624*

ਸਹਿਨਸ਼ੀਲਤਾ

ਜੇਕਰ ਕੋਈ ਪਰਮੇਸ਼ਰ ਦਾ ਵਿਚਾਰ ਕਰਕੇ ਅਨਿਆਂ ਤੋਂ ਦੁਖ ਉਠਾਂਦਾ ਹੋਇਆ ਕਲੇਸ਼ਾਂ ਨੂੰ ਸਹਿਨ ਕਰਦਾ ਹੈ ਤਾਂ ਉਹ ਸ਼ੋਭਾ ਪ੍ਰਾਪਤ ਕਰਦਾ ਹੈ। ਜੇ ਤੁਸਾਂ ਅਪਰਾਧ ਕਰਕੇ ਮੁੱਕਿਆਂ ਦੀ ਮਾਰ ਖਾਧੀ ਅਤੇ ਧੀਰਜ ਧਰਿਆ, ਤਾਂ ਇਸ ਵਿਚ ਕਾਹਦੀ ਵਡਿਆਈ? ਪਰ ਜੇਕਰ ਤੁਸੀਂ ਚੰਗੇ ਕਰਮ ਕਰਦਿਆਂ ਹੋਇਆਂ ਦੁਖ ਉਠਾਂਦੇ ਹੋ ਅਤੇ ਧੀਰਜ ਧਰਦੇ ਹੋ ਤਾਂ ਇਹ ਗੱਲ ਈਸ਼ਵਰ ਨੂੰ ਭਾਉਂਦੀ ਹੈ। *(ਪਤਰਸ ਦੀ ਪਹਿਲੀ ਚਿੱਠੀ-੨/੧੯-੨੦)*

ਧੀਰਜੁ ਧਰਮੁ ਗੁਰਮਤਿ ਹਰਿ ਪਾਇਆ
ਨਿਤ ਹਰਿ ਨਾਮੈ ਹਰਿ ਸਿਉ ਚਿਤੁ ਲਾਵੈ॥
ਅੰਗ - 494

ਵਿਸ਼ਵਾਸ਼

ਵਿਸ਼ਵਾਸ਼, ਇੱਛਤ ਵਸਤੂਆਂ ਦਾ ਨਿਸ਼ਚਾ ਅਤੇ ਅਦ੍ਰਿਸ਼ਟ ਵਸਤਾਂ ਦਾ ਪ੍ਰਮਾਣ ਹੈ। ਵਿਸ਼ਵਾਸ਼ ਦੁਆਰਾ ਹੀ ਅਸੀਂ ਜਾਣਦੇ ਹਾਂ ਕਿ ਸਾਰੀ ਸ੍ਰਿਸ਼ਟੀ ਦੀ ਰਚਨਾ ਈਸ਼ਵਰ ਦੇ ਬਚਨ ਦੁਆਰਾ ਹੋਈ ਹੈ ਅਰਥਾਤ ਅਦ੍ਰਿਸ਼ਟ ਤੋਂ ਹੀ ਦ੍ਰਿਸ਼ਟਮਾਨ ਦੀ ਉਤਪਤੀ ਹੋਈ ਹੈ।

(ਇਬਰਾਨੀਆਂ ਦੇ ਨਾਮ ਪੌਲੁਸ ਪ੍ਰੇਰਿਤ ਦਾ ਪੱਤਰ-੧੧/੧-੩)

ਕੀਤਾ ਪਸਾਉ ਏਕੋ ਕਵਾਉ।।
ਤਿਸਤੇ ਹੋਏ ਲਖ ਦਰੀਆਉ।। ਅੰਗ - 3

ਵਿਸ਼ਵਾਸ਼ ਨਾਲ ਹੀ ਸੰਦੇਸ਼ਟਿਆਂ ਨੇ ਰਾਜ ਜਿਤੇ, ਧਰਮ ਦੇ ਕੰਮ ਕੀਤੇ, ਪ੍ਰਤਿਗਿਆ ਕੀਤੀਆਂ ਹੋਈਆਂ ਵਸਤਾਂ ਨੂੰ ਪ੍ਰਾਪਤ ਕੀਤਾ, ਸ਼ੇਰਾਂ ਦੇ ਮੂੰਹ ਬੰਦ ਕੀਤੇ, ਅਗਨੀ ਦੀ ਜੁਆਲਾ ਨੂੰ ਠੰਡਾ ਕੀਤਾ, ਤਲਵਾਰ ਦੀ ਧਾਰ ਤੋਂ ਬਚ ਨਿਕਲੇ, ਨਿਰਬਲ ਤੋਂ ਬਲਵਾਨ ਹੋਏ, ਲੜਾਈ ਵਿਚ ਬਹਾਦਰ ਬਣੇ, ਵਿਦੇਸ਼ੀਆਂ ਦੀਆਂ ਫੌਜਾਂ ਨੂੰ ਮਾਰ ਭਜਾਇਆ। *(ਉਹੀ, ੧੧/੩੩-੩੫)*

ਜਾ ਕੈ ਰਿਦੈ ਬਿਸ੍ਵਾਸੁ ਪ੍ਰਭ ਆਇਆ।।
ਤਤੁ ਗਿਆਨੁ ਤਿਸੁ ਮਨਿ ਪ੍ਰਗਟਾਇਆ।।
ਅੰਗ - 285

ਸ਼ਰਧਾ ਤੋਂ ਪ੍ਰੀਤ ਤਕ

ਤੁਸੀਂ ਹਰ ਪ੍ਰਕਾਰ ਦੇ ਜਤਨਾਂ ਨਾਲ ਆਪਣੀ ਸ਼ਰਧਾ ਉਪਰ ਸਦਗੁਣ, ਸਦਗੁਣ ਉਪਰ ਗਿਆਨ, ਗਿਆਨ ਉਪਰ ਸੰਜਮ, ਸੰਜਮ ਉਪਰ ਧੀਰਜ, ਧੀਰਜ ਉਪਰ ਭਗਤੀ, ਭਗਤੀ ਉਪਰ ਬੰਧੁ-ਪ੍ਰੇਮ ਅਤੇ ਬੰਧੁ-ਪ੍ਰੇਮ ਉਪਰ ਪ੍ਰੀਤ ਨੂੰ ਵਧਾਂਦੇ ਚਲੇ ਜਾਉ।

ਪਤਰਸ ਦੀ ਦੂਜੀ ਚਿੱਠੀ-੧/੫-੭)

ਖਿਮਾ

ਜੇ ਤੁਹਾਡਾ ਸਾਥੀ ਭਰਾ ਕੋਈ ਅਪਰਾਧ ਕਰੇ ਤਾਂ ਉਸਨੂੰ ਸੱਤ ਵਾਰੀ ਕੀ, ਸੱਤ ਵਾਰੀਆਂ ਦੇ ਸੱਤਰ ਗੁਣਾਂ ਤਕ ਖਿਮਾ ਕਰ ਦਿਉ।
(ਮੱਤੀ-੧੮, ੨੧-੨੨)

ਕਬੀਰ ਜਹਾ ਗਿਆਨੁ ਤਹ ਧਰਮੁ ਹੈ
ਜਹਾ ਝੂਠੁ ਤਹ ਪਾਪੁ।।
ਜਹਾ ਲੋਭੁ ਤਹ ਕਾਲੁ ਹੈ ਜਹਾ ਖਿਮਾ ਤਹ ਆਪਿ।।
ਅੰਗ - 1372

ਖਿਮਾ ਵਿਹੂਣੇ ਖਪਿ ਗਏ ਖੂਹਣਿ ਲਖ ਅਸੰਖ।।
ਗਣਤ ਨ ਆਵੈ ਕਿਉ ਗਣੀ ਖਪਿ ਖਪਿ ਮੁਏ ਬਿਸੰਖ।।
ਅੰਗ - 937

ਬਾਲਕ-ਬਿਰਤੀ (ਭੋਲੇ ਭਾਇ)

ਜੇਕਰ ਤੁਹਾਡੀ ਬਿਰਤੀ ਨਾ ਬਦਲੇ ਅਤੇ ਤੁਸੀਂ ਨਿੱਕੇ ਬਾਲ ਦੀ ਨਿਆਈਂ 'ਭੋਲੇ-ਭਾਇ' ਨਾ ਬਣੇ ਰਹੋ ਤਾਂ ਤੁਸੀਂ ਰੱਬ ਦੀ ਸਲਤਨਤ ਵਿਚ ਦਾਖਲ ਨਹੀਂ ਹੋ ਸਕੋਗੇ। ਜੇ ਕੋਈ ਆਪਣੇ ਆਪ ਨੂੰ ਬਾਲਕ ਦੀ ਨਿਆਈਂ ਛੋਟਾ ਬਣਾ ਲਵੇਗਾ, ਉਸਨੂੰ ਰੱਬ ਦੀ ਸਲਤਨਤ ਵਿਚ ਸਭ ਤੋਂ ਵੱਡਾ ਮੰਨਿਆ ਜਾਵੇਗਾ। *(ਮੱਤੀ-੧੮/੨-੪)*

ਮੈਂ ਸਚ ਕਹਿੰਦਾ ਹਾਂ ਕਿ ਜੋ ਕੋਈ ਈਸ਼ਵਰ ਦੀ ਸਲਤਨਤ ਨੂੰ ਬਾਲਕ ਨਿਆਈਂ ਗ੍ਰਹਿਣ ਨਾ ਕਰੇ, ਉਹ ਉਸ ਵਿਚ ਕਦੀ ਪ੍ਰਵੇਸ਼ ਨਹੀਂ ਪਾ ਸਕਦਾ।
(ਮਰਕੁਸ-੧੦/੧੫)

ਬੁੱਧੀ ਤੋਂ ਕੰਮ ਲੈਣ ਸਮੇਂ ਬਾਲਕ ਨਹੀਂ, ਪਰੋੜ੍ਹ ਬਣੇ ਰਹੋ, ਪਰ ਪਾਪ-ਵ੍ਰਿਤੀ ਦੇ ਸਮੇਂ ਬਾਲਕ ਦੀ ਨਿਆਈਂ ਰਹੋ।

(ਕੁਰਿੰਥੀਆਂ ਦੇ ਨਾਮ ਪੌਲੁਸ ਪ੍ਰੇਰਿਤ ਦਾ ਪਹਿਲਾ ਪੱਤਰ-੧੪/੨੦)

ਰੇ ਜਨ ਮਨੁ ਮਾਧਉ ਸਿਉ ਲਾਈਐ।।
ਚਤੁਰਾਈ ਨ ਚਤੁਰਭੁਜੁ ਪਾਈਐ।। ਅੰਗ - 324

ਏ ਮਨ ਚੰਚਲਾ ਚਤੁਰਾਈ ਕਿਨੈ ਨ ਪਾਇਆ।।
ਚਤੁਰਾਈ ਨ ਪਾਇਆ ਕਿਨੈ ਤੂ ਸੁਣਿ ਮੰਨ ਮੇਰਿਆ।।
ਅੰਗ - 918

ਜੇਤੀ ਸਿਆਨਪ ਕਰਮ ਹਉ ਕੀਏ ਤੇਤੇ ਬੰਧ ਪਰੇ।।
ਜਉ ਸਾਧੂ ਕਰੁ ਮਸਤਕਿ ਧਰਿਓ ਤਬ ਹਮ ਮੁਕਤ ਭਏ।।
ਅੰਗ - 214

ਨਿਰਲੇਪਤਾ

ਆਪਣੀ ਖਾਤਰ ਧਰਤੀ ਤੇ ਧਨ ਇਕੱਠਾ ਨਾ ਕਰੋ ਜਿਥੇ ਇਸਨੂੰ ਕੀੜੇ ਖਾ ਕੇ ਨਸ਼ਟ ਕਰ ਦਿੰਦੇ ਹਨ ਅਤੇ ਚੋਰ ਚੁਰਾ ਸਕਦੇ ਹਨ। ਇਸ ਤਰ੍ਹਾਂ ਤੁਹਾਡਾ ਚਿਤ ਧਰਤੀ ਦੀ ਥਾਵੇਂ ਸੁਅਰਗਾਂ ਵਿਚ ਲਗਿਆ ਰਹੇਗਾ।
(ਮੱਤੀ-੬/੧੯-੨੧)

ਜਿਹਨਾਂ ਦੀ ਪਤਨੀ ਹੈ, ਉਹਨਾਂ ਨੂੰ ਇੰਜ ਰਹਿਣਾ ਚਾਹੀਦਾ ਹੈ ਕਿ ਜਿਵੇਂ ਉਹਨਾਂ ਦੀ ਪਤਨੀ ਹੈ ਹੀ ਨਹੀਂ। ਰੋਣ ਵਾਲੇ ਅਜਿਹੇ ਰੋਣ, ਮਾਨੋ ਉਹ ਰੋਂਦੇ ਹੀ ਨਹੀਂ ਅਤੇ ਆਨੰਦ ਕਰਨ ਵਾਲੇ ਐਸੇ ਹੋਣ, ਮਾਨੋ ਆਨੰਦ ਨਹੀਂ ਕਰਦੇ। ਇਸ ਸੰਸਾਰ ਵਿਚ ਵਰਤਣ ਵਾਲੇ ਐਸੇ ਹੋਣ ਕਿ ਸੰਸਾਰ ਜੋਗੇ ਹੀ ਨਾ ਹੋ ਜਾਣ।

(ਕੁਰਿੰਥੀਆਂ ਦੇ ਨਾਮ ਪੌਲੁਸ ਪ੍ਰੇਰਿਤ ਦਾ ਪਹਿਲਾ ਪੱਤਰ-੭/੨੯-੩੧)

ਜਿਉ ਜਲ ਮਹਿ ਕਮਲੁ ਅਲਿਪਤੋ ਵਰਤੈ
ਤਿਉ ਵਿਚੇ ਗਿਰਹ ਉਦਾਸੁ।। ਅੰਗ - 949

ਸਾਚਿ ਨਾਮਿ ਮੇਰਾ ਮਨੁ ਲਾਗਾ।।
ਲੋਗਨ ਸਿਉ ਮੇਰਾ ਠਾਠਾ ਬਾਗਾ।।
ਬਾਹਰਿ ਸੂਤੁ ਸਗਲ ਸਿਉ ਮਉਲਾ।।
ਅਲਿਪਤੁ ਰਹਉ ਜੈਸੇ ਜਲ ਮਹਿ ਕਉਲਾ।।
ਮੁਖ ਕੀ ਬਾਤ ਸਗਲ ਸਿਉ ਕਰਤਾ।।
ਜੀਅ ਸੰਗਿ ਪ੍ਰਭੁ ਅਪੁਨਾ ਧਰਤਾ।।
ਅੰਗ - 384

ਪ੍ਰਾਰਥਨਾ

ਤੁਹਾਡੀ ਪ੍ਰਾਰਥਨਾ ਵੀ ਉਹਨਾਂ ਢੋਂਗੀਆਂ ਸਮਾਨ ਨਾ ਹੋਵੇ ਜੋ ਲੋਕ-ਦਿਖਾਵੇ ਲਈ ਧਰਮ ਸਥਾਨਾਂ ਅਤੇ ਸੜਕਾਂ ਦੀਆਂ ਨੁੱਕਰਾਂ ਤੇ ਖੜ੍ਹੇ ਹੋ ਕੇ ਪ੍ਰਾਰਥਨਾ ਕਰਨੀ ਪਸੰਦ ਕਰਦੇ ਹਨ।

ਆਪਣੀ ਕੋਠੜੀ ਵਿਚ ਜਾ ਕੇ, ਦਰਵਾਜ਼ਾ ਬੰਦ ਕਰਕੇ ਅਤੇ ਇਕਾਂਤ ਸੇਵੀ ਹੋ ਕੇ ਪ੍ਰਾਰਥਨਾ ਕਰੋ, ਤਾਂ ਹੀ ਅੰਤਰਯਾਮੀ ਪਿਤਾ ਤੁਹਾਨੂੰ ਫਲੀਭੂਤ ਕਰੇਗਾ। ਪ੍ਰਾਰਥਨਾ ਕਰਦੇ ਸਮੇਂ ਬਾਰ-ਬਾਰ ਅਤੇ ਬਹੁਤਾ ਉਚੀ ਨਾ ਬੋਲੋ ਕਿਉਂਕਿ ਇੰਜ ਤਾਂ ਅਧਰਮੀ ਕਰਦੇ ਹਨ, ਜੋ ਸਮਝਦੇ ਹਨ ਕਿ ਬਹੁਤਾ ਬੋਲਣ ਨਾਲ ਉਹਨਾਂ ਦੀ ਪ੍ਰਾਰਥਨਾ ਸੁਣੀ ਜਾਏਗੀ। ਪ੍ਰਾਰਥਨਾ ਕਰੋ ਤੇ ਇਹ ਕਿ 'ਹੇ ਸਵਰਗਾਂ ਦੇ ਮਾਲਕ ਸਾਡੇ ਪਿਤਾ, ਤੇਰਾ ਨਾਮ ਪਵਿੱਤਰ ਮੰਨਿਆ ਜਾਵੇ। ਤੇਰਾ ਰਾਜ ਆਵੇ ਅਤੇ ਧਰਤੀ ਤੇ ਵੀ ਤੇਰੀ ਇੱਛਾ ਉਸੇ ਤਰ੍ਹਾਂ ਪੂਰੀ ਹੋਵੇ ਜਿਵੇਂ ਸੁਅਰਗ ਵਿਚ ਹੁੰਦੀ ਹੈ। ਸਾਨੂੰ ਦਿਨ ਭਰ ਦੀ ਰੋਟੀ ਅਜ ਦੇਹ। ਜਿਸ ਤਰ੍ਹਾਂ ਅਸੀਂ ਆਪਣੇ ਅਪਰਾਧੀਆਂ ਨੂੰ ਮੁਆਫ਼ ਕੀਤਾ ਹੈ ਉਸੇ ਤਰ੍ਹਾਂ ਤੂੰ ਵੀ ਸਾਨੂੰ ਮੁਆਫ਼ ਕਰ। ਸਾਨੂੰ ਪ੍ਰੀਖਿਆ ਵਿਚ ਨਾ ਪਾ, ਸਗੋਂ ਬੁਰਾਈ ਤੋਂ ਬਚਾ, ਕਿਉਂਕਿ ਰਾਜ, ਸਮਰੱਥਾ ਅਤੇ ਮਹਿਮਾ ਸਦਾ ਤੇਰੇ ਹੀ ਹਨ।

ਇਸ ਲਈ ਜੇ ਤੁਸੀਂ ਮਨੁੱਖਾਂ ਦੇ ਅਪਰਾਧ ਖਿਮਾਂ ਕਰੋਗੇ ਤਾਂ ਤੁਹਾਡਾ ਪਰਮ ਪਿਤਾ ਵੀ ਤੁਹਾਨੂੰ ਖਿਮਾਂ ਕਰੇਗਾ। ਪਰ ਜੇਕਰ ਤੁਸੀਂ ਮਨੁੱਖਾਂ ਦੇ ਅਪਰਾਧ ਖਿਮਾ ਨਹੀਂ ਕਰੋਗੇ, ਤਾਂ ਤੁਹਾਡਾ ਪਰਮ ਪਿਤਾ ਵੀ ਤੁਹਾਡੇ ਅਪਰਾਧ ਖਿਮਾ ਨਹੀਂ ਕਰੇਗਾ।

(ਮੱਤੀ-੬/੫-੭ ਅਤੇ ੯-੧੫)

ਬਿਘਨੁ ਨ ਕੋਊ ਲਾਗਤਾ
ਗੁਰ ਪਹਿ ਅਰਦਾਸਿ।।
ਰਖਵਾਲਾ ਗੋਬਿੰਦ ਰਾਇ ਭਗਤਨ ਕੀ ਰਾਸਿ।।
ਅੰਗ - 817

ਜਗਤੁ ਜਲੰਦਾ ਰਖਿ ਲੈ
ਆਪਣੀ ਕਿਰਪਾ ਧਾਰਿ।।
ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ।।
ਅੰਗ - 853

ਵਿਣੁ ਤੁਧੁ ਹੋਰੁ ਜਿ ਮੰਗਣਾ
ਸਿਰਿ ਦੁਖਾ ਕੈ ਦੁਖ।।
ਦੇਹਿ ਨਾਮੁ ਸੰਤੋਖੀਆ ਉਤਰੈ ਮਨ ਕੀ ਭੁਖ।।
ਅੰਗ - 958

ਕਸਵੱਟੀ (ਪ੍ਰਿਖਿਆ)

ਜਦੋਂ ਤੁਸੀਂ ਅਨੇਕ ਪ੍ਰਕਾਰ ਦੀਆਂ ਕਸਵੱਟੀਆਂ ਉਪਰ ਪਰਖੇ ਜਾਉ ਤਾਂ ਇਸਨੂੰ ਪੂਰੇ ਆਨੰਦ ਵਾਲੀ ਗਲ ਸਮਝੋ, ਇਹ ਸਮਝਕੇ ਕਿ ਤੁਹਾਡੀ ਸ਼ਰਧਾ ਦੀ ਪਰਖ ਹੋਣ ਨਾਲ ਧੀਰਜ ਉਤਪੰਨ ਹੁੰਦਾ ਹੈ। ਪਰ ਧੀਰਜ ਨੂੰ ਆਪਣਾ ਪੂਰਾ ਕੰਮ ਕਰਨ ਦਿਉ ਤਾਂ ਜੋ ਤੁਸੀਂ ਪੂਰਣ ਹੋ ਜਾਉ ਅਤੇ ਤੁਹਾਡੇ ਵਿਚ ਕਿਸੇ ਕਿਸਮ ਦੀ ਕਮੀ ਨ ਰਹਿ ਜਾਵੇ।

ਧੰਨ ਹੈ ਉਹ ਮਨੁੱਖ ਜੋ ਆਪਣੀ ਪਰਖ ਸਮੇਂ ਸਥਿਰ ਰਹਿੰਦਾ ਹੈ। ਜਦੋਂ ਵੀ ਤੁਹਾਡੀ ਪਰਖ ਹੋਵੇ ਤਾਂ ਇਹ ਨਾ ਸਮਝੋ ਕਿ ਇਹ ਰੱਬ ਵਲੋਂ ਹੋਈ ਹੈ ਕਿਉਂਕਿ ਰੱਬ ਨਾ ਤਾਂ ਪ੍ਰਲੋਭਿਤ ਕੀਤਾ ਜਾ ਸਕਦਾ ਹੈ ਅਤੇ ਨਾ ਹੀ ਉਹ ਕਿਸੇ ਨੂੰ ਪ੍ਰਲੋਭਿਤ ਕਰਦਾ ਹੈ। ਸਗੋਂ ਹਰੇਕ ਵਿਅਕਤੀ ਆਪਣੀ ਹੀ ਵਾਸ਼ਨਾ ਦਾ ਸ਼ਿਕਾਰ ਹੋ ਕੇ ਇਸ ਪਰਖ ਵਿਚ ਪੈਂਦਾ ਹੈ। ਫਿਰ ਵਾਸ਼ਨਾ ਗਰਭਵਤੀ ਹੋ ਕੇ ਪਾਪ ਨੂੰ ਜਨਮ ਦਿੰਦੀ ਹੈ ਅਤੇ ਪਾਪ ਜਦੋਂ ਵੱਧ ਜਾਵੇ ਤਾਂ ਮੌਤ ਨੂੰ ਉਤਪੰਨ ਕਰਦਾ ਹੈ।

(ਯਾਕੂਬ ਦੀ ਚਿੱਠੀ-੧/੨-੪, ੧੨-੧੫)

ਕਬੀਰ ਕਸਉਟੀ ਰਾਮ ਕੀ
ਝੂਠਾ ਟਿਕੈ ਨ ਕੋਇ।।
ਰਾਮ ਕਸਉਟੀ ਸੋ ਸਹੈ ਜੋ ਮਰਿ ਜੀਵਾ ਹੋਇ।।
ਅੰਗ - 1366

ਯੁਵਕ

ਕੋਈ ਤੇਰੀ ਜੁਆਨੀ ਨੂੰ ਤੁੱਛ ਨਾ ਸਮਝਣ ਲਗ ਪਵੇ, ਇਸ ਲਈ ਸ਼ਬਦ, ਵਰਤਾਉ, ਪ੍ਰੇਮ, ਸ਼ਰਧਾ ਅਤੇ ਪਵਿਤਰਤਾ ਵਿਚ ਸ਼ਰਧਾਵਾਨਾਂ ਦੇ ਲਈ ਤੂੰ ਆਦਰਸ਼ ਬਣ ਜਾ। ਸ਼ਾਸਤ੍ਰ-ਅਧਿਅਨ, ਪ੍ਰਵਚਨ ਅਤੇ ਉਪਦੇਸ਼ ਵਿਚ ਲੀਨ ਰਹਿ। ਇਹਨਾਂ ਗੱਲਾਂ ਨੂੰ ਸੋਚ ਵਿਚਾਰ ਅਤੇ ਇਹਨਾਂ ਵਿਚ ਹੀ ਆਪਣਾ ਧਿਆਨ ਲਗਾ ਤਾਂ ਜੋ ਤੇਰੀ ਉਨਤੀ ਸਭਨਾਂ ਉਪਰ ਪ੍ਰਗਟ ਹੋਵੇ। ਆਪਣੇ ਅਤੇ ਆਪਣੇ ਉਪਦੇਸ਼ ਵਲ ਧਿਆਨ ਦੇਹ। ਇਹਨਾਂ ਗੱਲਾਂ ਉਪਰ ਸਥਿਰ ਰਹਿ, ਕਿਉਂਕਿ ਜੇ ਤੂੰ ਇੰਜ ਕਰਦਾ ਰਹੇਂਗਾ ਤਾਂ ਤੂੰ ਆਪਣੇ ਸ੍ਰੋਤਿਆਂ ਦੇ ਲਈ ਵੀ ਉਧਾਰ ਦਾ ਕਾਰਣ ਹੋਵੇਂਗਾ।

(ਤੀਮੋਥਿਉਸ ਦੇ ਨਾਮ ਪੌਲੁਸ ਪ੍ਰੇਰਿਤ ਦਾ ਪਹਿਲਾ ਪੱਤਰ-੪/੧੨-੧੬)

ਆਪਣੇ ਤੋਂ ਵੱਡੇ ਨੂੰ ਨਾ ਡਾਂਟ ਸਗੋਂ ਪਿਤਾ ਸਮਾਨ ਜਾਣ ਅਤੇ ਆਪਣੇ ਤੋਂ ਛੋਟੇ ਨੂੰ ਭਰਾ ਸਮਝ। ਆਪਣੇ ਤੋਂ ਵੱਡੀ ਇਸਤ੍ਰੀ ਨੂੰ ਮਾਤਾ ਸਮਾਨ ਜਾਣ ਅਤੇ ਆਪਣੇ ਤੋਂ ਛੋਟੀਆਂ ਇਸਤ੍ਰੀਆਂ ਨੂੰ ਅਤਿਅੰਤ ਪਵਿੱਤਰ ਭਾਵ ਨਾਲ ਭੈਣਾਂ ਸਮਝ। *(ਉਹੀ, ੫/੧-੨)*

ਯੁਵਕੋ! ਤੁਸੀਂ ਵੱਡਿਆਂ ਦੇ ਅਧੀਨ ਰਹੋ, ਸਗੋਂ ਸਭ ਦੇ ਸਭ ਇਕ ਦੂਜੇ ਦੀ ਸੇਵਾ ਲਈ ਨਿੰਮ੍ਰਤਾ ਸਹਿਤ ਕਮਰ ਕੱਸੇ ਬੰਨ੍ਹੀ ਰੱਖੋ, ਕਿਉਂਕਿ ਈਸ਼ਵਰ, ਅਭਿਮਾਨੀਆਂ ਤੋਂ ਬੇਮੁਖ ਰਹਿੰਦਾ ਹੈ, ਪਰ ਨਿਰਮਾਣ ਲੋਕਾਂ ਉਪਰ ਅਨੁਗ੍ਰਹਿ ਕਰਦਾ ਹੈ। ਇਸ ਲਈ ਈਸ਼ਵਰ ਦੇ ਬਲਵਾਨ ਹੱਥਾਂ ਦੇ ਥੱਲੇ ਨਿੰਮ੍ਰਤਾ ਸਹਿਤ ਰਹੋ ਜਿਸ ਨਾਲ ਉਹ ਤੁਹਾਨੂੰ ਉਚਿਤ ਸਮੇਂ ਤੇ ਉਨਤੀ ਪ੍ਰਦਾਨ ਕਰੇ। ਆਪਣੀ ਸਾਰੀ ਚਿੰਤਾ ਉਸੇ ਤੇ ਛੱਡ ਦਿਉ ਕਿਉਂਕਿ ਉਸਨੂੰ ਤੁਹਾਡਾ ਧਿਆਨ ਹੈ। ਸੁਚੇਤ ਰਹੋ ਅਤੇ ਜਾਗਦੇ ਰਹੋ ਕਿਉਂਕਿ ਤੁਹਾਡਾ ਵਿਰੋਧੀ ਸ਼ੈਤਾਨ, ਗਰਜਣ ਵਾਲੇ ਸ਼ੇਰ ਦੀ ਨਿਆਈਂ ਇਸ ਤਾਕ ਵਿਚ ਰਹਿੰਦਾ ਹੈ ਕਿ ਕਦੋਂ ਉਹ ਕਿਸ ਨੂੰ ਫਾੜ ਖਾਏ।

(ਪਤਰਸ ਦੀ ਪਹਿਲੀ ਚਿੱਠੀ ੫/੫-੮)

ਉਪਦੇਸ਼ਾਵਲੀ

ਦਾਨ ਦੇਣ ਵਾਲਾ ਨਿਸ਼ਕਾਮ ਬੁੱਧੀ ਨਾਲ ਦਾਨ ਦੇਵੇ, ਅਧਿਕਾਰੀ ਆਪਣਾ ਕੰਮ ਵਿਸ਼ਵਾਸ਼ ਨਾਲ ਕਰੇ, ਦਇਆ ਕਰਨ ਵਾਲਾ ਦਇਆ-ਕਾਰਜ ਹਸਦਿਆਂ-ਹਸਦਿਆਂ ਕਰੇ। ਪ੍ਰੇਮ ਨਿਸ਼ਕਪਟ ਹੋਵੇ। ਬੁਰਾਈ ਨਾਲ ਘਿਰਣਾ ਕਰੋ, ਭਲਾਈ ਵਿਚ ਲਗੇ ਰਹੋ। ਪਰਸਪਰ ਪ੍ਰੇਮ ਅਤੇ ਆਦਰ ਵਿਚ ਇਕ ਦੂਜੇ ਤੋਂ ਅੱਗੇ ਵਧੋ। ਜਤਨ ਕਰਨ ਵਿਚ ਆਲਸੀ ਨਾ ਬਣੋ, ਆਤਮਕ ਖੁਸ਼ੀ ਨਾਲ ਭਰੇ ਰਹੋ, ਪ੍ਰਭੂ ਦੀ ਸੇਵਾ ਕਰਦੇ ਰਹੋ। ਆਸ਼ਾ ਵਿਚ ਆਨੰਦ-ਮਗਨ ਰਹੋ, ਕਲੇਸ਼ ਵਿਚ ਸਥਿਰ ਰਹੋ, ਪ੍ਰਾਰਥਨਾ ਵਿਚ ਹਮੇਸ਼ਾ ਲਗੇ ਰਹੋ। ਸੰਤਾਂ ਦੀਆਂ ਲੋੜਾਂ ਪੂਰੀਆਂ ਕਰਨ ਵਿਚ ਸਹਾਇਤਾ ਦਿਉ। ਅਤਿੱਥੀ ਸਤਿਕਾਰ ਕਰਨ ਵਿਚ ਤਤਪਰ ਰਹੋ। ਆਪਣੇ ਤੰਗ ਕਰਨ ਵਾਲਿਆਂ ਨੂੰ ਅਸੀਸ ਦਿਉ, ਸਰਾਪ ਨਾ ਦਿਉ। ਆਨੰਦ ਕਰਨ ਵਾਲਿਆਂ ਨਾਲ ਆਨੰਦ ਕਰੋ ਅਤੇ ਰੋਣ ਵਾਲਿਆਂ ਦੇ ਨਾਲ ਰੋਵੋ।

(ਰੋਮੀਆਂ ਦੇ ਨਾਮ ਪੌਲੁਸ ਪ੍ਰੇਰਿਤ ਦਾ ਪੱਤਰ-੧੨/੯-੧੫)

ਰਾਤ ਬੀਤ ਚੁਕੀ ਹੈ, ਦਿਨ ਨਿਕਲਣ ਵਾਲਾ ਹੈ। ਇਸ ਲਈ ਅੰਧਕਾਰ ਦੇ ਕੰਮਾਂ ਨੂੰ ਤਜ ਕੇ ਪ੍ਰਕਾਸ਼ ਦੇ ਹਥਿਆਰਾਂ ਨਾਲ ਲੈਸ ਹੋ ਜਾਉ। ਜਿਹੋ ਜਿਹਾ ਸ਼ਿਸ਼ਟਾਚਾਰ ਦਿਨ ਨੂੰ ਸ਼ੋਭਾ ਦਿੰਦਾ ਹੈ, ਉਹੋ ਜਿਹਾ ਹੀ ਕਰੋ। ਝਗੜਾ-ਬਖੇੜਾ, ਨਸ਼ਾਬੰਦੀ, ਵਿਭਚਾਰ, ਦੁਰਾਚਾਰ, ਉਪੱਦਰ ਅਤੇ ਈਰਖਾ ਆਦਿ ਵਿਚ ਨਾ ਉਲਝੋ। ਪ੍ਰਭੂ ਦੇ ਗੁਣਾਂ ਨੂੰ ਧਾਰਨ ਕਰੋ ਅਤੇ ਸਰੀਰ ਦੀਆਂ ਵਾਸ਼ਨਾਵਾਂ ਦੀ ਪੂਰਤੀ ਦਾ ਚਿੰਤਨ ਛਡ ਦਿਉ।

(ਰੋਮੀਆਂ ਦੇ ਨਾਮ ਪੌਲੁਸ ਪ੍ਰੇਰਿਤ ਦਾ ਪੱਤਰ-੧੩/੧੨-੧੪)

ਸਦਾ ਆਨੰਦਿਤ ਰਹੋ। ਤੁਹਾਡੀ ਭਲਮਾਣਸੀ ਸਭ ਮਨੁੱਖਾਂ ਉਪਰ ਪ੍ਰਗਟ ਹੋਵੇ। ਕਿਸੇ ਵੀ ਗੱਲ ਦੀ ਚਿੰਤਾ ਨਾ ਕਰੋ, ਹਰੇਕ ਗੱਲ ਲਈ ਆਪਣਾ ਨਿਵੇਦਨ, ਪ੍ਰਾਰਥਨਾ ਅਤੇ ਬੇਨਤੀ ਦੇ ਰੂਪ ਵਿਚ ਪਰਮੇਸ਼ਰ ਦੇ ਸਨਮੁਖ ਰਖੋ। ਜੋ ਜੋ ਗੱਲਾਂ ਸੱਚ ਹਨ, ਆਦਰ-ਯੋਗ ਹਨ, ਉਚਿਤ ਹਨ, ਪਵਿੱਤਰ ਹਨ, ਸੁਹਾਵਣੀਆਂ ਹਨ; ਜੋ ਜੋ ਸਦਗੁਣ ਅਤੇ ਪ੍ਰਸੰਸਾ ਦੀਆਂ ਗੱਲਾਂ ਹਨ, ਉਹਨਾਂ ਉਪਰ ਹੀ ਧਿਆਨ ਲਗਾਉ। ਤਾਂ ਹੀ ਸ਼ਾਂਤੀ ਦਾ ਸ੍ਰੋਤ, ਈਸ਼ਵਰ ਤੁਹਾਡੇ ਅੰਗ-ਸੰਗ ਰਹੇਗਾ।

(ਫਿਲਿਪੀਆਂ ਦੇ ਨਾਮ ਪੌਲੁਸ ਪ੍ਰੇਰਿਤ ਦਾ ਪੱਤਰ-੪/੪-੯)

ਕਾਮ, ਕ੍ਰੋਧ, ਵੈਰ ਭਾਵ, ਨਿੰਦਾ ਅਤੇ ਗਾਲੀ-ਗਲੋਚ ਸਭ ਕੁਝ ਤਿਆਗ ਦਿਉ। ਇਕ ਦੂਜੇ ਨਾਲ ਝੂਠ ਨਾ ਬੋਲੋ। ਪ੍ਰਭੂ ਦੇ ਵਰੋਸਾਏ ਮਨੁੱਖਾਂ ਵਾਂਗ, ਜੋ ਪਵਿੱਤਰ ਅਤੇ ਪ੍ਰਿਅ ਹੈਂ, ਸੱਚੀ, ਕਰੁਣਾ, ਭਲਾਈ, ਦੀਨਤਾ-ਨਿੰਮ੍ਰਤਾ ਅਤੇ ਸਹਿਨਸ਼ੀਲਤਾ ਨੂੰ ਧਾਰਣ ਕਰੋ ਅਤੇ ਸਭ ਤੋਂ ਵੱਧ ਪ੍ਰੇਮ, ਜੋ ਪੂਰਣਤਾ ਦਾ ਕਮਰਕੱਸਾ ਹੈ, ਅਪਣਾਉ।

(ਕੁਲੁਸੀਆਂ ਦੇ ਨਾਮ ਪੌਲੁਸ ਪ੍ਰੇਰਿਤ ਦਾ ਪੱਤਰ-੩/੯-੧੪)

ਝੂਠ ਬੋਲਣਾ ਛੱਡ ਕੇ ਤੇ ਆਪਣੇ ਪੜੌਸੀ ਨਾਲ ਸੱਚ ਬੋਲੋ, ਕਿਉਂਕਿ ਤੁਸੀਂ ਆਪਸ ਵਿਚ ਇਕ ਦੂਜੇ ਦੇ ਅੰਗ ਹੋ। ਕ੍ਰੋਧ ਕਰੋ, ਤਾਂ ਵੀ ਪਾਪ ਨਾ ਕਰੋ। ਸੂਰਜ ਡੁੱਬਣ ਤੋਂ ਪਹਿਲਾਂ ਹੀ ਆਪਣਾ ਕ੍ਰੋਧ ਸ਼ਾਂਤ ਕਰ ਲਵੋ। ਸ਼ੈਤਾਨ ਨੂੰ ਕੋਈ ਮੌਕਾ ਨਾ ਦਿਉ ਕਿ ਤੁਹਾਡੇ ਉਪਰ ਗਲਬਾ ਪਾ ਸਕੇ। ਚੋਰੀ ਕਰਨ ਵਾਲਾ ਮੁੜ ਚੋਰੀ ਨਾ ਕਰੇ, ਸਗੋਂ ਨੇਕ ਕਰਮ ਕਰਨ ਲਈ ਆਪਣੇ ਹੱਥਾਂ ਨਾਲ ਮਿਹਨਤ ਕਰੇ, ਇਸ ਲਈ ਕਿ ਜਿਸ ਕਿਸੇ ਨੂੰ ਲੋੜ ਹੋਵੇ, ਉਸਨੂੰ ਦੇਣ ਲਈ ਉਸ ਕੋਲ ਕੁਝ ਹੋਵੇ। ਕੋਈ ਅਸ਼ੁਭ ਬੋਲ ਤੁਹਾਡੇ ਮੂੰਹ ਵਿਚੋਂ ਨਾ ਨਿਕਲੇ। ਲੋੜ ਅਨੁਸਾਰ ਉਹੀ ਕੁਝ ਬੋਲੋ ਜੋ ਉਨਤੀ ਲਈ ਉਤਮ ਹੋਵੇ, ਜਿਸ ਨਾਲ ਸੁਣਨ ਵਾਲਿਆਂ ਦਾ ਕਲਿਆਣ ਹੋਵੇ। ਸਭ ਪ੍ਰਕਾਰ ਦੀ ਕੁੜਿੱਤਣ, ਪ੍ਰਕੋਪ, ਕ੍ਰੋਧ, ਕਲਹ, ਨਿੰਦਾ ਅਤੇ ਵੈਰ ਭਾਵ ਤੁਸੀਂ ਆਪਣੇ ਅੰਦਰੋਂ ਕੱਢ ਦਿਓ। ਇਕ ਦੂਜੇ ਪ੍ਰਤੀ ਕਿਰਪਾਲੂ ਅਤੇ ਕਰੁਣਾਮਈ ਹੋ ਕੇ ਆਪਸ ਦੇ ਅਪਰਾਧ ਖਿਮਾ ਕਰੋ।

(ਇਫਸੀਆਂ ਦੇ ਨਾਮ ਪੌਲੁਸ ਪ੍ਰੇਰਿਤ ਦਾ ਪੱਤਰ-4/25-32)

ਪ੍ਰਭੂ ਨੂੰ ਜੋ ਪ੍ਰਿਅ ਹੈ, ਉਸਨੂੰ ਆਪਣੇ ਆਚਰਣ ਵਿਚ ਲਿਆ ਕੇ ਪ੍ਰਮਾਣਿਤ ਕਰੋ। ਸ਼ਰਾਬ ਨਾ ਪੀਉ, ਕਿਉਂਕਿ ਇਸ ਨਾਲ ਸੰਜਮ ਨਹੀਂ ਰਹਿੰਦਾ। ਇਸ ਦੀ ਬਜਾਇ ਆਤਮਾ ਨਾਲ ਪ੍ਰੀਪੂਰਣ ਹੁੰਦੇ ਜਾਏ। ਆਪਸ ਵਿਚ ਭਜਨ, ਉਸਤਤੀ-ਗਾਨ ਅਤੇ ਅਧਿਆਤਮਕ ਗੀਤ ਗਾਇਆ ਕਰੋ। ਆਪੋ ਆਪਣੇ ਮਨ ਵਿਚ ਪ੍ਰਭੂ ਦੇ ਸਨਮੁਖ ਗਾਉਂਦੇ ਅਤੇ ਕਰੀਤਨ ਕਰਦੇ ਰਹੋ। ਹਮੇਸ਼ਾਂ ਸਮੱਸਤ ਗੱਲਾਂ ਲਈ ਪਰਮ ਪਿਤਾ ਪ੍ਰਭੂ ਦਾ ਧੰਨਵਾਦ ਕਰਦੇ ਰਹੋ। ਈਸ਼ਵਰ ਦੇ ਭੈ ਨਾਲ ਦੂਜੇ ਦੇ ਅਧੀਨ ਰਹੋ। *(ਉਹੀ-5/18-21)*

ਤੁਹਾਡਾ ਭਰਾਤਰੀ ਪ੍ਰੇਮ-ਸਥਾਈ ਰਹੇ। ਮਹਿਮਾਨ ਨਿਵਾਜ਼ੀ ਨਾ ਭੁੱਲੋ। ਕੈਦੀਆਂ ਨੂੰ ਇੰਜ ਯਾਦ ਰੱਖੋ ਕਿ ਜਿਵੇਂ ਉਨ੍ਹਾਂ ਨਾਲ ਤੁਸੀਂ ਵੀ ਕੈਦੀ ਹੋ। ਜਿਨ੍ਹਾਂ ਨਾਲ ਗਲਤ ਵਰਤਾਉ ਕੀਤਾ ਜਾਂਦਾ ਹੈ ਉਨ੍ਹਾਂ ਨੂੰ ਇਹ ਸਮਝ ਕੇ ਯਾਦ ਕਰੋ ਕਿ ਅਸੀਂ ਵੀ ਦੇਹ-ਧਾਰੀ ਹਾਂ। ਤੁਹਾਡਾ ਜੀਵਨ, ਲੋਭ ਰਹਿਤ ਹੋਵੇ ਅਤੇ ਜੋ ਤੁਹਾਡੇ ਪਾਸ ਹੈ, ਉਸੇ ਉਪਰ ਸੰਤੋਸ਼ ਕਰੋ।

(ਇਬਰਾਨੀਆਂ ਦੇ ਨਾਮ ਪੌਲੁਸ ਪ੍ਰੇਰਿਤ ਦਾ ਪੱਤਰ-13/1-5)

ਲੋਕਾਂ ਨੂੰ ਯਾਦ ਕਰੋ ਕਿ ਹਰੇਕ ਚੰਗੇ ਕੰਮ ਦੇ ਲਈ ਤਿਆਰ ਰਹਿਣ, ਕਿਸੇ ਦੀ ਨਿੰਦਾ ਨਾ ਕਰਨ, ਕਿਸੇ ਨਾਲ ਝਗੜਾ ਨਾ ਕਰਨ, ਸਭ ਮਨੁੱਖਾਂ ਦੇ ਪ੍ਰਤੀ ਨਿੰਮ੍ਰਤਾ ਪੂਰਬਕ ਵਰਤਾਉ ਕਰਨ।

(ਤੀਤੁਸ ਦੇ ਨਾਮ ਪੌਲੁਸ ਪ੍ਰੇਰਿਤ ਦਾ ਪੱਤਰ 3/1-2)

ਮੂਰਖਤਾ ਪੂਰਣ ਵਿਵਾਦਾਂ, ਵੰਸ਼ਾਵਲੀਆਂ, ਵੈਰ,ਿ ਵਰੋਧ ਅਤੇ ਉਨ੍ਹਾਂ ਸਾਰੇ ਝਗੜਿਆਂ ਤੋਂ, ਜੋ ਸ਼ਾਸਤ੍ਰ ਦੇ

ਵਿਸ਼ੇ ਸਬੰਧੀ ਹੋਣ, ਬਚੇ ਰਹੋ ਕਿਉਂਕਿ ਇਨ੍ਹਾਂ ਨਾਲ ਕੋਈ ਲਾਭ ਨਹੀਂ ਹੋਣਾ, ਇਹ ਸਭ ਵਿਅਰਥ ਹਨ।

(ਤੀਤੁਸ ਦੇ ਨਾਮ ਪੌਲੁਸ ਦਾ ਪੱਤਰ 3/9)

ਹਰੇਕ ਮਨੁੱਖ ਸੁਣਨ ਲਈ ਤਤਪਰ, ਬੋਲਣ ਵਿਚ ਮਿਤਭਾਸ਼ੀ ਜਾਂ ਸੰਜਮੀ ਅਤੇ ਕ੍ਰੋਧ ਵਿਚ ਨਰਮ ਹੋਵੇ, ਕਿਉਂਕਿ ਮਨੁੱਖ ਦਾ ਕ੍ਰੋਧ ਅਤੇ ਈਸ਼ਵਰ ਦਾ ਧਰਮ ਨਾਲੋਂ ਨਾਲ ਨਹੀਂ ਚਲ ਸਕਦੇ। ਇਸ ਲਈ ਸਾਰੀ ਮੈਲ ਅਤੇ ਵੈਰ ਭਾਵ ਦੇ ਆਵੇਗ ਨੂੰ ਦੂਰ ਕਰਕੇ ਉਸ ਸ਼ਬਦ ਨੂੰ ਨਿੰਮ੍ਰਤਾ ਨਾਲ ਗ੍ਰਹਿਣ ਕਰੋ ਜੋ ਹਿਰਦੇ ਵਿਚ ਬੋਇਆ ਗਿਆ ਅਤੇ ਜੋ ਤੁਹਾਡੇ ਪ੍ਰਾਣਾਂ ਦਾ ਉਧਾਰ ਕਰ ਸਕਦਾ ਹੈ। ਪਰ ਚੇਤੇ ਰਹੇ ਕਿ ਉਸ ਬਚਨ ਨੂੰ ਸੁਣਨ ਵਾਲੇ ਹੀ ਨਾ ਬਣੋ, ਸਗੋਂ ਸੁਣ ਕੇ ਉਸ ਉਪਰ ਚੱਲਣ ਵਾਲੇ ਬਣੋ। ਕੇਵਲ ਸੁਣਨ ਵਾਲੇ ਆਪਣੇ ਆਪ ਨੂੰ ਧੋਖਾ ਦਿੰਦੇ ਹਨ।

(ਯਾਕੂਬ ਦੀ ਚਿੱਠੀ-1/19-22)

ਜੇਕਰ ਤੁਹਾਡੇ ਵਿਚੋਂ ਕੋਈ ਦੁਖੀ ਹੋਵੇ, ਤਾਂ ਉਹ ਪ੍ਰਾਰਥਨਾ ਕਰੇ। ਜੇ ਕੋਈ ਆਨੰਦਿਤ ਹੋਵੇ ਤਾਂ ਉਹ ਉਸਤਤਿ ਦੇ ਗੀਤ ਗਾਵੇ।

ਜੇਕਰ ਤੁਹਾਡੇ ਵਿਚੋਂ ਕੋਈ ਰੋਗੀ ਹੋਵੇ ਤਾਂ ਚਰਚ ਦੇ ਵਡੇਰਿਆਂ ਨੂੰ ਬੁਲਾਵੇ ਅਤੇ ਉਹ ਪ੍ਰਭੂ ਦਾ ਨਾਮ ਲੈ ਕੇ ਉਸ ਉਪਰ ਤੇਲ ਮਲ ਕੇ ਉਸਦੇ ਲਈ ਪ੍ਰਾਰਥਨਾ ਕਰਨ। ਇੰਜ ਸ਼ਰਧਾ ਭਾਵਨਾ ਨਾਲ ਕੀਤੀ ਪ੍ਰਾਰਥਨਾ ਨਾਲ ਰੋਗੀ ਬਚ ਜਾਏਗਾ। ਪ੍ਰਭੂ ਉਸ ਨੂੰ ਸ਼ਕਤੀ ਦੇਵੇਗਾ ਅਤੇ ਜੇ ਉਸ ਨੇ ਪਾਪ ਵੀ ਕੀਤੇ ਹੋਣਗੇ ਤਾਂ ਉਨ੍ਹਾਂ ਨੂੰ ਵੀ ਮੁਆਫ ਕਰ ਦੇਵੇਗਾ।

ਇਸ ਲਈ ਤੁਸੀਂ ਆਪਸ ਵਿਚ ਇਕ ਦੂਜੇ ਦੇ ਸਾਮ੍ਹਣੇ ਆਪੋ ਆਪਣੇ ਪਾਪਾਂ ਨੂੰ ਸਵੀਕਾਰ ਕਰ ਲਵੋ ਅਤੇ ਇਕ ਦੂਜੇ ਦੇ ਲਈ ਪ੍ਰਾਰਥਨਾ ਕਰੋ ਤਾਂ ਜੋ ਚੰਗੇ ਹੋ ਨਿਬੜੋ। ਧਰਮ ਪਰਾਇਣ ਮਨੁੱਖ ਦੀ ਪ੍ਰਾਰਥਨਾ ਦੇ ਪ੍ਰਭਾਵ ਨਾਲ ਬਹੁਤ ਕੁਝ ਹੋ ਸਕਦਾ ਹੈ।

(ਯਾਕੂਬ ਦੀ ਚਿੱਠੀ-5/13-16)

ਹਰ ਪ੍ਰਕਾਰ ਦੇ ਵੈਰ-ਭਾਵ, ਛਲ ਕਪਟ, ਈਰਖਾ ਅਤੇ ਹਰ ਪ੍ਰਕਾਰ ਦੀ ਨਿੰਦਾ ਤੋਂ ਦੂਰ ਰਹਿ ਕੇ ਨਵ-ਜਨਮੇ ਬਾਲ ਦੀ ਨਿਆਈਂ ਨਿਰਮਲ ਅਧਿਆਤਮਕ ਦੁੱਧ ਦੀ ਲਾਲਸਾ ਕਰੋ ਤਾਂ ਜੋ ਉਸ ਦੁਆਰਾ ਆਪਮੇ ਉਧਾਰ ਨਮਿਤ ਅਗਾਂਹ ਵਧਦੇ ਜਾਉ।

(ਪਤਰਸ ਦੀ ਪਹਿਲੀ ਚਿੱਠੀ-2/1-2)

ਸਾਰੇ ਦੇ ਸਾਰੇ ਇਕ-ਮਨ, ਕ੍ਰਿਪਾਲੂ, ਭਾਈਚਾਰੇ ਦੀ ਪ੍ਰੀਤ ਰੱਖਣ ਵਾਲੇ, ਕਰੁਣਾਮਈ ਅਤੇ ਨਿਰਮਾਣ ਬਣੋ। ਬੁਰਾਈ ਦੇ ਬਦਲੇ ਬੁਰਾਈ ਨਾ ਕਰੋ ਅਤੇ ਨਾ ਹੀ ਗਾਲ੍ਹਾਂ ਦੇ ਬਦਲੇ ਗਾਲ੍ਹਾਂ ਕੱਢੋ, ਸਗੋਂ ਇਸ ਦੇ ਉਲਟ ਅਸੀਸ ਹੀ ਦਿਉ, ਕਿਉਂਕਿ ਤੁਸੀਂ ਅਸੀਸ ਦੇ ਉਤਰਾਧਿਕਾਰੀ ਹੋਣ ਲਈ ਹੀ ਬੁਲਾਏ ਗਏ ਹੋ।

ਜੇ ਕੋਈ ਜੀਵਨ ਦੀ ਇੱਛਾ ਰਖਦਾ ਹੈ ਅਤੇ ਅੱਛੇ ਦਿਨ ਦੇਖਣਾ ਚਾਹੁੰਦਾ ਹੈ, ਉਹ ਆਪਣੀ ਜੀਭ ਨੂੰ ਬੁਰਾਈ ਤੋਂ ਅਤੇ ਆਪਣੇ ਹੋਠਾਂ ਨੂੰ ਛਲ-ਕਪਟ ਵਾਲੀਆਂ ਗੱਲਾਂ ਕਰਨ ਤੋਂ ਰੋਕੇ। ਉਹ ਬੁਰਾਈ ਦਾ ਸਾਥ ਛੱਡ ਕੇ ਭਲਾਈ ਹੀ ਕਰੇ, ਉਹ ਸ਼ਾਂਤੀ ਨੂੰ ਢੂੰਡੇ ਅਤੇ ਉਸਦੀ ਪ੍ਰਾਪਤੀ ਲਈ ਹੀ ਜਤਨਸ਼ੀਲ ਰਹੇ ਕਿਉਂਕਿ ਪ੍ਰਭੂ ਦੀਆਂ ਅੱਖਾਂ ਧਰਮ-ਪਰਾਇਣ ਵਿਅਕਤੀਆਂ ਉਪਰ ਲੱਗੀਆਂ ਰਹਿੰਦੀਆਂ ਹਨ ਅਤੇ ਉਸਦੇ ਕੰਨ ਉਨ੍ਹਾਂ ਦੀ ਬੇਨਤੀ ਵਲ ਲਗੇ ਰਹਿੰਦੇ ਹਨ। ਇਸਦੇ ਉਲਟ ਪ੍ਰਭੂ, ਬੁਰਾਈ ਕਰਨ ਵਾਲਿਆਂ ਤੋਂ ਬੇਮੁਖ ਰਹਿੰਦਾ ਹੈ।

(ਪਤਰਸ ਦੀ ਪਹਿਲੀ ਚਿੱਠੀ-3/8-12)

ਸੰਜਮੀ ਹੋ ਕੇ ਪ੍ਰਾਰਥਨਾ ਦੇ ਲਈ ਸੁਚੇਤ ਰਹੋ। ਸਭ ਤੋਂ ਸ੍ਰੇਸ਼ਟ ਗੱਲ ਇਹ ਹੈ ਕਿ ਇਕ ਦੂਜੇ ਪ੍ਰਤੀ ਪ੍ਰੇਮ-ਭਾਵ ਰੱਖੋ ਕਿਉਂਕਿ ਪ੍ਰੇਮ ਅਨੇਕ ਪਾਪਾਂ ਨੂੰ ਢਕ ਲੈਂਦਾ ਹੈ। ਬਿਨਾਂ ਕੁੜਕੁੜਾਏ ਇਕ ਦੂਜੇ ਦੀ ਮਹਿਮਾਨ ਨਿਵਾਜ਼ੀ ਕਰੋ। ਜਿਸਨੂੰ ਜੋ ਕੁਝ ਮਿਲਿਆ ਹੈ, ਉਹ ਈਸ਼ਵਰ ਦੀ ਕ੍ਰਿਪਾ ਸਦਕਾ ਚੰਗੇ ਭੰਡਾਰੀਆਂ ਦੀ ਨਿਆਈਂ ਇਕ ਦੂਜੇ ਦੀ ਸੇਵਾ ਵਿਚ ਲਗਾ ਦੇਵੇ। ਜੇ ਕੋਈ ਬੋਲੇ ਤਾਂ ਇੰਜ ਬੋਲੇ, ਮਾਨੋ ਈਸ਼ਵਰੀ ਬਚਨ ਹੈ। ਜੇ ਕੋਈ ਸੇਵਾ ਕਰੇ ਤਾਂ ਉਸ ਸ਼ਕਤੀ ਨਾਲ ਕਰੇ ਜੋ ਉਸਨੂੰ ਪ੍ਰਮਾਤਮਾ ਨੇ ਦਿਤੀ ਹੈ।

(ਪਤਰਸ ਦੀ ਪਹਿਲੀ ਚਿੱਠੀ-1/4-11)

ਜੋ ਕੋਈ ਕਹਿੰਦਾ ਹੈ ਕਿ ਮੈਂ ਪ੍ਰਕਾਸ਼ ਵਿਚ ਹਾਂ ਪਰ ਉਹ ਆਪਣੇ ਸਾਥੀ ਭਰਾ ਨਾਲ ਵੈਰ ਰਖਦਾ ਹੈ ਤਾਂ ਸਮਝੋ ਹੁਣ ਤਕ ਅੰਧਕਾਰ ਵਿਚ ਹੀ ਹੈ। ਜੇ ਕੋਈ ਆਪਣੇ ਭਰਾ ਨਾਲ ਪ੍ਰੇਮ ਕਰਦਾ ਹੈ, ਉਹੀ ਪ੍ਰਕਾਸ਼ ਵਿਚ ਹੈ ਅਤੇ ਕਦੀ ਠੋਹਕਰ ਨਹੀਂ ਖਾਂਦਾ। ਪਰ ਜੋ ਕੋਈ ਆਪਣੇ ਭਰਾ ਨਾਲ ਘਿਰਣਾ ਕਰਦਾ ਹੈ, ਉਹ ਅੰਧਕਾਰ ਵਿਚ ਹੈ, ਅੰਧਕਾਰ ਵਿਚ ਹੀ ਵਿਚਰਦਾ ਹੈ ਅਤੇ ਇਹ ਨਹੀਂ ਜਾਣਦਾ ਕਿ ਕਿਥੇ ਜਾਣਾ ਹੈ, ਕਿਉਂਕਿ ਅੰਧਕਾਰ ਨੇ ਉਸਦੀਆਂ ਅੱਖਾਂ ਅੰਨ੍ਹੀਆਂ ਕਰ ਦਿਤੀਆਂ ਹਨ।

(ਯੂਹੰਨਾ ਦੀ ਪਹਿਲੀ ਚਿੱਠੀ-1/9-11)

ਬੁਰਾਈ ਦੇ ਨਹੀਂ ਸਗੋਂ ਭਲਾਈ ਦੇ ਅਨੁਆਈ ਹੋ ਜਾਉ। ਜੋ ਭਲਾਈ ਕਰਦਾ ਹੈ, ਉਹ ਈਸ਼ਵਰ ਦੀ ਸੰਤਾਨ ਹੈ ਪਰ ਜੋ ਬੁਰਾਈ ਕਰਦਾ ਹੈ, ਉਸ ਨੇ ਈਸ਼ਵਰ ਨੂੰ ਨਹੀਂ ਦੇਖਿਆ।

(ਯੂਹੰਨਾ ਦੀ ਤੀਜੀ ਚਿੱਠੀ-1/11)

ਕਦੀ ਸਹੁੰ ਨਾ ਚੁੱਕੋ। *(ਮੱਤੀ-5/34)*

« « « « « « «

ਯੋਗਾ ਉਪਰ ਲੈਕਚਰ

ਮੂਲ ਲੇਖਕ - ਡਾ. ਸਵਾਮੀ ਰਾਮ ਜੀ
ਅਨੁਵਾਦਕ - ਡਾ. ਬੀਬੀ ਤੇਜਿੰਦਰ ਮਲਹੋਤਰਾ

ਅਧਿਆਇ ਤੀਸਰਾ

ਆਸਨ ਦੇ ਚਿਕਿਤਸਾ ਲਾਭ

ਪੰਤਾਂਜਲ ਨੇ ਆਸਨ ਤੇ ਪ੍ਰਾਣਾਯਾਮ ਦੀ ਪੂਰੀ ਪੂਰੀ ਵਿਆਖਿਆ ਨਹੀਂ ਕੀਤੀ। ਰਾਜ ਯੋਗ ਦੇ ਇਹ ਦੋਨੋਂ ਭਾਗ ਉਨ੍ਹਾਂ ਦੇ ਪਿਛੋਂ ਹੀ ਵਿਕਸਿਤ ਹੋਏ ਜਿਨ੍ਹਾਂ ਨੇ ਰਾਜ ਯੋਗ ਨੂੰ ਪ੍ਰਚਲਤ ਕੀਤਾ ਉਨ੍ਹਾਂ ਨੇ ਹੀ ਇਨ੍ਹਾਂ ਦੀ ਵਿਆਖਿਆ ਕੀਤੀ ਹੈ ਕਿਉਂਕਿ ਉਨ੍ਹਾਂ ਨੇ ਇਹ ਜਾਣ ਲਿਆ ਹੈ ਕਿ ਆਸਨ ਕੁੰਡਲਨੀ ਜਾਗਰਣ ਕਰਮ ਲਈ ਬਹੁਤ ਅਵਸ਼ਕ ਹਨ। ਕੁੰਡਲਨੀ ਸਾਡੇ ਅੰਦਰ ਉਹ ਸ਼ਕਤੀ ਹੈ ਜਿਹੜੀ ਗੁਪਤ ਪਈ, ਛੁਪੀ ਪਈ ਹੈ, ਸਾਨੂੰ ਆਸਨ ਤੇ ਪ੍ਰਾਣਾਯਾਮ ਦਾ ਅਭਿਆਸ ਕਰਕੇ ਹੀ ਇਸ ਨੂੰ ਜਾਗਰਣ ਕਰਨ ਵਿਚ ਸਹਾਇਤਾ ਮਿਲ ਸਕਦੀ ਹੈ, ਬਿਮਾਰ ਤੇ ਦੁਰਬਲ ਮਨੁੱਖ ਰਾਜ ਯੋਗ ਦੇ ਗੁੰਝਲਦਾਰ ਆਸਨ ਨਹੀਂ ਕਰ ਸਕਦਾ। ਸਰੀਰ ਨੂੰ ਠੀਕ ਰੱਖਣ ਲਈ ਤੇ ਸਰੀਰ ਵਿਚ ਇਕਸੁਰਤਾ ਲਿਆਉਣ ਲਈ ਹਠ ਯੋਗ ਅਵਸਕ ਹੈ, ਹਠ ਯੋਗ ਧਿਆਨ ਲਗਾਉਣ ਲਈ ਤੇ ਮੈਡੀਟੇਸ਼ਨ ਲਈ ਵੀ ਜ਼ਰੂਰੀ ਹੈ ਇਹ ਰਾਜ ਯੋਗ ਲਈ ਸਹਾਇਕ ਵੀ ਹੈ ਤੇ ਜ਼ਰੂਰੀ ਵੀ।

ਆਸਨ ਸੰਸਕ੍ਰਿਤ ਦਾ ਸ਼ਬਦ ਹੈ ਜਿਸ ਦੇ ਅਰਥ ਹਨ ਬੈਠਣ ਦਾ ਢੰਗ ਤੁਰਨ ਫਿਰਨ ਦਾ ਢੰਗ, ਆਸਨ ਦੋ ਪ੍ਰਕਾਰ ਦੇ ਹਨ ਇਕ ਮੈਡੀਟੇਸ਼ਨ ਲਈ ਦੂਸਰੇ ਸਰੀਰ ਨੂੰ ਠੀਕ ਰੱਖਣ ਲਈ। ਆਸਨ ਜਿਹੜੇ ਪ੍ਰਾਣਾਯਾਮ ਲਈ ਠੀਕ ਹਨ ਧਿਆਨ ਲਗਾਉਣ ਲਈ ਤੇ ਮੈਡੀਟੇਸ਼ਨ ਲਈ ਠੀਕ ਹਨ ਉਹ ਹਨ ਪਦਮ ਆਸਨ ਜਿਸਨੂੰ ਲੋਟਸ ਪੋਸਚਰ (Lotus posture) ਵੀ ਕਹਿੰਦੇ ਹਨ ਸਿੱਧ ਆਸਨ ਪੂਰਣ ਢੰਗ, ਸੁਆਸਤਿਕ ਆਸਨ ਸ਼ੁਭ ਆਸਨ, ਸੁਖ ਆਸਨ, ਸੌਖੇ ਢੰਗ ਹੋਰ ਵੀ ਹਨ। ਇਨ੍ਹਾਂ ਸਾਰੇ ਆਸਨਾਂ ਵਿਚ ਇਕ ਗੱਲ ਤੇ ਜ਼ੋਰ ਦਿਤਾ ਜਾਂਦਾ ਹੈ ਉਹ ਹੈ ਕਿ ਸਿਰ, ਗਰਦਨ ਤੇ ਪਿੱਠ ਰੀੜ੍ਹ ਦੀ ਗੱਡੀ ਸਿੱਧੀ ਰੱਖੀ ਜਾਵੇ ਜਿਸ ਨਾਲ ਬੈਠਣ ਦਾ ਢੰਗ ਆਰਾਮਦਾਇਕ ਹੋਵੇ ਤੇ ਸਥਿਰ ਰਹੇ ਤੇ ਜਿਸ ਨਾਲ ਕਾਰਬਨ ਡਾਈਆਕਸਾਈਡ ਵੀ ਘੱਟ ਬਣਦੀ ਹੈ ਇਸ ਨਾਲ ਹਿਰਦੇ ਦੀ ਗਤੀ ਤੇ ਫੇਫੜਿਆਂ ਦੀ ਗਤੀ ਹੌਲੀ ਹੋ ਜਾਂਦੀ ਹੈ ਤੇ ਮਨ ਘੱਟ ਅਸ਼ਾਂਤ ਹੁੰਦਾ ਹੈ। ਸਰੀਰ ਘਟ ਤੰਗ ਹੁੰਦਾ ਹੈ, ਧਿਆਨ ਬਣਿਆ ਰਹਿੰਦਾ ਹੈ। ਦੂਸਰੇ ਆਸਨ ਜਿਹੜੇ ਸਰੀਰ ਨੂੰ ਠੀਕ ਰਖਦੇ ਹਨ ਉਹ ਕੁਝ ਪੱਠਿਆਂ ਨੂੰ ਕਾਬੂ ਰੱਖਦੇ ਹਨ ਤੇ ਨਾੜੀਆਂ ਨੂੰ ਵੀ ਕਾਬੂ ਰਖਦੇ ਹਨ ਤੇ ਉਨ੍ਹਾਂ ਦਾ ਚਿਕਿਤਸਕ ਲਾਭ ਹੈ।

ਕੁਝ ਮਹੱਤਵਪੂਰਨ ਆਸਨਾਂ ਦੀਆਂ ਫੋਟੋ ਵੀ ਦਿਤੀਆਂ ਗਈਆਂ ਹਨ ਪਰ ਇਨ੍ਹਾਂ ਦਾ ਵਿਸਥਾਰ ਨਾਲ ਵਿਆਖਿਆ ਨਹੀਂ ਕੀਤੀ ਗਈ ਨਾ ਹੀ ਇਨ੍ਹਾਂ ਦੇ ਅਭਿਆਸ ਬਾਰੇ ਵਿਸਥਾਰ ਦਿਤਾ ਗਿਆ ਤੇ ਨਾਲ ਹੀ ਇਹ ਵੀ ਨਹੀਂ ਦੱਸਿਆ ਗਿਆ ਕਿ ਕੀ ਕੀ ਸਾਵਧਾਨੀ ਵਰਤਣੀ ਹੈ। ਇਹ ਆਸਨ ਕਰਨ ਤੋਂ ਪਹਿਲਾਂ ਤੁਹਾਨੂੰ ਕੋਈ ਪੁਸਤਕ ਜਾਂ ਖਲਾਸਾ ਦੇਖਣਾ ਪਵੇਗਾ ਤੇ ਨਾਲ ਹੀ ਇਹ ਦੱਸ ਦੇਣਾ ਜ਼ਰੂਰੀ ਹੈ ਕਿ ਇਕ ਕਾਬਲ ਗੁਰੂ ਕਾਬਲ ਅਧਿਆਪਕ ਦੀ ਵੀ ਲੋੜ ਹੈ ਜਿਹੜਾ ਤੁਹਾਡੀ ਅਗਵਾਈ ਕਰ ਸਕੇ, ਤੁਹਾਡਾ ਪੱਥ ਪ੍ਰਦਰਸ਼ਕ ਬਣ ਸਕੇ। ਵਿਸ਼ੇਸ਼ ਤੌਰ ਤੇ ਔਖੇ ਆਸਨ ਤਾਂ ਕਾਬਲ ਯੋਗੀ ਦੀ ਦੇਖ ਰੇਖ ਹੇਠਾਂ ਹੀ ਕਰਨੇ ਚਾਹੀਦੇ ਹਨ। ਇਸ ਅਧਿਆਇ ਵਿਚ ਅਸੀਂ ਕੁਝ ਕੁ ਆਸਨਾਂ ਦੇ ਸਰੀਰ ਪੱਖ ਦੇਖਾਂਗੇ ਤੇ ਉਨ੍ਹਾਂ ਦਾ ਚਿਕਿਤਸਾ ਲਈ ਕੀ ਲਾਭ ਹੈ, ਕਿਵੇਂ ਉਹ ਚੰਗੀ ਸਿਹਤ ਲਈ ਸਹਾਇਕ ਹਨ? ਪਰ ਪਹਿਲਾਂ ਅਸੀਂ ਮੈਡੀਟੇਸ਼ਨ ਵਾਲੇ ਤੇ ਧਿਆਨ ਵਾਲੇ ਆਸਨ ਲੈਂਦੇ ਹਾਂ, ਪ੍ਰਾਣਾਯਾਮ ਵਾਲੇ ਆਸਨ ਲੈਂਦੇ ਹਾਂ।

ਮੈਡੀਟੇਸ਼ਨ ਕਰਨ ਲਈ ਆਸਨ

ਪੰਤਾਜਲੀ ਦੇ ਯੋਗ ਸੂਤਰ ਤੇ ਹੋਰ ਗ੍ਰੰਥਾਂ ਵਿਚ ਇਸ ਵਿਸ਼ੇ ਤੇ ਬਹੁਤ ਧਿਆਨ ਦਿਤਾ ਗਿਆ ਹੈ ਕਿ ਮੈਡੀਟੇਸ਼ਨ ਕਰਨ ਲਈ ਕਿਸ ਤਰੀਕੇ ਨਾਲ ਬੈਠਿਆ ਜਾਵੇ ਜਿਹੜਾ ਬਹੁਤ ਹੀ ਆਰਾਮ ਦੇਹ ਹੋਵੇ ਤੇ ਸਥਿਰ ਹੋਵੇ ਜਿਸ ਵਿਚ ਸਿਰ ਗਰਦਨ ਤੇ ਰੀੜ ਦੀ ਹੱਡੀ ਬਿਲਕੁਲ ਸਿੱਧੀ ਰਹੇ। ਜੇ ਪਹਿਲਾਂ-ਪਹਿਲਾਂ ਜਗਿਆਸੂ ਇਸ ਗੱਲ ਵਲ ਪੂਰਾ ਧਿਆਨ ਨਹੀਂ ਦਿੰਦਾ। ਆਪਣਾ ਹੀ ਬੈਠਣ ਦਾ ਢੰਗ ਰਖਦਾ ਹੈ ਉਸ ਵਿਚ ਹੀ ਬੈਠਦਾ ਹੈ, ਇਸ ਤਰ੍ਹਾਂ ਕਰਕੇ ਜਗਿਆਸੂ ਬਾਅਦ ਵਿਚ ਔਖਾ ਹੋਵੇਗਾ, ਜਦੋਂ ਯੋਗ ਦੀਆਂ ਔਖੀਆਂ ਪੌੜੀਆਂ ਚੜ੍ਹਨੀਆਂ ਹੋਣਗੀਆਂ ਉਸ ਲਈ ਔਖਾ ਹੋ ਜਾਵੇਗਾ ਉਹ ਆਪਣੇ ਆਪ ਨੂੰ ਅਸੁਵਿਧਾ ਅੜਚਨ ਮਹਿਸੂਸ ਕਰਨਗੇ। ਜਿਹੜੇ ਯੋਗ ਦੇ ਮਾਰਗ ਤੇ ਚੱਲ ਕੇ ਅੱਗੇ ਵਧਣਾ ਚਾਹੁੰਦੇ ਹਨ। ਇਸ ਰਾਤ ਤੇ ਸਫਲ ਹੋਣਾ ਚਾਹੁੰਦੇ ਹਨ ਉਨ੍ਹਾਂ ਨੂੰ ਪੂਰੇ ਤਰੀਕੇ ਨਾਲ ਹੀ ਚਲਣਾ ਚਾਹੀਦਾ ਹੈ ਵਿਗਿਆਨਕ ਢੰਗ ਨਾਲ ਹੀ ਚਲਣਾ ਚਾਹੀਦਾ ਹੈ, ਉਹ ਤਰੀਕੇ ਵੱਡੇ-ਵੱਡੇ ਯੋਗੀਆਂ ਨੇ ਕੀਤੇ ਹਨ ਉਨ੍ਹਾਂ ਦਾ ਅਨੁਭਵ ਹੈ। ਜੇ ਸਿਰ, ਗਰਦਨ ਤੇ ਰੀੜ੍ਹ ਦੀ ਹੱਡੀ ਸਿੱਧੀ ਨਾ ਹੋਵੇ ਤਾਂ ਜਗਿਆਸੂ ਦਾ ਸਰੀਰ ਕੰਬਣ ਲਗ ਪੈਂਦਾ ਹੈ ਤੇ ਮਨ ਵੀ ਅਸ਼ਾਂਤ ਹੋ ਜਾਂਦਾ ਹੈ। ਹੌਲੀ ਹੌਲੀ ਸਰੀਰ ਦਾ ਪਿੱਠ ਦਾ ਕੁੱਬ ਬਣ ਜਾਂਦਾ ਹੈ ਤੇ ਪ੍ਰਾਣ ਸ਼ਕਤੀ ਦਾ ਬਹਾਅ ਖੂਨ ਦਾ ਦੌਰਾ ਵੀ ਘੱਟ ਹੋ

ਜਾਂਦਾ ਹੈ ਜਿਸ ਨਾਲ ਸ੍ਵਾਸ ਲੈਣ ਵਿਚ ਔਖਾ ਹੁੰਦਾ ਹੈ ਇਨ੍ਹਾਂ ਗੱਲਾਂ ਤੋਂ ਰੋਕਣ ਲਈ ਸਿਆਣਿਆਂ ਨੇ ਪੁਰਾਤਨ ਯੋਗੀਆਂ ਨੇ ਚਾਰ ਆਸਨ ਦੱਸੇ ਹਨ ਜਿਹੜੇ ਸ੍ਵਾਸ ਵਿਗਿਆਨ ਦੇ ਅਨੁਕੂਲ ਹਨ ਜਿਨ੍ਹਾਂ ਨਾਲ ਧਿਆਨ ਵਧੇਰੇ ਠੀਕ ਤਰ੍ਹਾਂ ਲਗਦਾ ਹੈ ਤੇ ਮੈਡੀਟੇਸ਼ਨ ਠੀਕ ਹੁੰਦੀ ਹੈ ਉਹ ਹਨ ਪਦਮ ਆਸਨ, ਸਿੱਧ ਆਸਨ, ਸੁਆਸਤਕ ਆਸਨ ਤੇ ਸੁਖ ਆਸਨ।


ਪਦਮ ਆਸਨ – ਕੰਬਲ ਦੀਆਂ ਤਹਿਾਂ ਲਗਾ ਕੇ ਉਸ ਨੂੰ ਵਿਛਾਓ ਉਹ ਮੋਟਾ ਜਿਹਾ ਹੋ ਜਾਏ ਤਾਂ ਜੋ ਫਰਸ਼ ਨਾ ਚੁਭੇ, ਲੱਤਾਂ ਅੱਗੇ ਕਰੋ ਸਿਰ, ਗਰਦਨ ਤੇ ਪਿੱਠ ਸਿੱਧੇ ਇਕ ਲਾਇਨ ਵਿਚ ਕਰੋ। ਹੁਣ ਹੌਲੀ ਹੌਲੀ ਖੱਬਾ ਪੈਰ ਸੱਜੇ ਹੱਥ ਨਾਲ ਚੁਕੋ ਤੱ ਸੱਜੇ ਪੱਟ ਤੇ ਰੱਖੋ। ਫੇਰ ਸੱਜਾ ਪੈਰ ਖੱਬੇ ਪੱਟ ਤੇ ਰੱਖੋ। ਹੱਥ ਗੋਡਿਆਂ ਦੇ ਰੱਖੋ ਹੱਥ ਦਾ ਅੰਗੂਠਾ ਤੇ ਪਹਿਲੀ ਉਂਗਲੀ ਜੋੜ ਕੇ ਇਕ ਗੋਲ ਚੱਕਰ ਬਣਾ ਕੇ ਜਾਂ ਹੱਥ ਦੀਆਂ ਤਲੀਆਂ ਉਪਰ ਵਲ ਕਰ ਲਵੋ ਤੇ ਪਹਿਲੀ ਉਂਗਲੀ ਅਗੰਠੇ ਦੇ ਅੱਧ ਵਿਚ ਰੱਖ ਲਵੋ।

ਜੇ ਪਦਮ ਆਸਨ ਆਰਾਮ ਦੇਹ ਨਹੀਂ ਹੈ ਜਾਂ ਤਕਲੀਫ ਦਿੰਦਾ ਹੈ ਫੇਰ ਜਗਿਆਸੂ ਦੂਸਰਾ ਆਸਨ ਕਰਕੇ ਦੇਖ ਸਕਦਾ ਹੈ। ਪਦਮ ਆਸਨ ਆਮ ਤੌਰ ਤੇ ਲੱਤਾਂ ਲਈ ਉਨ੍ਹਾਂ ਦਾ ਵਕਾਸ ਲਈ ਵਰਤਦੇ ਹਨ ਮੈਡੀਟੇਸ਼ਨ ਲਈ ਆਮ ਜਗਿਆਸੂ ਇਸਨੂੰ ਨਹੀਂ ਵਰਤਦੇ। ਪਹੁੰਚੇ ਹੋਏ ਯੋਗੀ ਆਮ ਤੌਰ ਤੇ ਸਿਧ ਆਸਨ ਵਰਤਦੇ ਹਨ, ਬਹੁਤ ਘੱਟ ਜਗਿਆਸੂ ਹੀ ਪਦਮ ਆਸਨ ਵਰਤਦੇ ਹਨ, ਕਿਉਂਕਿ ਇਹ ਬਹੁਤ ਕਠਨ ਹੈ ਇਸ ਵਿਚ ਬੰਧ ਲਗਾਉਣਾ ਔਖਾ ਹੈ।



ਪਦਮ ਆਸਨ (Lotus Posture)

ਸਿੱਧ ਆਸਨ – ਸਿੱਧ ਆਸਨ ਵਿਚ ਖੱਬੀ ਅੱਡੀ ਮੂਲਾਧਾਰ (ਗੁਦਾ ਅਤੇ ਅੰਡਕੋਸ਼ ਦਾ ਅੰਦਰਲਾ ਭਾਗ) ਤੇ ਰੱਖੀ ਜਾਂਦੀ ਹੈ ਇਥੇ ਬੰਧ ਲਗਾਇਆ ਜਾਂਦਾ ਹੈ ਹੁਣ ਦੂਸਰੀ ਅੱਡੀ public bone ਤੇ ਰੱਖੀ ਜਾਂਦੀ ਹੈ। ਪੈਰ ਤੇ ਲੱਤਾਂ ਇਸ ਤਰ੍ਹਾਂ ਰੱਖੀਆਂ ਜਾਂਦੀਆਂ ਗਿੱਟੇ ਜੋੜੇ ਜਾਂਦੇ ਹਨ। ਸੱਜੇ ਪੈਰ ਦਾ ਪੰਜਾਂ ਖੱਬੀ ਲੱਤ ਦੀ ਪਿੰਜਨੀ ਤੇ ਪੱਟ ਦੇ ਵਿਚ ਰੱਖਿਆ ਜਾਂਦਾ ਹੈ। ਪੈਰ ਦਾ ਅੰਗੂਠਾ ਦਿਸਦਾ ਰਹਿੰਦਾ ਹੈ। ਖੱਬੇ ਪੈਰ ਦਾ ਪੰਜਾ ਸੱਜੀ ਲੱਤ ਦੀ ਪਿੰਜਨੀ ਤੇ ਪੱਟ ਵਿਚ ਖਿਚਿਆ ਜਾਂਦਾ ਹੈ ਤੇ ਉਸ ਦੇ ਪੈਰ ਦਾ ਅੰਗੂਠਾ ਵੀ ਦਿਸਦਾ ਰਹੇ। ਹੱਥ ਉਸ ਤਰ੍ਹਾਂ ਹੀ ਰੱਖੇ ਜਾਂਦੇ ਹਨ ਜਿਵੇਂ ਕਿ ਪਦਮ ਆਸਨ ਵਿਚ –



ਸਿੱਧ ਆਸਨ
(The Accomlished posture)

ਸੁਆਸਤਿਕ ਆਸਨ – ਇਹ ਬੜਾ ਹੀ ਆਰਾਮਦਾਇਕ ਆਸਨ ਹੈ ਤੇ ਇਹ ਵਿਸ਼ੇਸ਼ ਕਰਕੇ ਬੀਬੀਆਂ ਲਈ ਦਸਿਆ ਜਾਂਦਾ ਹੈ ਇਹ ਕਾਫੀ ਕੁਝ ਸਿੱਧ ਆਸਨ ਦੀ ਤਰ੍ਹਾਂ ਹੈ, ਫਰਕ ਸਿਰਫ ਐਨਾ ਹੈ ਕਿ ਇਸ ਵਿਚ ਅਡੀਆਂ ਤੇ ਗਿੱਟੇ ਇਕੱਠੇ ਨਹੀਂ ਕੀਤੇ ਜਾਂਦੇ। ਖੱਬੀ ਲੱਤ ਗੋਡੇ ਤੋਂ ਇਕੱਠੀ ਕੀਤੀ ਜਾਂਦੀ ਹੈ ਤੇ ਖੱਬਾ ਪੈਰ, ਪੈਰ ਦੇ ਤਲੇ ਨੂੰ ਸੱਜੇ ਪਾਸੇ ਨਾਲ ਲਗਾ ਕੇ ਰੱਖਿਆ ਜਾਂਦਾ ਹੈ। ਫੇਰ ਸੱਜਾ ਪੈਰ ਖੱਬੀ ਪਿੰਜਨੀ ਤੇ ਰੱਖਿਆ ਜਾਂਦਾ ਹੈ ਪੈਰ ਦਾ ਬਾਹਰ ਦਾ ਭਾਗ ਤੇ ਪੰਜਾ ਪਟ ਤੇ ਪਿੰਜਨੀ ਦੇ ਵਿਚ ਰੱਖਿਆ ਜਾਂਦਾ ਹੈ। ਪੈਰ ਦਾ ਸਿਰਫ ਅੰਗੂਠਾ ਦਿਸਣਾ ਚਾਹੀਦਾ ਹੈ। ਫੇਰ ਖੱਬੇ ਪੈਰ ਦਾ ਪੰਜਾ ਸੱਜੇ ਪੱਟ ਤੇ ਪਿੰਜਨੀ ਵਿਚ ਖਿਚਿਆ ਜਾਂਦਾ ਹੈ ਤਾਂ ਜੋ ਪੈਰ ਦਾ ਅੰਗੂਠਾ ਦਿਸਦਾ

ਰਹੇ। ਇਸ ਤਰ੍ਹਾਂ ਕਰਕੇ ਇਕ ਸਥਿਰ ਆਸਨ ਲਗਦਾ ਹੈ ਹੱਥ ਉਸ ਤਰ੍ਹਾਂ ਹੀ ਰੱਖੇ ਜਾਂਦੇ ਹਨ ਜਿਵੇਂ ਪਦਮ ਆਸਨ ਤੇ ਸਿੱਧ ਆਸਨ ਵਿਚ।



ਸੁਆਸਤਿਕ ਆਸਨ
Auspicious posture

ਸੁਖ ਆਸਨ – ਆਸਨ ਦਰੀ ਤੇ ਬੈਠ ਕੇ ਕਰਨਾ ਚਾਹੀਦਾ ਹੈ ਜਾਂ ਕੰਬਲ ਦੀ ਤਹਿ ਲਗਾ ਕੇ ਵਿਛਾ ਲਵੋ, ਥਾਂ ਸਾਫ ਹੋਣਾ ਚਾਹੀਦਾ ਹੈ, ਹਵਾਦਾਰ ਹੋਣਾ ਚਾਹੀਦਾ ਹੈ ਜਾਂ ਬਾਹਰ ਖੁਲ੍ਹੀ ਥਾਂ ਤੇ ਆਸਨ ਕਰੋ। ਚੰਗਾ ਇਹ ਹੀ ਹੋਵੇਗਾ ਜੇ ਆਸਨ ਸਵੇਰੇ ਜਾਂ ਸ਼ਾਮ ਨੂੰ ਕੀਤੇ ਜਾਣ ਕਿਉਂਕਿ ਇਸ ਸਮੇਂ ਸਰੀਰ ਵਧੇਰੇ ਲਚਕਦਾਰ ਹੁੰਦਾ ਹੈ ਜੇ ਆਸਨ ਕਰਨ ਤੋਂ ਪਹਿਲਾਂ ਗਰਮ ਪਾਣੀ ਨਾਲ ਇਸ਼ਨਾਨ ਕਰ ਲਿਆ ਜਾਵੇ ਆਸਨ ਕਰਨ ਵਿਚ ਬਹੁਤ ਸੁਵਿਧਾ ਮਿਲਦੀ ਹੈ ਕਿਉਂਕਿ ਖੂਨ ਦੇ ਦੌਰੇ ਦੀ ਗਤੀ ਘਟ ਜਾਂਦੀ ਹੈ ਤੇ ਜੋੜਾਂ ਵਿਚ ਨਰਮਾਈ ਆ ਜਾਂਦੀ ਹੈ। ਤੁਹਾਡਾ ਅੰਦਰ ਭਾਵ ਤੁਸੀਂ ਮਲਮੂਤਰ ਤੋਂ ਉਪਰੰਤ ਹੀ ਆਸਨ ਲਈ ਬੈਠੋ, ਇਹ ਹੀ ਠੀਕ ਰਹਿੰਦਾ ਹੈ ਤੇ ਖਾਣ ਤੋਂ ਘੱਟੋ ਘੱਟ ਚਾਰ ਘੰਟੇ ਬਾਅਦ ਹੀ ਤੁਹਾਨੂੰ ਆਸਨ ਕਰਨੇ ਚਾਹੀਦੇ ਹਨ। ਆਸਨ ਕਰਨ ਦੀ ਹਰ ਇਕ ਗਤੀ ਬਹੁਤ ਹੀ ਹੌਲੀ ਹੋਣੀ ਚਾਹੀਦੀ ਹੈ। ਆਸਨ ਉਥੇ ਤਕ ਕਰਨਾ ਚਾਹੀਦਾ ਹੈ ਜਿਥੋਂ ਤਕ ਤੁਸੀਂ ਸੌਖੀ ਤਰ੍ਹਾਂ ਜਾ ਸਕੋ। ਤੁਹਾਡੇ ਅੰਗਾਂ ਦੀ ਗਤੀ ਸੌਖੀ ਜਾ ਸਕੇ। ਕਿਸੇ ਵੀ ਕਿਸਮ ਦੀ ਜ਼ਬਰਦਸਤੀ ਨਹੀਂ ਕਰਨੀ ਚਾਹੀਦੀ, ਧੀਰਜ, ਦ੍ਰਿੜ੍ਹਤਾ ਨਾਲ ਲਗਾਤਾਰ ਮਿਹਨਤ ਕਰਕੇ ਸਫਲਤਾ ਪ੍ਰਾਪਤ ਹੁੰਦੀ ਹੈ, ਅੰਦਰ ਦੇ ਸਰੀਰ ਦੇ ਕਾਰਜ ਨੂੰ ਦੇਖਦੇ ਹੋਏ ਇਹ ਕਿਹਾ ਜਾਂਦਾ ਹੈ ਕਿ ਸਰੀਰ ਦਾ ਨਾੜੀ ਸਿਧਾਂਤ ਸਭ ਤੋਂ ਮਹੱਤਵਪੂਰਨ ਹੈ ਤੇ ਦੂਸਰਾ ਹੈ Endocrine system, Circulatory system ਤੇ digestive system urinary system and respiratory system Nervous system ਭਾਵ ਨਾੜੀ ਸਿਧਾਂਤ ਹੀ ਬਾਕੀ ਦੇ ਸਾਰੇ ਸਿਧਾਂਤਾਂ ਦੇ ਕੰਮ ਨੂੰ ਸਮਵਰਗ ਕਰਦਾ ਹੈ ਉਨ੍ਹਾਂ ਦਾ ਤਾਲ ਮੇਲ ਰਖਦਾ ਹੈ। Endocrine glands ਭਾਵ ਸਰੀਰ ਵਿਚ ਵੱਖ ਵੱਖ ਗ੍ਰੰਥੀਆਂ ਜਿਹੜੀਆਂ ਹਨ ਉਹ ਸਾਡੇ ਨਾੜੀ ਸਿਧਾਂਤ ਤੇ ਸਭ ਤੋਂ ਵੱਧ ਪ੍ਰਭਾਵ ਪਾਉਂਦੀਆਂ ਹਨ ਤੇ ਨਾਲ ਹੀ ਸਰੀਰਕ ਸੰਤੁਲਨ ਰੱਖਣ ਵਿਚ ਵੀ ਸਹਾਇਕ ਹੁੰਦਾ ਹੈ। Circulatory system ਸਰੀਰ ਦੇ ਹਰ ਅੰਗ ਨੂੰ ਆਹਾਰ ਪਹੁੰਚਾਉਂਦਾ ਹੈ ਤੇ ਨਾਲ ਹਰ ਅੰਗ ਦਾ ਗੰਦ ਵੀ ਉਹ ਲੈਂਦਾ ਹੈ। ਖੂਨ ਦੇ ਉਹ ਸੈਲ ਜਿਹੜੇ ਇਹ ਕੰਮ ਕਰਦੇ ਹਨ ਉਹ ਆਪਣੇ ਅੰਦਰ ਪ੍ਰੋਟੀਨ ਲੈਂਦੇ ਹਨ, ਥੰਦਾ ਲੈਂਦੇ ਹਨ, ਮਿੱਠਾ, ਨਮਕ ਇਹ ਸਭ ਉਹ ਹਜ਼ਮ ਕੀਤੇ ਖਾਣੇ ਵਿਚੋਂ ਲੈਂਦੇ ਹਨ ਜਿਹੜੇ ਪੇਟ ਤੇ ਆਂਤੜੀਆਂ ਨੇ ਪਚਾ ਲਿਆ ਹੈ ਤੇ ਨਾਲ ਹੀ ਜਿਹੜੀ ਹਵਾ ਅਸੀਂ ਅੰਦਰ ਲੈ ਕੇ ਜਾਂਦੇ ਹਾਂ। ਜਿਹੜੀ ਹਵਾ ਅਸੀਂ ਫੇਫੜਿਆਂ ਵਿਚੋਂ ਬਾਹਰ ਕੱਢਦੇ ਹਾਂ ਉਸ ਨਾਲ ਗੰਦੀ ਹਵਾ ਕਾਰਬਨ ਡਾਈਆਕਸਾਈਡ ਬਾਹਰ ਨਿਕਲਦੀ ਹੈ ਉਹ ਸੈਲਾਂ ਵਿਚੋਂ ਲੈ ਕੇ ਬਾਹਰ ਨਿਕਲਦੀ ਹੈ। ਬਾਕੀ ਦਾ ਗੰਦ ਮਲਮੂਤਰ ਰਾਹੀਂ ਨਿਕਲਦਾ ਹੈ। ਇਸ ਤਰ੍ਹਾਂ ਨਾਲ ਇਹ ਵੱਖ-ਵੱਖ ਕ੍ਰਮ ਦੇਹੀ ਦੇ ਅੰਦਰ ਇਕੱਠੇ ਹੋ ਕੇ ਕੰਮ ਕਰਦੇ ਹਨ ਤੇ ਸਰੀਰ ਨੂੰ ਚਲਦੇ ਰੱਖਣ ਵਿਚ ਸਹਾਈ ਹੁੰਦੇ ਹਨ। ਹੁਣ ਅਸੀਂ ਇਨ੍ਹਾਂ ਆਸਨਾਂ ਦਾ ਉਹ ਪਾਸਾ ਦੇਖਦੇ ਹਾਂ ਜਿਹੜਾ ਸਰੀਰ ਲਈ ਲਾਭਕਾਰੀ ਹੈ ਤੇ ਸਰੀਰ ਨੂੰ ਸੁਅਸਥ ਰੱਖਣ ਲਈ ਸਹਾਇਕ ਹੁੰਦਾ ਹੈ।

ਸ਼ੀਸ਼ ਆਸਨ – ਸਿਰ ਭਾਰ ਖੜ੍ਹੇ ਹੋਣਾ ਜਿਵੇਂ ਕਿ ਚਿੱਤਰ ਵਿਚ ਦਿਖਾਇਆ ਗਿਆ ਹੈ ਕਿਉਂਕਿ ਇਹ ਪੁੱਠਾ ਖੜ੍ਹੇ ਹੋਣਾ ਹੈ ਇਸ ਕਰਕੇ ਸਿਰ ਨੂੰ ਸਾਫ ਖੂਨ ਵਧੇਰੇ ਮਿਲ ਜਾਂਦਾ ਹੈ। cranial ਨਾੜਾਂ pituitary ਗ੍ਰੰਥੀ ਤੇ pineal ਗ੍ਰੰਥੀ ਇਨ੍ਹਾਂ ਸਭ ਨੂੰ ਸਾਫ ਖੂਨ ਮਿਲ ਜਾਂਦਾ ਹੈ। ਇਹ ਹੀ ਨਹੀਂ ਇਸ ਨਾਲ ਲੱਤਾਂ ਦਾ ਗੰਦਾ ਖੂਨ ਪੇਟ ਦਾ ਗੰਦਾ ਖੂਨ ਸੌਖੀ ਤਰ੍ਹਾਂ ਵਾਪਸ ਹਿਰਦੇ ਵਿਚ ਚਲਾ ਜਾਂਦਾ ਹੈ। ਸੋ ਅਸੀਂ ਦੇਖ ਸਕਦੇ ਹਾਂ ਕਿ ਦਿਮਾਗ, ਸਾਰਾ ਨਾੜੀ ਸ਼ਾਸਤਰ ਸਾਰੀ ਨਾੜੀ ਪ੍ਰਣਾਲੀ pituitary ਗ੍ਰੰਥੀ ਤੇ pineal ਗ੍ਰੰਥੀ ਪੂਰਾ ਮੇਹਦਾ ਸਾਰਿਆਂ ਨੂੰ ਇਸ ਆਸਨ ਤੋਂ ਲਾਭ ਪ੍ਰਾਪਤ ਹੁੰਦਾ ਹੈ। ਇਸ ਆਸਨ ਨਾਲ ਤੁਹਾਨੂੰ ਆਪਣੇ ਆਪ ਵਿਚ ਠੀਕ ਮਹਿਸੂਸ ਹੁੰਦਾ ਹੈ ਤੇ ਬਹੁਤ ਵਾਰੀ ਨਾੜੀਆਂ ਦੀ ਕਮਜ਼ੋਰੀ ਵੀ ਠੀਕ ਹੁੰਦੀ ਹੈ, ਬਦਹਜ਼ਮੀ ਠੀਕ ਹੁੰਦੀ ਹੈ, ਕਬਜ਼ ਠੀਕ ਹੁੰਦੀ ਹੈ ਤੇ ਹੋਰ ਕਈ ਬਿਮਾਰੀਆਂ ਠੀਕ ਹੁੰਦੀਆਂ ਹਨ।

ਸ਼ੀਸ਼ ਆਸਨ ਕਿਵੇਂ ਕਰਨਾ ਹੈ।


ਪੈਰਾਂ ਭਾਰ ਬੈਠੋ, ਅੱਗੇ ਝੁਕੋ, ਆਪਣੀਆਂ ਬਾਹਵਾਂ ਦਾ ਅਗਲਾ ਹਿੱਸਾ ਭੁੰਜੇ ਲਗਾਓ, ਬਾਹਵਾਂ ਅੱਗੇ ਹੋਣ ਗੋਡਿਆਂ

ਤੋਂ ਅੱਗੇ ਹੋਣ, ਮੋਢੇ ਜਿੰਨੇ ਖੋਲ੍ਹ ਕੇ ਰੱਖੋਗੇ ਕੂਹਣੀਆਂ ਉਸ ਤੋਂ ਘੱਟ ਖੋਲ੍ਹ ਕੇ ਰੱਖੋ। ਪੂਰਾ ਫਾਸਲਾ ਤੁਸੀਂ ਗੋਡੇ ਇਕੱਠੇ ਰੱਖ ਕੇ ਤੇ ਬਾਹਵਾਂ ਕੂਹਣੀਆਂ ਗੋਡਿਆਂ ਦੇ ਬਾਹਰ ਰੱਖੋ ਜਾਂ ਫੇਰ ਸੱਜਾ ਹੱਥ ਖੱਬੀ ਕੂਹਣੀ ਥੱਲੇ ਰੱਖੋ ਤੇ ਖੱਬਾ ਹੱਥ ਸੱਜੀ ਕੂਹਣੀ ਥੱਲੇ ਰੱਖੋ ਉਂਗਲੀਆਂ ਇਕ ਦੂਸਰੇ ਵਿਚ ਪਾ ਕੇ ਇਕ ਪਿਆਲੇ ਦੀ ਤਰ੍ਹਾਂ ਬਣਾ ਲਵੋ।

2. ਸਿਰ ਦਾ ਅਗਲਾ ਪਾਸਾ ਜਿਥੋਂ ਕੁ ਵਾਲ ਸ਼ੁਰੂ ਹੁੰਦੇ ਹਨ ਉਹ ਇਕ ਚੰਗੇ ਗਦੇਲੇ ਵਾਲੇ ਫਰਸ਼ ਤੇ ਰੱਖੋ ਸਿਰ ਦਾ ਪਿਛਲਾ ਪਾਸਾ ਹੱਥਾਂ ਤੇ ਰੱਖੋ, ਹੌਲੀ ਹੌਲੀ ਪੈਰਾਂ ਨੂੰ ਸਰੀਰ ਦੇ ਕੋਲ ਲੈ ਕੇ ਆਓ ਤੇ ਗੋਡੇ ਛਾਤੀ ਕੋਲ ਲੈ ਕੇ ਆਓ।

3. ਸ੍ਵਾਸ ਅੰਦਰ ਕਰੋ, ਦੋਨੋਂ ਪੈਰ ਜ਼ਮੀਨ ਤੋਂ ਚੁਕੋ, ਗੋਡੇ ਛਾਤੀ ਨਾਲ ਹੀ ਲੱਗੇ ਰਹਿਣੇ ਚਾਹੀਦੇ ਹਨ ਇਸੇ ਤਰ੍ਹਾਂ ਨਾਲ ਆਪਣੇ ਆਪ ਨੂੰ ਨਿਅੰਤਰਣ ਵਿਚ ਲੈ ਕੇ ਆਓ।

4. ਗੋਡੇ ਮੋੜੀ ਰੱਖੋ ਹੌਲੀ ਹੌਲੀ ਪੱਟ ਛਾਤੀ ਤੋਂ ਦੂਰ ਕਰੋ ਉਨ੍ਹਾਂ ਨੂੰ ਧੜ ਦੇ ਬਰਾਬਰ ਲੈ ਕੇ ਆਓ ਗੋਡਿਆਂ ਤੋਂ ਥੱਲੇ ਤੇ ਥੱਲੇ ਦੀਆਂ ਲੱਤਾਂ ਤੇ ਪੈਰ ਨਿਸਲ ਹੀ ਰੱਖੋ।



ਸੀਸ ਆਸਣ (The Headstand)

5. ਲੱਤਾਂ ਸਿੱਧੀਆਂ ਕਰੋ, ਅਡੀਆਂ ਜੋੜ ਕੇ ਰੱਖੋ, ਪੈਰਾਂ ਦੇ ਪੰਜੇ ਉਪਰ ਨੂੰ ਮੁੜੇ ਹੋਣ, ਸਰੀਰ ਦਾ ਭਾਰ ਸਿਰ ਤੇ ਹੋਵੇ, ਅਗਲੀਆਂ ਬਾਹਾਂ ਤੇ ਹੋਵੇ ਭਾਵ ਕੂਹਣੀਆਂ ਤੇ ਹੋਵੇ, ਪੇਟ ਅੰਦਰ ਹੋਵੇ ਤਾਂ ਜੋ ਪਿੱਠ ਨਾ ਮੁੜੇ।

6. ਇਸ ਅੰਦਾਜ਼ ਇਸੇ ਢੰਗ ਵਿਚ ਸਥਿਰ ਹੋ ਜਾਓ ਤੇ ਆਪਣੇ ਸ੍ਵਾਸ ਤੇ ਹੀ ਧਿਆਨ ਲਗਾਓ ਤੇ ਆਪਣੇ ਆਪ ਨੂੰ ਸਥਿਰ ਕਰੋ, ਸ੍ਵਾਸਾਂ ਨੂੰ ਸਥਿਰ ਕਰੋ।

7. ਜਿੰਨੀ ਦੇਰ ਰਹਿ ਸਕਦੇ ਹੋ ਜਿੰਨਾ ਕਰ ਸਕਦੇ ਹੋ ਓਨਾਂ ਹੀ ਕਰੋ ਹੌਲੀ ਹੌਲੀ ਪੰਜ ਮਿੰਟ ਤਕ ਲੈ ਜਾਓ। ਜਦੋਂ ਪੰਜ ਮਿੰਟ ਤਕ ਪਹੁੰਚ ਜਾਓ ਉਦੋਂ ਹੀ ਇਸ ਦਾ ਪੂਰਾ-ਪੂਰਾ ਲਾਭ ਪ੍ਰਾਪਤ ਹੁੰਦਾ ਹੈ ਫੇਰ ਹੌਲੀ ਹੌਲੀ ਘਟਾਓ ਜਿਵੇਂ ਜਿਵੇਂ ਪਹਿਲੇ ਕੀਤਾ ਸੀ ਹੁਣ ਉਸ ਹੀ ਤਰ੍ਹਾਂ ਹੌਲੀ ਹੌਲੀ ਵਾਪਸ ਆਓ, ਸਥਿਲ ਹੋ ਜਾਓ, ਢਿੱਲਾ ਛੱਡ ਦਿਓ।

ਸਰਵਾਂਗ ਆਸਨ - ਮੋਢਿਆਂ ਭਾਰ ਖੜ੍ਹੇ ਹੋਣਾ।

ਮੋਢਿਆਂ ਭਾਰ ਖੜ੍ਹੇ ਹੋਣਾ (Figure - 5) ਇਸ ਨਾਲ Thyroid ਤੇ parathyroid ਗ੍ਰੰਥੀਆਂ ਉਤੇਜਿਤ ਹੁੰਦੀਆਂ ਹਨ। Thyroid ਗ੍ਰੰਥੀ ਸਾਰੇ ਸਰੀਰ ਤੇ ਪ੍ਰਭਾਵ ਪਾਉਂਦੀ ਹੈ ਤੇ ਸਾਰੀ ਪ੍ਰਣਾਲੀ ਦੇ ਕੰਮ ਤੇ ਅਸਰ ਕਰਦੀ ਹੈ ਇਹ ਆਸਨ ਕਰਨ ਨਾਲ ਸਾਰੇ ਸਰੀਰ ਨੂੰ ਲਾਭ ਪਹੁੰਚਦਾ ਹੈ। ਸਾਰੀ ਸਿਹਤ ਠੀਕ ਰਹਿੰਦੀ ਹੈ ਇਸੇ ਕਰਕੇ ਇਸਦਾ ਨਾਂ ਹੈ ਸਰਵਾਂਗ ਆਸਨ (ਸੰਸਕ੍ਰਿਤ ਵਿਚ ਸਰਵ ਦਾ ਅਰਥ ਹੈ ਸਾਰਾ ਪੂਰਾ, ਅੰਗ ਦਾ ਅਰਥ ਹੈ ਸਰੀਰ ਦੇ ਅੰਗ, ਵੱਖ-ਵੱਖ ਭਾਗ) ਇਸ ਆਸਨ ਨਾਲ ਖੂਨ ਦਾ ਪ੍ਰਵਾਹ ਦਿਮਾਗ ਨੂੰ ਨਹੀਂ ਜਾਂਦਾ ਕਿਉਂਕਿ ਠੋਡੀ ਨੂੰ ਤੁਸੀਂ ਛਾਤੀ ਤੇ ਦਬਾ ਦਿੰਦੇ ਹੋ ਤੇ ਜਿਵੇਂ ਸ਼ੀਸ਼ ਆਸਨ ਕਰਦਿਆਂ ਜਿਵੇਂ ਲੱਤਾਂ ਵਿਚੋਂ ਤੇ ਪੇਟ ਵਿਚੋਂ ਗੰਦੇ ਖੂਨ ਦਾ ਬਹਾਅ ਸੌਖ ਹੋ ਜਾਂਦਾ ਹੈ। ਇਹ ਆਸਨ ਕਰਨ ਨਾਲ ਨਾੜੀ ਵਿਕਾਰ ਠੀਕ ਹੁੰਦਾ ਹੈ, ਬਦਹਜ਼ਮੀ ਠੀਕ ਹੁੰਦੀ ਹੈ, ਕਬਜ਼ ਠੀਕ ਹੁੰਦੀ ਹੈ, ਖੂਨ ਦਾ ਦਬਾਅ ਠੀਕ ਹੁੰਦਾ ਹੈ। ਲਿੰਗ ਗ੍ਰੰਥੀਆਂ ਠੀਕ ਹੁੰਦੀਆਂ ਹਨ, ਬਵਾਸੀਰ ਠੀਕ ਹੁੰਦੀ ਹੈ, ਦਮਾ ਸਿਰ ਦਰਦ, ਗਲੇ ਦੀਆਂ ਸਾਰੀਆਂ ਬਿਮਾਰੀਆਂ ਤੇ ਹੋਰ ਕਈ ਆਮ ਬਿਮਾਰੀਆਂ ਠੀਕ ਹੁੰਦੀਆਂ ਹਨ। ਇਸ ਉਪਰੰਤ ਇਹ ਆਸਨ ਸਾਰੇ ਸਰੀਰ ਨੂੰ ਨਰੋਆ ਕਰਦਾ ਹੈ ਤੇ ਬੁਢਾਪੇ ਦੇ ਅਸਰ ਨੂੰ ਘੱਟ ਕਰਦਾ ਹੈ।



ਸਰਵਾਂਗ ਆਸਨ
(The Shoulderstand)

1. ਸਿੱਧੇ ਲੇਟ ਜਾਓ ਬਾਹਵਾਂ ਪਾਸਿਆਂ ਤੇ ਰੱਖੋ, ਹੱਥਾਂ ਦੀਆਂ ਤਲੀਆਂ ਥੱਲੇ ਵਾਲੇ ਪਾਸੇ ਤੇ ਪੈਰ ਇਕੱਠੇ।

2. ਸਾਹ ਬਾਹਰ ਕੱਢੋ ਹੌਲੀ ਹੌਲੀ ਦੋਨੋਂ ਲੱਤਾਂ ਉਪਰ ਲੈ ਕੇ ਜਾਓ ਜਦੋਂ ਤਕ ਉਹ ਫਰਸ਼ ਤੇ ਸਿੱਧੀਆਂ ਨਾ ਖੜ੍ਹੀਆਂ ਹੋਣ। ਕੁਲਾ ਪੱਟ ਉਪਰ ਚੁੱਕੋ ਤੇ ਪੈਰ ਫਰਸ਼ ਵਲ ਲੈ ਕੇ ਆਓ, ਸਿਰ ਦੇ ਪਿਛੋਂ ਲੈ ਕੇ ਆਓ। ਠੋਡੀ ਛਾਤੀ ਨਾਲ ਲੱਗੀ ਰਹੇ ਤਾਲਾ ਲੱਗਿਆ ਰਹੇ।

3. ਹਥੇਲੀਆਂ ਪਿੱਠ ਉਤੇ ਓਨੇ ਉਚੇ ਰੱਖੋ ਜਿਥੋਂ ਤਕ ਤੁਹਾਡੇ ਹੱਥ ਜਾਣ ਉਂਗਲੀਆਂ ਵਿਚਕਾਰ ਹੋਣ, ਕੂਹਣੀਆਂ ਇਕ ਦੂਸਰੇ ਦੇ ਨੇੜੇ ਹੋਣ, ਮੋਢਿਆਂ ਦੀ ਦੂਰੀ ਤੋਂ ਦੂਰ ਨਾ ਹੋਣ।

4. ਸ੍ਵਾਸ ਬਾਹਰ ਛਡਦੇ ਹੋਏ ਦੋਨੋਂ ਲੱਤਾਂ ਉਪਰ ਲੈ ਜਾਓ

5. ਲੱਤਾਂ ਬਿਲਕੁਲ ਸਿੱਧੀਆਂ ਰੱਖੋ, ਲੱਤਾਂ ਦਾ ਪਿਛਲੇ ਪਾਸੇ ਗੋਡੇ ਦੇ ਪਿਛੇ ਦੀ ਮੋਟੀ ਨਸ ਨੂੰ ਸਖਤ ਕਰੋ। ਪੱਟਾਂ ਦੇ ਪੱਠੇ ਨੂੰ ਅਕੜਾਓ। ਪੇਟ ਬਾਹਰ ਨੂੰ ਕੱਢੋ। ਸਾਰਾ ਸਰੀਰ ਜ਼ਮੀਨ ਤੇ ਸਿੱਧਾ ਖੜ੍ਹਾ ਹੋਵੇ।

6. ਜਿਨ੍ਹਾਂ ਕਰ ਸਕਦੇ ਹੋ ਸਾਹ ਰੋਕੋ। ਆਸਨ ਦਾ ਪੂਰਾ ਲਾਭ ਲੈਣ ਲਈ ਪੰਜ ਮਿੰਟ ਰੋਕ ਕੇ ਰੱਖੋ।

7. ਬਾਹਵਾਂ ਧਰਤੀ ਤੇ ਸਿੱਧੀਆਂ ਕਰੋ ਹਥੇਲੀਆਂ ਥੱਲੇ ਕਰੋ, ਫੇਰ ਹੌਲੀ ਹੌਲੀ ਪਿੱਠ ਫਰਸ਼ ਤੇ ਕਰੋ, ਇਸ ਤਰ੍ਹਾਂ ਮਾਨੋ ਇਕ ਇਕ ਰੀੜ੍ਹ ਦੀ ਹੱਡੀ ਤੁਸੀਂ ਥੱਲੇ ਕਰ ਰਹੇ ਹੋ।

8. ਸ੍ਵਾਸ ਅੰਦਰ ਕਰੋ ਤੇ ਲੱਤਾਂ ਫਰਸ਼ ਤੇ ਸਿੱਧੀਆਂ ਕਰੋ।

9. ਨਿਸਲ ਹੋ ਜਾਓ ਤੇ ਲੰਮਾ ਸ੍ਵਾਸ ਲਵੋ ਤੇ ਫਰਸ਼ ਤੇ ਸਿੱਧੇ ਲੇਟ ਜਾਓ।

ਮਾਤਸਿਆ ਆਸਨ

ਇਹ ਆਸਨ (Fig.-6) ਬਿਕੁਲ ਉਸ ਤਰ੍ਹਾਂ ਹੀ ਹੈ ਜਿਵੇਂ ਮੋਢਿਆਂ ਤੇ ਖੜ੍ਹੇ ਹੋਣਾ ਤੇ ਇਹ ਉਸ ਤੋਂ ਬਾਅਦ ਹੀ ਕੀਤਾ ਜਾਂਦਾ ਹੈ, ਉਸ ਤੋਂ ਬਾਅਦ ਵਿਚ ਕਰਨ ਨਾਲ ਹੀ ਇਸ ਦਾ ਪੂਰਾ ਲਾਭ ਲੈ ਸਕਦੇ ਹਾਂ, ਮਾਤਸਿਆਂ ਆਸਨ Thyroid ਤੇ paratnyroid ਨੂੰ ਉਤੇਜਿਤ ਕਰਦੇ ਹਨ। ਇਸਨੂੰ ਕਰਨ ਨਾਲ ਗਰਦਨ ਦੀ ਅਕੜਾਹਟ ਖਤਮ ਹੁੰਦੀ ਹੈ ਪਿੱਠ ਦੀ ਅਕੜਾਹਟ ਖਤਮ ਹੁੰਦੀ ਹੈ ਖੂਨ ਦਾ ਦੌਰਾ ਠੀਕ ਕਰਦੀ ਹੈ, ਕਿਉਂਕਿ ਛਾਤੀ ਫੈਲ ਜਾਂਦੀ ਹੈ ਤੇ ਸ੍ਵਾਸ ਲੈਣੇ ਸੌਖੇ ਹੋ ਜਾਂਦੇ ਹਨ ਚੂਲੇ ਦੇ ਜੋੜ ਵੀ ਵਧੇਰੇ ਲਚਕਦਾਰ ਹੋ ਜਾਂਦੇ ਹਨ। ਇਸ ਆਸਨ ਦੀ ਵਰਤੋਂ ਜ਼ੁਕਾਮ ਠੀਕ ਕਰਨ ਲਈ, ਗਲਾ ਠੀਕ ਕਰਨ ਲਈ ਤੇ ਬਵਾਸੀਰ ਲਈ ਕੀਤੀ ਜਾਂਦੀ ਹੈ।

1. ਪਦਮ ਆਸਨ ਵਿਚ ਬੈਠੋ

2. ਪਿੱਠ ਭਾਰ ਲੇਟ ਜਾਓ ਗੋਡਿਆਂ ਨੂੰ ਜ਼ਮੀਨ ਤੇ ਹੀ ਲੱਗੇ ਰਹਿਣ ਦਿਓ।

3. ਪੂਰੀ ਤਰ੍ਹਾਂ ਨਾਲ ਸ੍ਵਾਸ ਬਾਹਰ ਕੱਢੋ ਫੇਰ ਅੰਦਰ ਲਵੋ ਕੂਹਣੀਆਂ ਭਾਰ ਹੋ ਕੇ ਛਾਤੀ ਉਪਰ ਕਰੋ ਸਿਰ ਪਿਛੇ ਕਰੋ ਤੇ ਸਿਰ ਦਾ ਪਿਛਲਾ ਪਾਸਾ ਥੱਲੇ ਜ਼ਮੀਨ ਤੇ ਲਗਾਓ ਉਪਰ ਵਾਲਾ ਹਿੱਸਾ ਭਾਵ ਛਾਤੀ ਦਾ ਤੀਰ ਕਮਾਨ ਬਣਿਆ ਰਹੇ। ਇਹ ਦੇਖੋ ਕਿ ਸਰੀਰ ਦਾ ਭਾਰ ਸਿਰ ਤੇ ਪਵੇ, ਗਰਦਨ ਨੂੰ ਪੂਰੀ ਤਰ੍ਹਾਂ ਖਿੱਚ ਕੇ ਰੱਖੋ, ਪੈਰਾਂ ਦੇ ਪੰਜੇ ਹੱਥਾਂ ਨਾਲ ਫੜ ਕੇ ਰੱਖੋ ਤੇ ਲੰਮੇ ਸਾਹ ਲਵੋ।

4. ਸਰੀਰ ਨੂੰ ਕੂਹਣੀਆਂ ਦੇ ਭਾਰ ਤੇ ਪਾ ਦਿਓ ਸ੍ਵਾਸ ਬਾਹਰ ਕੱਢੋ ਸਿਰ ਦੇ ਭਾਰ ਨੂੰ ਹਲਕਾ ਕਰੋ। ਗਰਦਨ ਦੇ ਭਾਰ ਨੂੰ ਹਲਕਾ ਕਰੋ ਤੇ ਪੂਰੀ ਤਰ੍ਹਾਂ ਫਰਸ਼ ਤੇ ਲੇਟ ਜਾਓ ਤੇ ਨਿਸਲ ਹੋ ਜਾਓ।



Fig. - 6 ਮਾਤਸਯ ਆਸਨ

ਹਲ ਆਸਨ – ਇਸ ਆਸਨ ਨਾਲ ਰੀੜ੍ਹ ਦੀ ਹੱਡੀ ਨੂੰ ਲਾਭ ਪਹੁੰਚਦਾ ਹੈ ਤੇ ਨਾੜੀਆਂ ਨੂੰ ਲਾਭ ਪਹੁੰਚਦਾ ਹੈ ਜੇ ਰੀੜ੍ਹ ਦੀ ਹੱਡੀ ਠੀਕ ਰਵੇ ਤਾਂ ਸਾਰਾ ਸਰੀਰ ਹੀ ਠੀਕ ਤੇ ਸੁਅਸਥ ਰਹਿੰਦਾ ਹੈ। ਇਸ ਆਸਨ ਨਾਲ Thyroid ਤੇ parathyroid ਗ੍ਰੰਥੀਆਂ ਨੂੰ ਉਤੇਜਨਾ ਮਿਲਦੀ ਹੈ। ਇਸਦੇ ਕਰਨ ਨਾਲ ਪੇਟ ਦੇ ਪੱਠੇ ਵੀ ਸੁੰਗੜਦੇ ਹਨ ਤੇ ਮੇਹਦਾ ਵੀ ਠੀਕ ਹੁੰਦਾ ਹੈ, ਇਹ ਆਸਨ ਰੀੜ੍ਹ ਦੀ ਹੱਡੀ ਠੀਕ ਕਰਨ ਲਈ ਕੀਤਾ ਜਾਂਦਾ ਹੈ। ਕਬਜ਼ ਠੀਕ ਕਰਨ ਲਈ ਇਹ ਆਸਨ ਬਹੁਤ ਹੀ ਲਾਭਦਾਇਕ ਹੈ। ਜੋੜਾਂ ਦੇ ਦਰਦ ਲਈ, ਮਿਹਦੇ ਲਈ, ਗੁਰਦਿਆਂ, ਸਿਰ ਦਰਦ ਲਈ ਅਤਿ ਲਾਭਦਾਇਕ ਹੈ ਇਸ ਦੇ ਨਾਲ ਹੀ ਥਕਾਵਟ ਵੀ ਦੂਰ ਹੁੰਦੀ ਹੈ।

1. ਪਿੱਠ ਦੇ ਭਾਰ ਲੇਟ ਜਾਓ ਪੈਰ ਜੋੜ ਲਵੋ ਤੇ ਹੱਥ ਫਰਸ਼ ਤੇ ਰੱਖੋ।

2. ਹੌਲੀ ਹੌਲੀ ਲੱਤਾਂ ਉਪਰ ਕਰੋ ਬਿਲਕੁਲ ਸਿੱਧੀਆਂ ਰੱਖੋ, ਧੜ ਉਪਰ ਚੁੱਕੋ ਲੱਤਾਂ ਸਿੱਧੀਆਂ ਰੱਖੋ, ਇਕੱਠੀਆਂ ਕਰਕੇ ਰੱਖੋ, ਹੁਣ ਪੈਰਾਂ ਦੇ ਪੰਜੇ ਸਿਰ ਕੋਲ ਲਿਆ ਕੇ ਧਰਤੀ ਤੇ ਲਿਆਓ, ਬਹੁਤ ਹੀ ਹੌਲੀ ਹੌਲੀ ਸਾਰੀ ਕਲਾ ਬਹੁਤ ਹੀ ਹੌਲੀ ਹੌਲੀ ਤੇ ਸੋਹਣੇ ਤਰੀਕੇ ਨਾਲ ਕਰੋ।

3. ਜਦੋਂ ਇਹ ਪੂਰਾ ਹੋ ਜਾਵੇ ਦੋ ਚਾਰ ਸਕਿੰਟ ਰੱਖੋ ਤੇ ਫੇਰ ਪੰਜਿਆਂ ਨੂੰ ਹੌਲੀ ਹੌਲੀ ਹੋਰ ਅੱਗੇ ਕਰੋ ਸਿਰ ਤੋਂ ਅੱਗੇ ਲੈ ਜਾਓ। ਦਬਾਓ ਮਹਿਸੂਸ ਕਰੋ ਪਹਿਲਾ ਦਬਾਓ ਸਿਰ ਦੇ ਪਿੱਛੇ ਤੇ ਫੇਰ ਗਰਦਨ ਦੇ ਥੱਲੇ ਦਬਾਓ ਮਹਿਸੂਸ ਕਰੋ, ਇਸ ਤਰ੍ਹਾਂ ਕਰਨ ਨਾਲ ਠੋਡੀ ਬਿਲਕੁਲ ਛਾਤੀ ਨਾਲ ਲਗ ਜਾਂਦੀ ਹੈ ਤੇ ਬੰਨ੍ਹ ਲਗ ਜਾਂਦਾ ਹੈ।

4. ਬਾਹਵਾਂ ਸਿਰ ਦੇ ਉਤੇ ਰੱਖੋ, ਉਂਗਲੀਆਂ ਪੰਜਿਆਂ ਵਲ ਹੋਣ ਤੇ ਸਾਧਾਰਣ ਤਰੀਕੇ ਨਾਲ ਸ੍ਵਾਸ ਲਵੋ।

5. ਪੰਜੇ ਮੁੜ ਕੇ ਫੇਰ ਆਪਣੀ ਜਗ੍ਹਾ ਤੇ ਲੈ ਕੇ ਆਓ ਭਾਵ ਸਿਰ ਦੇ ਕੋਲ ਲੈ ਕੇ ਆਓ ਏਸੇ ਤਰ੍ਹਾਂ 20 ਤੋਂ 30 ਸੈਕਿੰਡ ਲੇਟੇ ਰਹੋ ਤੇ ਫੇਰ ਜਿਵੇਂ ਜਿਵੇਂ ਏਸ ਅਵਸਥਾ ਵਿਚ ਆਏ ਸੀ ਉਸ ਤਰ੍ਹਾਂ ਹੀ ਵਾਪਸ ਜਾਓ ਤੇ ਨਿਸਲ ਹੋ ਜਾਓ।



ਹਲ ਆਸਨ

Fig 7. Halasana - The plough Posture

ਹੁਣ ਅਸੀਂ ਅਗਲੇ ਤਿੰਨ ਆਸਨ ਦੇਖਦੇ ਹਾਂ –

1. ਭੁਜੰਗ ਆਸਨ ਜਿਸਨੂੰ ਕੋਬਰਾ ਆਸਣ ਵੀ ਕਿਹਾ ਜਾਂਦਾ ਹੈ।

2. ਸ਼ਲਭ ਆਸਨ ਇਸਨੂੰ ਟਿੱਡੀ ਜਾਂ ਮਕੜੀ ਆਸਨ ਵੀ ਕਹਿੰਦੇ ਹਨ।

3. ਧਨੁਸ਼ ਆਸਨ ਭਾਵ ਕਮਾਨ ਆਸਨ।

ਇਨ੍ਹਾਂ ਤਿੰਨਾਂ ਨੂੰ ਇਕੱਠਾ ਕਰ ਦਿਤਾ ਗਿਆ ਹੈ ਕਿਉਂਕਿ ਇਹ ਤਿੰਨੋ ਹੀ ਰੀੜ੍ਹ ਦੀ ਹੱਡੀ ਨੂੰ ਪਿਛੇ ਮੋੜਦੇ ਹਨ ਤੇ ਪੇਟ ਦੇ ਪੱਠਿਆਂ ਨੂੰ ਖਿੱਚਦੇ ਹਨ ਕੋਬਰਾ ਸਥਿਤੀ ਵਿਚ ਤੇ ਕਮਾਨ ਦੀ ਸਥਿਤੀ ਵਿਚ ਪਿੱਠ ਦੇ ਪੱਠਿਆਂ ਦੀ ਵੀ ਵਰਜਿਸ਼ ਹੁੰਦੀ ਹੈ, ਪਿੱਠ ਦੇ ਪੱਠਿਆਂ ਦਾ, ਰੀੜ੍ਹ ਦੀ ਹੱਡੀ ਦਾ ਤੇ ਨਾੜੀਆਂ ਦਾ ਖੂਨ ਦਾ ਦੌਰਾ ਵਧਦਾ ਹੈ, ਛਾਤੀ ਚੌੜੀ ਹੁੰਦੀ ਹੈ। ਸ੍ਵਾਸ ਭਰਪੂਰ ਤਰੀਕੇ ਨਾਲ ਲਏ ਜਾਂਦੇ ਹਨ। ਟਿੱਡੀ ਆਸਨ ਦੀ ਸਥਿਤੀ ਵਿਚ ਸ੍ਵਾਸ ਰੋਕੇ ਜਾਂਦੇ ਹਨ ਜਿਸ ਨਾਲ ਫੇਫੜਿਆਂ ਤੇ ਵਧੇਰੇ ਦਬਾਅ ਪੈਂਦਾ ਹੈ ਤੇ ਫੇਫੜਿਆਂ ਦਾ ਫੈਲਣਾ ਤੇ ਸੁਕੜਨਾ ਠੀਕ ਰਹਿੰਦਾ ਹੈ। ਇਨ੍ਹਾਂ ਆਸਨਾ ਨੂੰ ਕਰਨ ਨਾਲ ਪੇਟ ਠੀਕ ਰਹਿੰਦਾ ਹੈ, ਮੇਹਦਾ ਠੀਕ ਰਹਿੰਦਾ ਹੈ, ਗੁਰਦੇ ਠੀਕ ਰਹਿੰਦੇ ਹਨ, ਪੇਟ ਦੀਆਂ ਆਂਤੜੀਆਂ ਠੀਕ ਰਹਿੰਦੀਆਂ ਹਨ। ਕਬਜ਼ ਠੀਕ ਹੁੰਦੀ ਹੈ ਤੇ ਪੇਟ ਦੇ ਹੋਰ ਸਾਰੇ ਵਿਕਾਰ ਦੂਰ ਹੁੰਦੇ ਹਨ। ਟਿੱਡੀ ਆਸਨ ਤੇ ਧਨੁਸ਼ ਆਸਨ ਵੀ ਰੀੜ੍ਹ ਦੀ ਹੱਡੀ ਤੇ slip disc ਠੀਕ ਕਰਨ ਲਈ ਕੀਤਾ ਜਾਂਦਾ ਹੈ।

ਭਜੁੰਗ ਆਸਨ (ਕੋਬਰਾ ਆਸਨ)

1. ਪੇਟ ਭਾਰ ਲੇਟ ਜਾਓ ਮੱਥਾ ਫਰਸ਼ ਤੇ ਲਗਾ ਲਓ।



Fig 8. Bhujangasana - The Cobra

2. ਹੱਥਾਂ ਦੀਆਂ ਤਲੀਆਂ ਚਾਤੀ ਦੇ ਨਾਲ ਰੱਖੋ, ਕੂਹਣੀਆਂ ਸਰੀਰ ਦੇ ਨਾਲ ਜੋੜ ਕੇ ਰੱਖੋ, ਪੈਰ ਦੇ ਪੰਜੇ ਸਰੀਰ ਤੋਂ ਦੂਰ ਰੱਖੋ, ਅੱਡੀਆਂ ਨੂੰ ਜੋੜ ਕੇ ਰੱਖੋ।

3. ਸ੍ਵਾਸ ਅੰਦਰ ਲੈਂਦੇ ਹੋਏ ਹੌਲੀ ਹੌਲੀ ਸਿਰ ਉਪਰ ਕਰੋ ਇਸ ਤਰ੍ਹਾਂ ਪਿੱਠ ਉਪਰ ਹੋਏ ਕਿ ਜਿਵੇਂ ਰੀਡ੍ਹ ਦੀ ਹੱਡੀ ਦਾ ਇਕ ਮਣਕਾ ਇਕ ਵਾਰੀ ਵਿਚ ਤੁਸੀਂ ਉਪਰ ਕਰ ਰਹੇ ਹੋ, ਪਿੱਠ ਦੇ ਪੱਠਿਆਂ ਦੀ ਵਰਤੋਂ ਕਰੋ, ਧੁੰਨੀ ਧਰਤੀ ਤੇ ਹੀ ਲੱਗੀ ਰਹੇ ਪੇਟ ਦੇ ਪੱਠੇ ਚੰਗੀ ਤਰ੍ਹਾਂ ਨਾਲ ਦੱਬੇ ਜਾਣ। ਲੱਤਾਂ ਬਿਲਕੁਲ ਨਿਸਲ ਹੋਣ, ਅੱਡੀਆਂ ਜੁੜੀਆਂ ਹੋਣ। ਬਾਹਵਾਂ ਤੇ ਕੋਈ ਭਾਰ ਨਾ ਪਵੇ ਕੇਵਲ ਪਿੱਠ ਦੇ ਹੇਠਲੇ ਹਿੱਸੇ ਤੇ ਹੀ ਭਾਰ ਪਵੇ, ਉਨ੍ਹਾਂ ਤੇ ਭਾਰ ਪਾ ਕੇ ਹੀ ਸਿਰ ਤੇ ਚਾਤੀ ਚੁਕੀ ਜਾਵੇ।

4. ਜਿੰਨੀ ਦੇਰ ਤਕ ਇਸ ਸਥਿਤੀ ਵਿਚ ਰਹਿ ਸਕਦੇ ਹੋ ਰਹੋ।

5. ਸ੍ਵਾਸ ਬਾਹਰ ਕੱਢਦੇ ਹੋਏ ਹੌਲੀ ਹੌਲੀ ਛਾਤੀ ਥੱਲੇ ਕਰੋ, ਧਰਤੀ ਤੇ ਲਗਾਓ ਪਿੱਠ ਦਾ ਇਕ ਮਣਕਾ ਇਕ ਵਾਰੀ ਥੱਲੇ ਲੱਗੇ।

6. ਲੰਮਾ ਸ੍ਵਾਸ ਲੈ ਕੇ ਨਿਸਲ ਹੋ ਜਾਓ ਤੇ ਸਮਾਨ ਸ੍ਵਾਸ ਲੈਣੇ ਸ਼ੁਰੂ ਕਰੋ।

« « « « « « « «

(ਇਥੋਂ ਕੱਟ ਕੇ ਭੇਜੋ ਜੀ)

ਬੇਨਤੀ ਹੈ ਕਿ ਜੇ ਆਪ ਜੀ ਹੁਣ ਤੱਕ ਆਤਮ ਮਾਰਗ ਪਤ੍ਰਿਕਾ ਦੇ ਮੈਂਬਰ ਨਹੀਂ ਬਣੇ ਤਾਂ ਇਸ ਫਾਰਮ ਨੂੰ ਭਰ ਕੇ ਮੈਂਬਰਸ਼ਿਪ ਪ੍ਰਾਪਤ ਕਰਨ ਦੀ ਕ੍ਰਿਪਾਲਤਾ ਕਰੋ ਜੀ। ਜੇ ਤੁਸੀਂ ਪਹਿਲਾਂ ਮੈਂਬਰ ਹੋ ਅਤੇ ਰਿਨਿਊਵਲ ਦਾ ਸਮਾਂ ਆ ਗਿਆ ਹੈ ਤਾਂ ਤੁਸੀਂ ਇਸ ਫਾਰਮ ਨੂੰ ਭਰ ਕੇ ਚੈਕ ਦੇ ਨਾਲ ਭੇਜੋ ਜੀ।

ਆਤਮ ਮਾਰਗ
Monthly Magazine ਮਾਸਿਕ ਪਤ੍ਰਿਕਾ

SUBSCRIPTION (ਦੇਸ਼)

ਸਾਲਾਨਾ	ਜੀਵਨ ਕਾਲ	ਫੀ ਕਾਪੀ
200/-	2000/-	20/-
240/-	2040/-	

SUBSCRIPTION ਵਿਦੇਸ਼

	Annual	Life
U.S.A.	50 US$	500 US$
U.K.	30 £	300 £
Aus.	80 $	800 $
Europ	50 Euro	500 Euro

MEMBERSHIP FORM ✓ ☐ ਨਵੀਂ ਮੈਂਬਰਸ਼ਿੱਪ ☐ ਰਿਨੀਊਵਲ ☐ ਲਾਈਫ ਮੈਂਬਰਸ਼ਿਪ

Order from for back Issus

ਜਨਵਰੀ ☐
ਫਰਵਰੀ ☐
ਮਾਰਚ ☐
ਅਪ੍ਰੈਲ ☐
ਮਈ ☐
ਜੂਨ ☐
ਜੁਲਾਈ ☐
ਅਗਸਤ ☐
ਸਤੰਬਰ ☐
ਅਕਤੂਬਰ ☐
ਨਵੰਬਰ ☐
ਦਸੰਬਰ ☐

ਨਾਮ/Name .....

ਪਤਾ/Address .....

.....

.....

.....Pin Code.....

Phone..... E-mail :.....

ਮੈਂ.....ਰੁਪਏ ਮਨੀਆਰਡਰ/ਬੈਂਕ ਡਰਾਫਟ/ਚੈਕ ਨੰ.....ਮਿਤੀ.....ਰਾਹੀਂ ਭੇਜ ਰਿਹਾ ਹਾਂ।

ਦਸਖਤ.....

ATAM MARG MONTHLY MAGAZINE
Gurdwara Ratwara Sahib, P.o. Mullanpur Garibdas, Distt. S.A.S. Nagar (Mohali) Pin - 140901 (Pb.) India
Phone : 0160-2255002, 0160-2255009, Email : atammarg1@yahoo.co.in, www.ratwarasahib.org

ਰਤਵਾੜਾ ਸਾਹਿਬ ਵਿਖੇ ਮਹਾਂਪੁਰਸ਼ਾਂ ਦੇ ਦੀਵਾਨਾਂ ਦਾ ਪ੍ਰੋਗਰਾਮ

ਐਤਵਾਰ – 01, 08, 15, 22, 29 ਅਕਤੂਬਰ।

ਸੰਗਰਾਂਦ – 17 ਅਕਤੂਬਰ, ਦਿਨ ਮੰਗਲਵਾਰ।

ਪੂਰਨਮਾਸ਼ੀ – 7 ਅਕਤੂਬਰ, ਦਿਨ ਸ਼ਨੀਵਾਰ।
(ਸਮਾਂ ਦੁਪਹਿਰ 12 ਵਜੇ ਤੋਂ ਸ਼ਾਮ 3.30 ਵਜੇ ਤੱਕ)

ਅੰਮ੍ਰਿਤ ਸੰਚਾਰ – ਹਰੇਕ ਪੂਰਨਮਾਸ਼ੀ ਨੂੰ ਗੁਰਦਵਾਰਾ ਈਸ਼ਰ ਪ੍ਰਕਾਸ਼, ਰਤਵਾੜਾ ਸਾਹਿਬ ਵਿਖੇ ਦਿਨ ਦੇ 12.00 ਵਜੇ ਹੁੰਦਾ ਹੈ।

ਨਿਰਮਲ ਡੇਰਾ ਹਿਰਦਾਪੁਰ ਖੇੜੀ – ਮਹੀਨੇ ਦੇ ਆਖਰੀ ਸ਼ਨਿੱਚਰਵਾਰ 28 ਅਕਤੂਬਰ 2006, ਸਮਾਂ ਦਿਨ ਦੇ – 11.00 ਵਜੇ ਤੋਂ 1.00 ਵਜੇ ਤੱਕ ਦੀਵਾਨ ਸਜਦਾ ਹੈ।

ਸੂਚਨਾ

ਸੰਤ ਮਹਾਰਾਜ 'ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ' ਮੈਮੋਰੀਅਲ ਹਸਪਤਾਲ ਰਤਵਾੜਾ ਸਾਹਿਬ ਦੀ ਕਾਰ ਸੇਵਾ ਚਲ ਰਹੀ ਹੈ। ਜਿਨ੍ਹਾਂ ਵੀ ਪ੍ਰੇਮੀਆਂ ਨੇ ਹਸਪਤਾਲ ਵਾਸਤੇ ਮਾਇਆ ਭੇਜਣੀ ਹੋਵੇ ਉਹ ਹਸਪਤਾਲ ਅਕਾਊਂਟ ਨੰਬਰ SB-18177 A/C ਵਿਚ ਚੈਕ, ਮਨੀਆਰਡਰ, ਡਰਾਫਟ ਆਦਿ ਰਾਹੀਂ ਮਾਇਆ ਭੇਜਣ ਦੀ ਕ੍ਰਿਪਾਲਤਾ ਕਰਨ –

Postal Address

Vishav Gurmat Roohani Mission Charitable Trust, (Hospital A/c)

Gurdwara Ishar Parkash

Ratwara Sahib

P.O. Mullanpur Garibdass

Teh. Kharar, Via : Chandigarh.

Distt. S.A.S Nagar (Mohali) (Pb)-140901(India)

ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ

ਦੇ ਬਾਨੀ ਸੰਤ ਬਾਬਾ ਵਰਿਆਮ ਸਿੰਘ ਜੀ ਵੱਲੋਂ ਲਿਖਤ ਅਤੇ ਪ੍ਰਕਾਸ਼ਿਤ ਪੁਸਤਕਾਂ

ਇਹ ਪੁਸਤਕਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੂੜ੍ਹ ਸਿਧਾਂਤਾਂ ਨੂੰ ਭਲੀਭਾਂਤ ਨਿਖਾਰ ਕੇ ਪੇਸ਼ ਕਰਦੀਆਂ ਹਨ। ਇਨ੍ਹਾਂ ਵਿਚ ਨਾਮ, ਸੇਵਾ ਤੇ ਸਿਮਰਨ ਦੀਆਂ ਜੁਗਤੀਆਂ ਨੂੰ ਜਨ ਸਾਧਾਰਣ ਦੀ ਬੋਲੀ ਵਿਚ ਅੰਕਿਤ ਕੀਤਾ ਗਿਆ ਹੈ ਜੋ ਹਰ ਗੁਰਸਿੱਖ ਜਗਿਆਸੂ ਲਈ ਅਮੋਲਕ ਖਜ਼ਾਨਾ ਹੈ। ਆਤਮਿਕ ਸੁੱਖ-ਸ਼ਾਂਤੀ ਲਈ ਇਨ੍ਹਾਂ ਨੂੰ ਪ੍ਰਾਪਤ ਕਰਕੇ ਆਪ ਪੜ੍ਹੋ ਅਤੇ ਹੋਰਨਾਂ ਨੂੰ ਪੜ੍ਹਾਓ। ਜੋ ਕਿ ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਵਿਖੇ ਉਪਲਬਧ ਹਨ।

		ਪੰਜਾਬੀ	ਹਿੰਦੀ
1.	ਸੁਰਤਿ ਸਬਦਿ ਮਾਰਗ	50/	70/-
2.	ਕਿਵ ਕੂੜੈ ਤੁਟੈ ਪਾਲਿ	40/-	35/-
3.	ਬਾਤ ਅਗੰਮ ਕੀ – ਸੱਤ ਭਾਗਾਂ ਵਿਚ	155/-	235/-
4.	ਕਿਵ ਸਚਿਆਰਾ ਹੋਈਐ – ਭਾਗ ਪਹਿਲਾ	30/-	35/-
5.	ਕਿਵ ਸਚਿਆਰਾ ਹੋਈਐ – ਭਾਗ ਦੂਜਾ	60/-	65/-
6.	ਕਿਵ ਸਚਿਆਰਾ ਹੋਈਐ – ਭਾਗ ਤੀਜਾ	100/-	100/-
7.	ਹੋਵੈ ਅਨੰਦੁ ਘਣਾ	25/-	30/-
8.	ਚਉਥੈ ਪਹਰਿ ਸਬਾਹ ਕੈ	55/-	60/-
9.	ਸੁਰਤਿਆਂ ਉਪਜੈ ਚਾਉ	40/-	40/-
10.	ਬਾਬਾਣੀਆਂ ਕਹਾਣੀਆਂ	50/-	50/-
11.	ਸਰਬ ਪ੍ਰਿਅ ਗੁਰੂ ਗੋਬਿੰਦ ਸਿੰਘ	10/-	10/-
12.	ਅੰਮ੍ਰਿਤ ਫੁਹਾਰ	10/-	10/-
13.	ਅਗੰਮ ਅਗੋਚਰ ਦਾ ਮਾਰਗ	60/-	70/-
14.	ਪੁਰਾਤਨ ਟੀਕਾ – ਜਪੁਜੀ ਸਾਹਿਬ	10/-	15/-
15.	ਅਮਰ ਜੋਤਾਂ	15/-	15/-
16.	ਗੁਰਮਤਿ ਪ੍ਰਚਾਰ ਦਾ ਸਰੋਤ-ਰਤਵਾੜਾ ਸਾਹਿਬ	5/-	5/-
17.	ਹਿਮਾਲੀਆ ਦੇ ਸੰਤਾਂ ਦੇ ਸੰਗ ਨਿਵਾਸ	70/-	
18.	ਅਮਰ ਗਾਥਾ	100/-	100/-
19.	ਧਰਮ ਯੁਧ ਕੇ ਚਾਇ	50/-	
20.	ਪਵਿਤਰ ਪੈਂਡਾ	25/-	
21.	ਭਗਤ ਪ੍ਰਹਿਲਾਦ	10/-	10/-
22.	ਵੈਸਾਖੀ	10/-	
23.	ਰਾਜ ਯੋਗ	40/-	
24.	ਸਾਜਨ ਚਲੇ ਪਿਆਰਿਆ	10/-	10/-
25.	ਅਬਿਨਾਸੀ ਜੋਤ ਭਾਗ-1	90/-	
26.	ਅਬਿਨਾਸੀ ਜੋਤ ਭਾਗ-2	90/-	
27.	ਰੂਹਾਨੀ ਗੁਲਦਸਤਾ -1	60/-	
28.	ਰੂਹਾਨੀ ਗੁਲਦਸਤਾ – 2	60/-	
29.	ਸੰਤ ਤੁਮਾਰੇ ਤੁਮਰੇ ਪ੍ਰੀਤਮ	50/-	
30.	ਅੰਮ੍ਰਿਤ ਬਚਨ ਸਾਧ ਕੀ ਬਾਣੀ	80/-	
31.	ਗੁਰੂ ਅਮਰਦਾਸ ਪਰਸੀਐ	50/-	
32.	ਭਗਵਤ ਗੀਤਾ.....।	100/-	
33.	ਬਿਨ ਗੁਰ ਮੁਕਤਿ ਨ ਹੋਵਈ	10/-	

	English Version	Price
1.	Baisakhi	Rs. 5/-
2.	How Rend The Veil of Untruth	Rs. 70/-
C.	Discourses on the Beyond-1	Rs 50/-
4.	Discourses on the Beyond -2	Rs. 50/-
5.	Discourses on the Beyond -3	Rs. 50/-
6.	Discourses on the Beyond -4	Rs. 60/-
7.	Discourses on the Beyond -5	Rs. 60/-
8.	The way to the imperceptible	Rs. 80/-
9.	The Lights Immortal	Rs. 20/-
10.	Transcendental Bliss	Rs. 70/-
11.	How to Know Thy Real Self-(Vol-1)	Rs. 80/-
12.	How to Know Thy Real Self-(Vol-2)	Rs. 80/-
13.	How to Know Thy Real Self-(Vol-3)	Rs. 110/-
14.	The Dawn of Khalsa Ideals	Rs. 10/-
15.	A Glimpse of His Holiness - Baba ji	Rs. 5/-

Location Road Map



Note for NRI : Please inform us before landing to INDIA about your flight, times and numbers, so that Gurdwara Transport will help you to pickup from Delhi and Amritsar airport.



Address for Enquiry Money Order & correspondence :- Vishav Gurmat Roohani Mission Charitable Trust, Ratwara Sahib

P.o. Mullanpur Garibdas, Teh.Kharar, Distt. S.A.S. Nagar Mohali-140901(Pb.) INDIA

Tel. 01602255001, Mobile : 9417214378-91, Fax : 0160-2255009, Email : atammarg@glide.net.in

RNI 61816/95

Postal Regd. No. CHD/0081/2006
PP/CHD-3/003